# PUNJAB VIDHAN SABHA
# DEBATES


*Wednesday, the 4th March, 2020*

Vol. XI - No. 9

OFFICIAL REPORT


## CONTENTS


| | Page |
|---|---|
| Starred Questions and Answers | (9) 1 |
| Short Notice Question and Answer | (9) 35 |
| Matters raised during Zero Hour and Statements made by the Ministers thereon | (9) 37 |
| Walk Out | (9) 41 |
| Matters raised during Zero Hour and Statements made by the Ministers thereon *(Resumption)* | (9) 41 |
| Calling Attention Notices under Rule 66 | (9) 55 |
| Walk Out | (9) 56 |
| Calling Attention Notices under Rule 66 *(Resumption)* | (9) 57 |
| Short Adjournment of the House | (9) 58 |
| Motion regarding Breach of Privilege | (9) 58 |
| Calling Attention Notices under Rule 66 *(Resumption)* | (9) 64 |
| Motion under Rule 16 | (9) 67 |
| Papers laid on the table of the House | (9) 67 |
| Presentation of Report of the Committee | (9) 68 |



**Punjab Vidhan Sabha Secretariat**

***Price: Rs.__________***

**Financial Business :**

(i) Discussion and voting on Demands for the Grants Relating to the Budget Estimates for the Year 2020-21 (9) 68

(ii) The Appropriation (No.2) Bill, 2020 (9) 83

Motion regarding Constitution of Elected Committees for the Year 2020-21 (9) 86

**Legislative Business :**

1. The Punjab Private Health Sciences Educational Institutions (Regulation of Admission, Fixation of Fee And Making of Reservation) Amendment Bill, 2020 (9) 88
2. The Punjab Prisons Development Board Bill, 2020 (9) 94
3. The Punjab Management And Transfer of Municipal Properties Bill, 2020 (9) 102
4. The Punjab Fiscal Responsibility And Budget Management (Amendment) Bill, 2020 (9) 109

Clarification Reg. The Allegations Levelled By Shiromani Akali Dal MLAs against Sardar Kusaldeep Singh Kiki Dhillon, Advisor/Chief Minister And Sardar Gurpreet Singh Kangar, Revenue Minister Regarding The Death of Witness of Behbal Kalan (9) 114

The Punjab Fiscal Responsibility And Budget Management (Amendment) Bill, 2020 *(Resumption)* (9) 116

5. The Punjab Slum Dwellers (Proprietary Rights) Bill, 2020 (9) 118

--------------------------

## ਪੰਜਾਬ ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ. | ਨਾਮ | ਮਹਿਕਮਾ/ਮਹਿਕਮੇ |
|---|---|---|
| 1. | ਕੈਪਟਨ ਅਮਰਿੰਦਰ ਸਿੰਘ<br>ਮੁੱਖ ਮੰਤਰੀ | ਪ੍ਰਬੰਧਕੀ ਸੁਧਾਰ, ਖੇਤੀਬਾੜੀ ਅਤੇ ਕਿਸਾਨ ਭਲਾਈ, ਬਾਗਬਾਨੀ, ਭੂਮੀ ਅਤੇ ਜਲ ਸੰਭਾਲ, ਸ਼ਹਿਰੀ ਹਵਾਬਾਜ਼ੀ, ਰੱਖਿਆ ਸੇਵਾਵਾਂ ਭਲਾਈ, ਕਰ ਤੇ ਆਬਕਾਰੀ, ਆਮ ਰਾਜ ਪ੍ਰਬੰਧ, ਗ੍ਰਹਿ ਮਾਮਲੇ ਅਤੇ ਨਿਆਂ, ਪ੍ਰਾਹੁਣਾਚਾਰੀ, ਨਿਵੇਸ਼ ਪ੍ਰੋਤਸਾਹਨ, ਸੂਚਨਾ ਤੇ ਲੋਕ ਸੰਪਰਕ, ਕਾਨੂੰਨੀ ਤੇ ਵਿਧਾਨਕ ਮਾਮਲੇ, ਪਰਸੋਨਲ, ਵਾਤਾਵਰਣ, ਚੌਕਸੀ, ਜੰਗਲੀ ਜੀਵ, ਸਾਇੰਸ ਤੇ ਤਕਨਾਲੋਜੀ, ਸੂਚਨਾ ਤਕਨਾਲੋਜੀ, ਊਰਜਾ, ਨਵ ਤੇ ਨਵਿਆਊਣਯੋਗ ਊਰਜਾ ਸਰੋਤ |
| | Captain Amarinder Singh<br>Chief Minister | Administrative Reforms, Agriculture and Farmers' Welfare, Horticulture, Conservation of Land and Water, Civil Aviation, Defence Services Welfare, Excise & Taxation, General Administration, Home Affairs and Justice, Hospitality, Investment Promotion, Information & Public Relations, Legal & Legislative Affairs, Personnel, Environment, Vigilance, Wildlife, Science & Technology, Information Techology and Power, New and Renewable Energy Sources. |
| 2. | ਸ਼੍ਰੀ ਬ੍ਰਹਮ ਮਹਿੰਦਰਾ | ਸਥਾਨਕ ਸਰਕਾਰ, ਸੰਸਦੀ ਮਾਮਲੇ, ਚੋਣਾਂ, ਸ਼ਿਕਾਇਤ ਨਿਵਾਰਨ ਮੰਤਰੀ |
| | Shri Brahm Mohindra | Local Govt. Parliamentary Affairs, Elections, Removal of Grievances Minister |

| | | |
|---|---|---|
| 3. | ਸਰਦਾਰ ਮਨਪ੍ਰੀਤ ਸਿੰਘ ਬਾਦਲ<br><br>Sardar Manpreet Singh Badal | ਵਿੱਤ, ਯੋਜਨਾ, ਪ੍ਰੋਗਰਾਮ ਲਾਗੂਕਰਨ, ਪ੍ਰਸ਼ਾਸਨ ਸੁਧਾਰ ਮੰਤਰੀ<br>Finance, Planning, Programme Implementation, Governance Reforms Minister |
| 4. | ਸਰਦਾਰ ਸਾਧੂ ਸਿੰਘ<br><br>Sardar Sadhu Singh | ਜੰਗਲਾਤ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ, ਛਪਾਈ ਤੇ ਲਿਖਣ ਸਮੱਗਰੀ ਮੰਤਰੀ<br>Forests, Social Justice & Minorities, Empowerment, Printing & Stationery Minister |
| 5. | ਸ਼੍ਰੀ ਓਮ ਪ੍ਰਕਾਸ਼ ਸੋਨੀ<br><br>Shri Om Parkash Soni | ਮੈਡੀਕਲ ਸਿੱਖਿਆ ਤੇ ਖੋਜ, ਅਜ਼ਾਦੀ ਘੁਲਾਈਟੇ, ਫੂਡ ਪ੍ਰਾਸੈਸਿੰਗ ਮੰਤਰੀ<br>Medical Education & Research , Freedom Fighters, Food Processing Minister |
| 6. | ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ<br><br>Sardar Tript Rajinder Singh Bajwa | ਦਿਹਾਤੀ ਵਿਕਾਸ ਤੇ ਪੰਚਾਇਤਾਂ, ਪਸ਼ੂ ਪਾਲਣ, ਡੇਅਰੀ ਵਿਕਾਸ, ਮੱਛੀ ਪਾਲਣ ਅਤੇ ਉਚੇਰੀ ਸਿੱਖਿਆ ਮੰਤਰੀ<br>Rural Development & Panchayats, Animal Husbandry, Fisheries &Dairy Development, Higher Education Minister |
| 7. | ਰਾਣਾ ਗੁਰਮੀਤ ਸਿੰਘ ਸੋਢੀ<br><br>Rana Gurmeet Singh Sodhi | ਖੇਡਾਂ ਅਤੇ ਯੁਵਕ ਮਾਮਲੇ ਅਤੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ<br>Sports and Youth Affairs and NRIs Affairs Minister |
| 8. | ਸਰਦਾਰ ਚਰਨਜੀਤ ਸਿੰਘ ਚੰਨੀ<br><br>Sardar Charanjit Singh Channi | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਰੁਜ਼ਗਾਰ ਉਤਪਤੀ, ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ ਮੰਤਰੀ<br>Technical Education and Industrial Training, Employment Generation, Tourism and Cultural Affairs Minister |

| | | |
|---|---|---|
| 9. | ਸ਼੍ਰੀਮਤੀ ਅਰੁਨਾ ਚੌਧਰੀ<br>Smt. Aruna Chaudhary | ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ<br>Social Security, Women & Child Development Minister |
| 10. | ਸ਼੍ਰੀਮਤੀ ਰਜ਼ੀਆ ਸੁਲਤਾਨਾ<br>Smt. Razia Sultana | ਜਲ ਸਪਲਾਈ ਤੇ ਸੈਨੀਟੇਸ਼ਨ (ਜਨ ਸਿਹਤ), ਟਰਾਂਸਪੋਰਟ ਮੰਤਰੀ<br>Water Supply & Sanitation, (Public Health) Transport Minister |
| 11. | ਸਰਦਾਰ ਸੁਖਜਿੰਦਰ ਸਿੰਘ ਰੰਧਾਵਾ<br>Sardar Sukhjinder Singh Randhawa | ਸਹਿਕਾਰਤਾ, ਜੇਲ੍ਹਾਂ ਮੰਤਰੀ<br>Cooperation, Jails Minister |
| 12. | ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ<br>Sardar Sukhbinder Singh Sarkaria | ਜਲ ਸਰੋਤ, ਖਾਣਾਂ ਤੇ ਭੂ-ਵਿਗਿਆਨ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ<br>Water Resources, Mining & Geology, Housing and Urban Development Minister |
| 13. | ਸਰਦਾਰ ਗੁਰਪ੍ਰੀਤ ਸਿੰਘ ਕਾਂਗੜ<br>Sardar Gurpreet Singh Kangar | ਮਾਲ, ਪੁਨਰਵਾਸ ਅਤੇ ਕੁਦਰਤੀ ਆਫਤਾਂ ਪ੍ਰਬੰਧਨ ਮੰਤਰੀ<br>Revenue, Rehabilitation and Disaster Management Minister |
| 14. | ਸਰਦਾਰ ਬਲਬੀਰ ਸਿੰਘ ਸਿੱਧੂ<br>Sardar Balbir Singh Sidhu | ਸਿਹਤ ਅਤੇ ਪਰਿਵਾਰ ਭਲਾਈ, ਕਿਰਤ ਮੰਤਰੀ<br>Health and Family Welfare, Labour Minister |
| 15. | ਸ਼੍ਰੀ ਵਿਜੈ ਇੰਦਰ ਸਿੰਗਲਾ<br>Shri Vijay Inder Singla | ਸਕੂਲ ਸਿੱਖਿਆ, ਲੋਕ ਨਿਰਮਾਣ ਮੰਤਰੀ<br>School Education, Public Works Minister |
| 16. | ਸ਼੍ਰੀ ਸੁੰਦਰ ਸ਼ਾਮ ਅਰੋੜਾ<br>Shri Sunder Sham Arora | ਉਦਯੋਗ ਤੇ ਕਮਰਸ ਮੰਤਰੀ<br>Industries & Commerce Minister |
| 17. | ਸ਼੍ਰੀ ਭਾਰਤ ਭੂਸ਼ਣ ਆਸ਼ੂ<br>Shri Bharat Bhushan Ashu | ਖੁਰਾਕ ਤੇ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ<br>Food & Civil Supplies and Consumer Affairs Minister |

PUNJAB VIDHAN SABHA

*Wednesday, the 4th March, 2020*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 10.00 A.M. Mr. Speaker (Rana Kanwar Pal Singh) in the Chair.*

------------

## STARRED QUESTIONS AND ANSWERS

**ਮਾਨਯੋਗ ਸਪੀਕਰ:** ਪ੍ਰਸ਼ਨ ਕਾਲ।

### ਜ਼ਮੀਨ ਦਾ ਤਬਾਦਲਾ ਕਰਵਾਉਣ ਸਬੰਧੀ

***2766. ਸਰਦਾਰ ਰਣਦੀਪ ਸਿੰਘ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ : (ੳ) ਕੀ ਇਹ ਠੀਕ ਹੈ ਕਿ ਪਿੰਡ ਕਪੂਰਗੜ੍ਹ ਅਤੇ ਭਰਭੂਰਗੜ੍ਹ (ਨਾਭਾ) ਦੇ ਲਗਭਗ 912 ਏਕੜ ਖੇਤੀਬਾੜੀ ਯੋਗ ਜ਼ਮੀਨ ਦੇ ਕਾਬਜ਼ਾਂ ਜਿਨ੍ਹਾਂ ਨੂੰ ਇਹ ਜ਼ਮੀਨ ਨਾਭਾ ਰਿਆਸਤ ਦੁਆਰਾ ਦਿੱਤੀ ਗਈ ਸੀ, ਨੇ ਇਸ ਜ਼ਮੀਨ ਨੂੰ ਛੋਟੇ-ਛੋਟੇ ਹਿੱਸਿਆਂ ਵਿੱਚ ਦੂਜੇ ਕਿਸਾਨਾਂ ਨੂੰ ਵੇਚ ਦਿੱਤਾ ਸੀ ਅਤੇ ਹੁਣ ਉਕਤ ਖਰੀਦਦਾਰਾਂ ਨੂੰ ਆਪਣੇ ਨਾਮ ਤੇ ਇਸ ਜ਼ਮੀਨ ਨੂੰ ਤਬਦੀਲ ਕਰਵਾਉਣ (ਇੰਤਕਾਲ ਕਰਵਾਉਣ) ਸਬੰਧੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

(ਅ) ਕੀ ਸਰਕਾਰ ਪਹਿਲਤਾ ਦੇ ਆਧਾਰ ਤੇ ਇਨ੍ਹਾਂ ਦੀ ਮੁਸ਼ਕਲ ਦਾ ਹੱਲ ਕਰਨ ਲਈ ਵਿਚਾਰ ਕਰੇਗੀ ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

**ਸਰਦਾਰ ਗੁਰਪ੍ਰੀਤ ਸਿੰਘ ਕਾਂਗੜ :** (ੳ) ਨਹੀਂ ਜੀ। ਪਿੰਡ ਕਪੂਰਗੜ੍ਹ, ਤਹਿਸੀਲ ਅਮਲੋਹ, ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਮਾਲ ਰਿਕਾਰਡ ਅਨੁਸਾਰ ਕੁੱਲ ਜ਼ਮੀਨ 912 ਏਕੜ ਹੈ। ਜਿਸ ਦੀ ਮਾਲਕੀ ਪ੍ਰੋਵੈਂਸ਼ੀਅਲ ਗੌਰਮਿੰਟ ਦੀ ਹੈ ਅਤੇ ਜਮ੍ਹਾਂਬੰਦੀ ਦੇ ਖਾਨਾ ਕਾਸ਼ਤ ਵਿੱਚ ਵੱਖ-ਵੱਖ ਵਿਅਕਤੀਆਂ ਦੇ ਨਾਮ ਗਿਰਦਾਵਰੀ ਚਲੀ ਆ ਰਹੀ ਹੈ। ਇਸ ਜ਼ਮੀਨ ਦੇ ਤਬਦੀਲ ਹੋਣ ਸਬੰਧੀ ਮਾਲ ਰਿਕਾਰਡ ਵਿੱਚ ਕੋਈ ਵੀ ਇੰਦਰਾਜ ਨਹੀਂ ਹੈ। ਪਿੰਡ ਭਰਭੂਰਗੜ੍ਹ, ਤਹਿਸੀਲ ਅਮਲੋਹ, ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿੱਚ ਪ੍ਰੋਵੈਂਸ਼ੀਅਲ ਗੌਰਮਿੰਟ ਦੀ ਕੋਈ ਵੀ ਜ਼ਮੀਨ ਨਹੀਂ ਹੈ।

(ਅ) ਦਿ ਪੰਜਾਬ ਅਲਾਟਮੈਂਟ ਆਫ ਸਟੇਟ ਗੌਰਮਿੰਟ ਲੈਂਡ ਐਕਟ, 2016 (ਪੰਜਾਬ ਐਕਟ ਨੰ: 54 ਆਫ 2016 ) ਮਿਤੀ 24.12.2016 ਰਾਹੀਂ ਨੋਟੀਫਿਕੇਸ਼ਨ ਜਾਰੀ ਹੋਈ ਸੀ। ਇਸ ਨੋਟੀਫਿਕੇਸ਼ਨ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਮਿਤੀ

[ਮਾਲ ਮੰਤਰੀ]

23.09.2019 ਨੂੰ ਸੋਧੀ ਸਿਵਲ ਰਿੱਟ ਪਟੀਸ਼ਨ ਨੰ: 3450 ਆਫ 2008 ਰਾਹੀਂ ਮਾਨਯੋਗ ਸੁਪਰੀਮ ਕੋਰਟ ਵੱਲੋਂ ਨਿਰਧਾਰਤ ਕਾਨੂੰਨ ਦੇ ਵਿਰੁੱਧ ਹੋਣ ਦੇ ਆਧਾਰ ਤੇ ਚੁਣੌਤੀ ਦਿੱਤੀ ਗਈ ਹੈ। ਇਸ ਸਬੰਧ ਵਿੱਚ ਰਾਜ ਸਰਕਾਰ ਵੱਲੋਂ ਮਾਮਲਾ ਕਾਨੂੰਨੀ ਕਾਰਵਾਈ ਅਧੀਨ ਹੋਣ ਕਰਕੇ ਵਿਚਾਰਿਆ ਨਹੀਂ ਜਾ ਸਕਦਾ।

**Sardar Randeep Singh :** Thank you for your magnanimity. ਸਪੀਕਰ ਸਾਹਿਬ, ਇਹ ਜ਼ਮੀਨ ਨਾਭਾ ਰਿਆਸਤ ਦੀ ਜ਼ਮੀਨ ਸੀ। ਇਹ 912 ਏਕੜ 3 ਮਰਲੇ ਜ਼ਮੀਨ ਹੈ। ਇਹ ਪਿੰਡ ਕਪੂਰਗੜ੍ਹ ਦੀ ਹੈ। ਇਨ੍ਹਾਂ ਨੇ ਬਕਾਇਦਾ ਸਹੀ ਫੁਰਮਾਇਆ ਹੈ ਕਿ ਇਹ ਪ੍ਰੋਵੈਂਸ਼ੀਅਲ ਗੌਰਮਿੰਟ ਦੇ ਨਾਮ ਤੇ ਬੋਲਦੀ ਹੈ। ਜਦੋਂ ਸ਼ੁਰੂ ਵਿੱਚ ਲੈਂਡ ਸੀਲਿੰਗ ਐਕਟ ਆਇਆ ਸੀ, ਉਦੋਂ ਜਿਹੜੇ ਕਾਸ਼ਤਕਾਰ ਸਨ, ਉਨ੍ਹਾਂ ਨੂੰ ਪੀ. ਰਾਈਟਸ ਦਿੱਤੇ ਗਏ ਸਨ। ਮੇਰੇ ਕੋਲ ਇਹ ਵੇਰਵੇ ਹਨ ਕਿ 2500 ਤੋਂ ਲੈ ਕੇ 3000 ਲੋਕ 912 ਏਕੜ ਦੀ ਕਾਸ਼ਤਕਾਰੀ ਕਰਦੇ ਸਨ। ਪਹਿਲਾਂ ਤਾਂ ਗਿਰਦਾਵਰੀਆਂ ਉਨ੍ਹਾਂ ਦੇ ਨਾਮ ਚੜ੍ਹਦੀਆਂ ਸਨ ਪਰ ਸਾਲ 2012 ਵਿੱਚ ਸੁਪਰੀਮ ਕੋਰਟ ਦੀ ਜਿਹੜੀ ਜਜਮੈਂਟ ਆਈ ਹੈ, ਉਸ ਤੋਂ ਬਾਅਦ ਗਿਰਦਾਵਰੀਆਂ ਵੀ ਪ੍ਰੋਵੈਂਸ਼ੀਅਲ ਗੌਰਮਿੰਟ ਦੇ ਨਾਮ ਹੋ ਗਈਆਂ। ਜਿਹੜੇ 50-60 ਸਾਲ ਦੇ ਸਨ ਅਤੇ ਅੱਗੇ ਉਨ੍ਹਾਂ ਦੇ ਬੱਚੇ ਵੀ ਹੋ ਗਏ ਅਤੇ ਉਨ੍ਹਾਂ ਦੇ ਬੱਚਿਆਂ ਦੇ ਬੱਚੇ ਵੀ ਹੋ ਗਏ ਤੇ ਉਹ ਜ਼ਮੀਨ ਹਾਲੇ ਵੀ ਵਾਹ ਰਹੇ ਹਨ ਲੇਕਿਨ ਸਰਕਾਰ ਨੇ ਹਾਲੇ ਤੱਕ ਇਸ ਜ਼ਮੀਨ ਦਾ ਹੀਲਾ ਨਹੀਂ ਸੋਚਿਆ। ਮੈਂ ਸੀ.ਐਮ. ਸਾਹਿਬ ਦਾ ਧੰਨਵਾਦੀ ਹਾਂ ਕਿ ਇਨ੍ਹਾਂ ਦੀ ਇੰਟਰਵੈਂਸ਼ਨ ਦੇ ਤਹਿਤ ਜਦੋਂ ਸੁੱਖ ਸਰਕਾਰੀਆ ਜੀ ਕੋਲ ਮਹਿਕਮਾ ਸੀ, ਉਦੋਂ ਉਨ੍ਹਾਂ ਨੇ ਤਜਵੀਜ਼ ਬਣਾਈ ਸੀ ਅਤੇ ਇਹ ਕੈਬਨਿਟ ਵਿੱਚ ਪਾਸ ਹੋਈ ਸੀ ਕਿ 10 ਹਜ਼ਾਰ ਰੁਪਿਆ ਪ੍ਰਤੀ ਏਕੜ ਲੈ ਕੇ ਇਸ ਨੂੰ ਮਾਲਕੀਅਤ ਦੇ ਖਾਨੇ ਵਿੱਚ ਲਿਆ ਦਿੱਤਾ ਜਾਵੇ। ਮੇਰੀ ਇਹ ਬੇਨਤੀ ਹੈ...

**ਮਾਨਯੋਗ ਸਪੀਕਰ :** ਸਵਾਲ ਪੁੱਛੋ। ਨਾਭਾ ਜੀ, ਸਵਾਲ ਪੁੱਛੋ। ਬੇਨਤੀ ਨਹੀਂ ਕਰਨੀ, ਤੁਸੀਂ ਸਵਾਲ ਪੁੱਛੋ।

**ਸਰਦਾਰ ਰਣਦੀਪ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਸਵਾਲ ਪੁੱਛ ਰਿਹਾ ਹਾਂ। ਮੇਰੀ ਬੇਨਤੀ ਹੈ ਕਿ ਉਹ ਗਰੀਬ ਲੋਕ ਹੋਣਗੇ, 2-2, 3-3 ਮਰਲੇ ਅਤੇ 2-2, 3-3 ਵਿੱਘੇ ਦੇ ਮਾਲਕ ਹੋਣਗੇ। ਜੇਕਰ ਉਨ੍ਹਾਂ ਗਰੀਬਾਂ ਨੂੰ ਸਰਕਾਰ ਦੀ ਕਰਜ਼ਾ ਮੁਆਫੀ ਦੀ ਸਹੂਲਤ ਦੇਣੀ ਹੈ ਤਾਂ ਜ਼ਮੀਨ ਉਨ੍ਹਾਂ ਦੇ ਨਾਮ ਕਰਨੀ ਜ਼ਰੂਰੀ ਹੈ ਕਿਉਂਕਿ ਉਨ੍ਹਾਂ ਨੂੰ ਸੁਸਾਇਟੀਆਂ ਇਸ ਦਾਇਰੇ ਦੇ ਅੰਦਰ ਵੀ ਨਹੀਂ ਲੈਂਦੀਆਂ।

**ਮਾਨਯੋਗ ਸਪੀਕਰ :** ਬੈਠੋ, ਬੈਠੋ। ਹਾਂ ਜੀ, ਕਾਂਗੜ ਜੀ, ਕੀ ਅਜਿਹੇ ਕਦਮ ਚੁੱਕੇ ਜਾਣਗੇ ਤਾਂ ਕਿ ਉਨ੍ਹਾਂ ਗਰੀਬਾਂ ਦੇ ਨਾਮ ਉਹ ਜ਼ਮੀਨ ਹੋ ਸਕੇ ਔਰ ਉਨ੍ਹਾਂ ਨੂੰ ਮਾਲਕੀ ਹੱਕ ਮਿਲਣ ਨਾਲ ਜਿਹੜੇ-ਜਿਹੜੇ ਵੀ ਇੱਥੇ ਲਾਭ ਮਿਲਦੇ ਹਨ ਕੀ ਬਤੌਰ ਮਾਲਕ ਉਹ

ਹਾਸਲ ਕਰ ਸਕਦੇ ਹਨ?

**ਮੰਤਰੀ :** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਮਾਨਯੋਗ ਸੁਪਰੀਮ ਕੋਰਟ ਵੱਲੋਂ ਆਧਾਰਿਤ ਕਾਨੂੰਨ ਦੇ ਵਿਰੁੱਧ ਹੋਣ ਦੇ ਆਧਾਰ ਤੇ ਚੁਣੌਤੀ ਦਿੱਤੀ ਗਈ ਸੀ। ਇਸ ਸਬੰਧੀ ਮਾਮਲਾ ਰਾਜ ਸਰਕਾਰ ਵੱਲੋਂ ਕਾਨੂੰਨੀ ਕਾਰਵਾਈ ਅਧੀਨ ਹੋਣ ਕਰਕੇ ਵਿਚਾਰਿਆ ਨਹੀਂ ਜਾ ਸਕਦਾ।

**ਮਾਨਯੋਗ ਸਪੀਕਰ :** ਮਾਮਲਾ ਅਦਾਲਤ ਵਿੱਚ ਹੈ।

**ਮੰਤਰੀ :** ਕਪੂਰਗੜ੍ਹ ਤਹਿਸੀਲ ਅਮਲੋਹ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਮਾਲ ਰਿਕਾਰਡ ਅਨੁਸਾਰ 1912 ਏਕੜ ਜ਼ਮੀਨ ਦੀ ਮਾਲਕੀ ਪ੍ਰੋਵੈਂਸ਼ੀਅਲ ਗੌਰਮਿੰਟ ਦੀ ਹੈ। ਜਮ੍ਹਾਂਬੰਦੀ ਦੇ ਖਾਨਾ ਕਾਸ਼ਤ ਵਿੱਚ ਵੱਖ-ਵੱਖ ਵਿਅਕਤੀਆਂ ਦੇ ਨਾਮ ਗਿਰਦਾਵਰੀ ਚੱਲੀ ਆ ਰਹੀ ਹੈ।ਇਸ ਜ਼ਮੀਨ ਦੇ ਤਬਦੀਲ ਹੋਣ ਸਬੰਧੀ ਮਾਲ ਰਿਕਾਰਡ ਵਿੱਚ ਕੋਈ ਵੀ ਇੰਦਰਾਜ ਨਹੀਂ ਹੈ। ਇਸ ਜ਼ਮੀਨ ਦੀ ਕੋਈ ਵੀ ਰਜਿਸਟਰੀ ਨਹੀਂ ਹੋਈ। ਨਾ ਹੀ ਇਹ ਜ਼ਮੀਨ ਕਿਸੇ ਵਿਅਕਤੀ ਨੂੰ ਅਲਾਟ ਹੋਈ ਹੈ। ਮਾਲ ਰਿਕਾਰਡ ਅਨੁਸਾਰ ਇਸ ਸਮੇਂ ਇਸ ਜ਼ਮੀਨ ਤੇ ਪ੍ਰੋਵੈਂਸ਼ੀਅਲ ਗੌਰਮਿੰਟ ਦੀ ਮਾਲਕੀ ਹੈ ਕਿਉਂਕਿ ਪੰਜਾਬ ਅਲਾਟਮੈਂਟ ਆਫ ਸਟੇਟ ਗੌਰਮਿੰਟ ਲੈਂਡ, 2016 ਪੰਜਾਬ ਐਕਟ ਨੰ: 54 ਆਫ 2016, ਮਿਤੀ 24-12-2016 ਰਾਹੀਂ ਜਾਰੀ ਹੋਈ ਨੋਟੀਫਿਕੇਸ਼ਨ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਸੋਧੀ ਸਿਵਲ ਰਿਟ ਨੰ: 3450 ਆਫ 2008 ਵਿੱਚ ਮਾਮਲਾ ਕਾਨੂੰਨੀ ਕਾਰਵਾਈ ਅਧੀਨ ਹੈ। ਇਸ ਲਈ ਇਸ ਸਟੇਜ ਤੇ ਇਸ ਜ਼ਮੀਨ ਸਬੰਧੀ ਸਰਕਾਰ ਵੱਲੋਂ ਕੋਈ ਦਖਲਅੰਦਾਜ਼ੀ ਨਹੀਂ ਕੀਤੀ ਜਾ ਸਕਦੀ। ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਭਾਵੇਂ ਮਾਮਲਾ ਕੋਰਟ ਵਿੱਚ ਹੈ, ਫਿਰ ਵੀ ਇਹ ਮਾਮਲਾ ਵਿਚਾਰਿਆ ਜਾਵੇਗਾ। ਜੇ ਹੋ ਸਕਿਆ ਤਾਂ ਅਸੀਂ ਇਸ ਨੂੰ ਜ਼ਰੂਰ ਕਰਾਂਗੇ।

**ਮਾਨਯੋਗ ਸਪੀਕਰ :** ਹਮਦਰਦੀ ਨਾਲ ਕਰ ਦਿਓ। ਹਾਂ ਜੀ, ਨਾਭਾ ਜੀ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਮੇਰੇ ਕੋਲ ਸਾਲ 1954 ਦਾ ਕੋਰਟ ਦਾ ਫੈਸਲਾ ਹੈ। ਇਸ ਵਿੱਚ ਬਕਾਇਦਾ Tenancy Act ਦੇ ਅਧੀਨ 90% ਮੁਆਵਜ਼ਾ ਪ੍ਰੋਪਰਾਈਟਰੀ ਰਾਈਟਸ (Proprietary Rights) ਲੈਣ ਤੋਂ ਪਹਿਲਾਂ ਉਨ੍ਹਾਂ ਤੋਂ ਭਰਾਇਆ ਗਿਆ। ਉਨ੍ਹਾਂ ਲੋਕਾਂ ਨੇ ਅਗਾਂਹ ਤੋਂ ਅਗਾਂਹ ਜ਼ਮੀਨਾਂ ਖਰੀਦੀਆਂ ਜਿਨ੍ਹਾਂ ਦੇ ਪੀ.ਰਾਈਟਸ ਐਕਟ ਦੇ ਅਧੀਨ ਇਹ ਜ਼ਮੀਨਾਂ ਨਾਂਅ ਹੋ ਗਈਆਂ ਸਨ। ਮੇਰੇ ਕੋਲ documentary evidence ਪਿਆ ਹੈ। ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਦੇ ਦਿੰਦਾ ਹਾਂ। ਮੇਰੀ ਗੁਜਾਰਿਸ਼ ਇਹ ਹੈ ਕਿ ਉਹ ਗਰੀਬ ਲੋਕ.....

**ਮਾਨਯੋਗ ਸਪੀਕਰ :** ਨਹੀਂ, ਨਹੀਂ, ਅਗਲੀ ਗੱਲ ਇੱਕ ਹੋਰ ਹੈ। ਇਹ ਮਾਮਲਾ ਇਸ ਵੇਲੇ ਸੁਪਰੀਮ ਕੋਰਟ ਦੇ ਜ਼ੇਰੇ ਗੌਰ ਹੈ। ਜੇ ਇਹ ਸੁਪਰੀਮ ਕੋਰਟ ਦੇ ਜ਼ੇਰੇ ਗੌਰ ਹੈ ਤਾਂ ਇਹ ਕੁਝ ਨਹੀਂ ਕਰ ਸਕਦੇ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇੱਕ ਵਿਅਕਤੀ ਦੇ ਇੰਟਰਸਟ ਪਿੱਛੇ, ਇੱਕ ਵਿਅਕਤੀ ਨੇ ਸੁਪਰੀਮ ਕੋਰਟ ਵਿਚ ਯਾਚਿਕਾ ਦਾਇਰ ਕੀਤੀ ਸੀ ਤਾਂ ਕਿ ਇਹ ਜ਼ਮੀਨ ਗਰੀਬ ਲੋਕਾਂ ਦੇ ਨਾਮ ਨਾ ਚੜ੍ਹੇ। ਇਹ ਸਾਡੇ ਬਜ਼ੁਰਗਾਂ ਦੀ, ਪੜਦਾਦਿਆਂ ਦੀ ਦਾਨ ਕੀਤੀ ਹੋਈ ਜ਼ਮੀਨ ਹੈ। ਸਾਨੂੰ ਕੋਈ ਇਤਰਾਜ਼ ਨਹੀਂ ਹੈ। ਕੋਰਟ ਨੇ ਬਕਾਇਦਾ ਫੈਸਲਾ ਕੀਤਾ ਹੈ। ਇਹ ਪੈਪਸੂ ਦੇ ਵੇਲੇ ਦਾ ਫੈਸਲਾ ਹੈ ਅਤੇ ਲਾਗੂ ਨਹੀਂ ਹੋਇਆ। The Council of Ministers can take a call and bring in a legislation. ਇਹ ਕੀਤਾ ਜਾ ਸਕਦਾ ਹੈ। ਜੇ ਅਸੀਂ ਗਰੀਬ ਦਾ ਭਲਾ ਕਰਾਂਗੇ ਤਾਂ ਉਹ ਅਸੀਸ ਹੀ ਦੇਵੇਗਾ। ਇਸ ਵਿੱਚ ਮੇਰਾ ਤਾਂ ਕੋਈ ਇੰਟਰਸਟ ਹੀ ਨਹੀਂ ਹੈ। ਜੇ ਮੇਰਾ ਇੰਟਰਸਟ ਹੁੰਦਾ, ਅਸੀਂ ਆਪ ਮੰਗਦੇ।

**ਮਾਨਯੋਗ ਸਪੀਕਰ :** ਇੱਕ ਸੈਕਿੰਡ, ਮੇਰੀ ਗੱਲ ਸੁਣੋ, ਕਾਂਗੜ ਜੀ। ਵੈਸੇ ਤਾਂ ਇਹ ਹੋ ਨਹੀਂ ਸਕਦਾ। ਤੁਸੀਂ ਕਰ ਵੀ ਨਹੀਂ ਸਕਦੇ। ਮੈਂ ਤੁਹਾਡੀ ਇਸ ਗੱਲ ਤੇ convinced ਹਾਂ ਲੇਕਿਨ ਤੁਸੀਂ ਇਸ 'ਤੇ ਬਿਲ ਜ਼ਰੂਰ ਲਿਆ ਸਕਦੇ ਹੋ। ਬਿਲ ਲਿਆ ਸਕਦੇ ਹੋ। ਇਸ ਨੂੰ ਏ.ਜੀ. ਤੋਂ ਐਗਜ਼ਾਮਿਨ ਕਰਵਾ ਲਵੋ। ਜੇ ਉਨ੍ਹਾਂ ਲੋਕਾਂ ਦੀ ਮਦਦ ਹੋ ਜਾਵੇ ਤਾਂ ਬਿਹਤਰ ਹੋਵੇਗਾ।

**ਮੰਤਰੀ :** ਸਪੀਕਰ ਸਾਹਿਬ, ਇਸ ਬਾਰੇ ਕਾਨੂੰਨੀ ਰਾਏ ਲੈ ਕੇ ਵਿਚਾਰਿਆ ਜਾਵੇਗਾ।

**ਸਰਦਾਰ ਰਣਦੀਪ ਸਿੰਘ :** ਧੰਨਵਾਦ ਸਰ, ਮੈਂ ਉਨ੍ਹਾਂ ਗਰੀਬਾਂ ਵਾਸਤੇ ਸਿਰਫ ਇੰਨਾ ਹੀ ਚਾਹੁੰਦਾ ਹਾਂ।

----------

## ਹਲਕਾ ਪਾਇਲ ਵਿੱਚ ਡੇਂਗੂ ਦੀ ਰੋਕਥਾਮ ਕਰਨਾ

*** 2492. ਸਰਦਾਰ ਲਖਵੀਰ ਸਿੰਘ ਲੱਖਾ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਧਾਨ ਸਭਾ ਹਲਕਾ ਪਾਇਲ ਵਿੱਚ ਡੇਂਗੂ ਦੇ ਪ੍ਰਕੋਪ ਦੀ ਰੋਕਥਾਮ ਲਈ ਸਰਕਾਰ ਵੱਲੋਂ ਕਿਹੜੇ-ਕਿਹੜੇ ਕਦਮ ਚੁੱਕੇ ਗਏ/ਚੁੱਕੇ ਜਾਣੇ ਤਜਵੀਜ਼ਤ ਹਨ?

**ਸਰਦਾਰ ਬਲਬੀਰ ਸਿੰਘ ਸਿੱਧੂ :** ਸ਼੍ਰੀਮਾਨ ਜੀ, ਪਾਇਲ ਹਲਕੇ ਵਿੱਚ ਡੇਂਗੂ ਦੇ 197 ਸ਼ੱਕੀ ਮਰੀਜ਼ਾਂ ਵਿੱਚੋਂ 104 ਕੇਸ ਡੇਂਗੂ ਲਈ ਪਾਜ਼ੇਟਿਵ ਪਾਏ ਗਏ। ਡੇਂਗੂ ਦੀ ਰੋਕਥਾਮ ਲਈ ਚੁੱਕੇ ਗਏ ਕਦਮ/ਚੁੱਕੇ ਜਾਣ ਵਾਲੇ ਕਦਮਾਂ ਦੀ ਤਜਵੀਜ਼ (ਅਨੁਲੱਗ-ਅ) ਅਨੁਸਾਰ ਹੈ :

**ਅਨੁਲੱਗ-'ਅ'**

1. ਸ਼੍ਰੀਮਾਨ ਜੀ, ਪਾਇਲ ਹਲਕੇ ਦੇ 71 ਪਿੰਡਾਂ ਵਿੱਚ 27413 ਘਰ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਚੈੱਕ ਕੀਤੇ ਗਏ ਹਨ। ਇਨ੍ਹਾਂ ਵਿੱਚੋਂ 272 ਵਿੱਚ ਡੇਂਗੂ ਦੇ ਮੱਛਰ ਦੀ ਬਰੀਡਿੰਗ ਦੀ ਪੁਸ਼ਟੀ ਕੀਤੀ ਗਈ, ਜਿਸ ਨੂੰ ਮੌਕੇ ਤੇ ਨਸ਼ਟ ਕਰ ਦਿੱਤਾ ਗਿਆ।

2. ਸਾਲ 2019 ਦੌਰਾਨ ਪਾਇਲ ਹਲਕੇ ਦੇ ਕੁਝ ਪਿੰਡਾਂ ਵਿੱਚ ਡੇਂਗੂ ਦੇ ਸ਼ੱਕੀ ਮਰੀਜ਼ ਰਿਪੋਰਟ ਹੋਏ। ਪਿੰਡ ਘਲੋਟੀ ਵਿਖੇ ਡੇਂਗੂ ਦੇ ਸ਼ੱਕੀ ਕੇਸਾਂ ਦੀ ਪੁਸ਼ਟੀ ਹੋਣ ਤੇ ਸਿਹਤ ਵਿਭਾਗ ਵੱਲੋਂ 815 ਘਰਾਂ ਦਾ ਸਰਵੇ ਕੀਤਾ ਗਿਆ। 30 ਘਰਾਂ ਵਿੱਚੋਂ ਮੱਛਰ ਦਾ ਲਾਰਵਾ ਮਿਲਿਆ ਜਿਸ ਨੂੰ ਮੌਕੇ ਤੇ ਨਸ਼ਟ ਕਰ ਦਿੱਤਾ ਗਿਆ।

**ਤਜਵੀਜ਼ :** 1. ਡੇਂਗੂ ਦੇ ਆਉਣ ਵਾਲੇ ਸੀਜ਼ਨ ਵਿੱਚ ਜਾਗਰੂਕਤਾ ਦੀਆਂ ਗਤੀਵਿਧੀਆਂ ਤੇਜ਼ ਕੀਤੀਆਂ ਜਾਣਗੀਆਂ ਅਤੇ ਬਲਾਕ ਪੱਧਰ ਤੇ ਸਬੰਧਿਤ ਵਿਭਾਗਾਂ ਨਾਲ ਮੀਟਿੰਗ ਕਰਕੇ ਇਸ ਪ੍ਰਤੀ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ।

2. ਪਿੰਡਾਂ ਦੇ ਸਰਪੰਚਾਂ/ਐਨ.ਜੀ.ਓ. ਦੀ ਸ਼ਮੂਲੀਅਤ ਕੀਤੀ ਜਾਵੇਗੀ। ਸਿਹਤ ਵਿਭਾਗ ਵੱਲੋਂ ਸਕੂਲਾਂ ਵਿੱਚ ਅਤੇ ਘਰੋ-ਘਰੀਂ ਜਾ ਕੇ ਲੋਕਾਂ ਨੂੰ ਡੇਂਗੂ ਦੀ ਰੋਕਥਾਮ ਪ੍ਰਤੀ ਜਾਗਰੂਕ ਕੀਤਾ ਜਾਵੇਗਾ। ਧਾਰਮਿਕ ਸਥਾਨਾਂ ਦੁਆਰਾ ਅਨਾਊਂਸਮੈਂਟ ਰਾਹੀਂ ਲੋਕਾਂ ਨੂੰ ਡੇਂਗੂ ਪ੍ਰਤੀ ਜਾਗਰੂਕ ਕੀਤਾ ਜਾਵੇਗਾ।

3. ਜੇਕਰ ਫੌਗਿੰਗ ਜਾਂ ਸਪਰੇਅ ਦੀ ਜ਼ਰੂਰਤ ਹੋਵੇਗੀ ਤਾਂ ਪੇਂਡੂ ਖੇਤਰਾਂ ਲਈ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਅਤੇ ਸ਼ਹਿਰੀ ਇਲਾਕਿਆਂ ਲਈ ਸਥਾਨਕ ਸਰਕਾਰ ਵਿਭਾਗ ਨਾਲ ਤਾਲਮੇਲ ਕੀਤਾ ਜਾਵੇਗਾ।

4. ਲੋੜ ਮੁਤਾਬਿਕ ਬਰੀਡਿੰਗ ਚੈੱਕਰ ਰੱਖੇ ਜਾਣਗੇ ਤਾਂ ਜੋ ਡੇਂਗੂ ਨਾਲ ਸਬੰਧਿਤ ਮੱਛਰ ਦੀ ਬਰੀਡਿੰਗ ਚੈੱਕ ਕੀਤੀ ਜਾ ਸਕੇ ਅਤੇ ਮੱਛਰ ਨੂੰ ਨਸ਼ਟ ਕੀਤਾ ਜਾ ਸਕੇ।

5. ਸੀ.ਐਚ.ਸੀ. ਪਾਇਲ ਨੂੰ ਡੇਂਗੂ ਟੈਸਟਿੰਗ ਲਈ ਕੁਲੈਕਸ਼ਨ ਸੈਂਟਰ ਬਣਾਇਆ ਜਾਵੇਗਾ ਤਾਂ ਜੋ ਡੇਂਗੂ ਦੇ ਸ਼ੱਕੀ ਮਰੀਜ਼ਾਂ ਦੇ ਖੂਨ ਦੇ ਸੈਂਪਲ ਲੈ ਕੇ ਸਿਵਲ ਹਸਪਤਾਲ, ਖੰਨਾ ਵਿਖੇ ਮੁਫਤ ਟੈਸਟਿੰਗ ਲਈ ਭੇਜੇ ਜਾ ਸਕਣ।

6. ਮੇਰੇ ਵੱਲੋਂ ਮਿਤੀ 22.01.2020 ਨੂੰ ਵੱਖੋ-ਵੱਖ ਵਿਭਾਗਾਂ ਦੇ ਮੁਖੀਆਂ ਨਾਲ ਡੇਂਗੂ

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

ਅਤੇ ਹੋਰ ਵੈਕਟਰ ਬੌਰਨ ਬਿਮਾਰੀਆਂ ਬਾਰੇ ਸਟੇਟ ਟਾਸਕ ਫੋਰਸ ਦੀ ਮੀਟਿੰਗ ਕੀਤੀ ਜਾ ਚੁੱਕੀ ਹੈ ਅਤੇ ਆਉਣ ਵਾਲੇ ਸੀਜ਼ਨ ਨੂੰ ਮੁੱਖ ਰੱਖਦੇ ਹੋਏ ਐਕਸ਼ਨ ਪਲਾਨ ਤਿਆਰ ਕਰਨ ਲਈ ਸਾਰੇ ਵਿਭਾਗਾਂ ਨੂੰ ਆਦੇਸ਼ ਦਿੱਤੇ ਗਏ ਹਨ।

ਵੈਸੇ ਇਹ ਐਮ.ਐਲ.ਏ. ਸਾਹਿਬ ਦੀ ਨਾਲੇਜ ਵਿੱਚ ਵੀ ਹੈ ਪਰ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਬਹੁਤ ਵੱਡੇ ਪੱਧਰ ਤੇ ਇਸ ਸਬੰਧੀ ਮੁਹਿੰਮ ਚਲਾਈ ਸੀ ਅਤੇ ਇਸ ਤੇ ਕੰਟਰੋਲ ਵੀ ਕੀਤਾ ਹੈ। ਇਹ ਕੇਸ ਪਹਿਲਾਂ ਨਾਲੋਂ ਬਹੁਤ ਘਟੇ ਹਨ। ਸਾਲ 2017 ਦੇ ਵਿੱਚ 15398 ਕੇਸ ਸੀ, 2018 ਵਿੱਚ 15009 ਰਹਿ ਗਏ ਅਤੇ ਇਸ ਵਾਰ ਟੋਟਲ ਕੇਸ ਜਿਹੜੇ ਹਨ, ਉਹ 10,070 ਰਹਿ ਗਏ।

**ਸਰਦਾਰ ਲਖਵੀਰ ਸਿੰਘ ਲੱਖਾ :** ਸਪੀਕਰ ਸਾਹਿਬ, ਇਸ ਸਬੰਧ ਵਿੱਚ ਸਿਹਤ ਵਿਭਾਗ ਵੱਲੋਂ ਛਾਣ-ਬੀਣ ਕੀਤੀ ਤਾਂ ਜਾ ਰਹੀ ਹੈ ਪਰ ਇਸ ਨਾਲ ਮੁਸ਼ਕਲ ਬਹੁਤ ਆਉਂਦੀ ਹੈ। ਮੇਰੇ ਹਲਕੇ ਦੇ ਵਿੱਚ ਜਿਹੜੇ ਹਸਪਤਾਲ ਹਨ, ਉਨ੍ਹਾਂ ਨਾਲ ਸਬੰਧਿਤ ਜਿਹੜੇ ਪਿੰਡ ਪੈਂਦੇ ਹਨ, ਜਦੋਂ ਡੇਂਗੂ ਦਾ ਪ੍ਰਕੋਪ ਚੱਲ ਰਿਹਾ ਸੀ, ਸਾਡੇ ਤਾਂ ਪਹਿਲਾਂ ਹੀ ਉੱਥੇ ਡਾਕਟਰਾਂ ਦੀ ਬਹੁਤ ਘਾਟ ਹੈ। ਇਨ੍ਹਾਂ ਡਾਕਟਰਾਂ ਵਿੱਚੋਂ ਵੀ ਕਦੇ ਕਿਸੇ ਡਾਕਟਰ ਦੀ ਜੇਲ੍ਹ ਵਿੱਚ ਡਿਊਟੀ ਲਗਾ ਦਿੰਦੇ ਹਨ ਅਤੇ ਕਦੀ ਕਿਤੇ। ਮੇਰੀ ਇਹ ਰਿਕੁਐਸਟ ਹੈ ਕਿ ਜਦੋਂ ਡੇਂਗੂ ਦਾ ਮਹੀਨਾ ਚਲਦਾ ਹੈ....

**ਮਾਨਯੋਗ ਸਪੀਕਰ :** ਸਵਾਲ ਪੁੱਛੋ, ਸਵਾਲ।

**ਸਰਦਾਰ ਲਖਵੀਰ ਸਿੰਘ ਲੱਖਾ :** ਸਪੀਕਰ ਸਾਹਿਬ, ਮੈਂ ਇਹ ਸਵਾਲ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਉਥੇ ਡਾਕਟਰ ਹੀ ਹਾਜ਼ਰ ਨਹੀਂ ਤਾਂ ਫਿਰ ਇਸ ਬਿਮਾਰੀ ਦੀ ਰੋਕਥਾਮ ਕਿਵੇਂ ਕੀਤੀ ਜਾਵੇਗੀ? ਮੈਂ ਕਹਿਣਾ ਚਾਹੁੰਦਾ ਹਾਂ ਕਿ ਉਥੇ ਸਹੀ ਤਰੀਕੇ ਨਾਲ ਡਾਕਟਰ ਤਾਇਨਾਤ ਕੀਤੇ ਜਾਣ। ਉਨ੍ਹਾਂ ਨੂੰ ਸਹੀ ਤਰੀਕੇ ਨਾਲ ਤਾਇਨਾਤ ਕੀਤੇ ਜਾਣ ਲਈ ਸਿਹਤ ਵਿਭਾਗ ਦੀ ਜ਼ਿੰਮੇਵਾਰੀ ਬਣਦੀ ਹੈ।

**ਮਾਨਯੋਗ ਸਪੀਕਰ:** ਬੈਠੋ, ਬੈਠੋ। ਸਿੱਧੂ ਸਾਹਿਬ, ਉੱਥੇ ਡਾਕਟਰਾਂ ਦੀ ਪੂਰਤੀ ਕਰ ਦਿਉ।

**ਮੰਤਰੀ:** ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਕੋਲ ਤਾਂ ਬੰਦਾ ਡੇਂਗੂ ਹੋਣ ਤੋਂ ਬਾਅਦ ਆਉਂਦਾ ਹੈ। ਜਿਹੜੀ ਪ੍ਰੀਕਾਸ਼ਨ ਦੀ ਜ਼ਿੰਮੇਵਾਰੀ ਹੈ, ਉਹ ਤਾਂ ਪੰਚਾਇਤੀ ਰਾਜ ਵਿਭਾਗ ਅਤੇ ਸਥਾਨਕ ਸਰਕਾਰ ਵਿਭਾਗ ਦੀ ਬਣਦੀ ਹੈ ਪਰ ਇਨ੍ਹਾਂ ਦੀ ਜਿਹੜੀ ਡਾਕਟਰਾਂ ਦੀ ਕਮੀ ਵਾਲੀ ਗੱਲ ਹੈ, ਉਹ ਅਸੀਂ ਪੂਰੀ ਕਰ ਦਿਆਂਗੇ।

---------

## ਪੱਟੀ-ਫਿਰੋਜ਼ਪੁਰ ਸੜਕ ਨੂੰ ਚੌੜਾ ਕਰਨਾ

*2393. **ਸਰਦਾਰ ਹਰਮਿੰਦਰ ਸਿੰਘ ਗਿੱਲ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਸਰਕਾਰ ਪੱਟੀ ਤੋਂ ਫਿਰੋਜ਼ਪੁਰ ਜਾਣ ਲਈ ਦਰਿਆ ਤੇ ਬਣੇ ਨਵੇਂ ਪੁਲ ਕਾਰਨ ਟ੍ਰੈਫਿਕ ਕਈ ਗੁਣਾ ਵੱਧ ਜਾਣ ਕਰਕੇ, ਪੱਟੀ-ਫਿਰੋਜ਼ਪੁਰ ਸੜਕ ਨੂੰ ਚੌੜਾ ਕਰਨ ਦਾ ਵਿਚਾਰ ਰੱਖਦੀ ਹੈ;

(ਅ) ਸਰਕਾਰ ਕਦੋਂ ਤੱਕ ਇਸ ਸੜਕ ਨੂੰ ਚੌੜਾ ਕਰਕੇ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਏਗੀ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਸ਼੍ਰੀਮਾਨ ਜੀ, (ੳ) ਪੱਟੀ ਫਿਰੋਜ਼ਪੁਰ ਸੜਕ ਦੀ ਕੁੱਲ ਲੰਬਾਈ 20.10 ਕਿਲੋਮੀਟਰ ਹੈ। 0 ਤੋਂ 4.10 ਕਿਲੋਮੀਟਰ ਵਿੱਚ ਸੀ.ਆਰ.ਐਫ.ਸਕੀਮ ਅਧੀਨ ਸੜਕ ਨੂੰ ਚਹੁੰ ਮਾਰਗੀ ਬਣਾਉਣ ਦਾ ਕੰਮ ਉਸਾਰੀ ਅਧੀਨ ਹੈ। 4.10 ਤੋਂ 4.60 ਤੱਕ ਨੈਸ਼ਨਲ ਹਾਈਵੇ ਅਥਾਰਿਟੀ ਵੱਲੋਂ ਸੜਕਾਂ ਨੂੰ ਚਹੁੰ ਮਾਰਗੀ ਬਣਾਇਆ ਜਾ ਰਿਹਾ ਹੈ। ਬਾਕੀ ਰਹਿੰਦੇ ਪੋਰਸ਼ਨ 4.60 ਤੋਂ 20.10-1550 ਕਿਲੋਮੀਟਰ ਨੂੰ ਚੌੜਾ ਕਰਨ ਦੀ ਕੋਈ ਤਜਵੀਜ਼ ਨਹੀਂ ਹੈ;

(ਅ) ਅਜੇ ਤੱਕ ਰਹਿੰਦੇ 15.50 ਕਿਲੋਮੀਟਰ ਹਿੱਸੇ ਨੂੰ ਚੌੜਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਹਰਮਿੰਦਰ ਸਿੰਘ ਗਿੱਲ:** ਸਪੀਕਰ ਸਾਹਿਬ, ਮੇਰੀ ਤੁਹਾਡੇ ਜ਼ਰੀਏ ਮੰਤਰੀ ਜੀ ਨੂੰ ਬੇਨਤੀ ਹੈ ਕਿ ਜਿਹੜੀ ਪੱਟੀ ਤੋਂ ਫਿਰੋਜ਼ਪੁਰ ਸੜਕ ਜਾਂਦੀ ਹੈ, ਸਾਡਾ ਪੁਲ ਨਵਾਂ ਬਣਿਆ ਹੈ, ਉਹ ਨਵਾਂ ਪੁਲ ਬਣਨ ਕਰਕੇ ਫਿਰੋਜ਼ਪੁਰ ਤੋਂ ਅੱਗੇ ਤੱਕ ਟਰੈਫਿਕ ਬਹੁਤ ਵੱਡੇ ਪੱਧਰ ਉਤੇ ਜਾਂਦੀ ਹੈ, ਪੁਲ ਨਵਾਂ ਬਣ ਗਿਆ ਲੇਕਿਨ ਸੜਕ ਉਹੀ ਪੁਰਾਣੀ ਚਲਦੀ ਹੈ, ਟਰੈਫਿਕ ਦੀ ਡੈਨਸਿਟੀ ਵਧਣ ਕਾਰਨ ਉਥੇ ਬਹੁਤ ਸਾਰੇ ਐਕਸੀਡੈਂਟ ਹੁੰਦੇ ਹਨ। ਇਹ ਸੜਕ ਪਿੰਡਾਂ ਦੇ ਵਿਚੋਂ ਦੀ ਲੰਘ ਕੇ ਜਾਂਦੀ ਹੈ। ਇਹ ਜਿਹੜੀ ਥੋੜ੍ਹੀ ਜਿਹੀ ਸੜਕ ਚੌੜੀ ਹੋ ਰਹੀ ਹੈ, ਇਹ ਸਾਡੀ ਹਰੀਕੇ ਤੋਂ ਖਾਲੜਾ ਰੋਡ ਚੌੜੀ ਹੋ ਰਹੀ ਹੈ, ਜਦੋਂ ਕਿ ਅਗਲਾ ਸਾਰਾ ਪੋਰਸ਼ਨ ਛੋਟਾ ਹੈ। ਮੇਰੀ ਬੇਨਤੀ ਹੈ ਕਿ ਕਿਸੇ ਨਾ ਕਿਸੇ ਸਕੀਮ ਵਿਚ ਪਾ ਕੇ ਉਸ ਨੂੰ ਚੌੜਾ ਕੀਤਾ ਜਾਵੇ, ਉਥੇ ਇਹ ਇਲਾਕੇ ਦੇ ਲੋਕਾਂ ਦੀ ਬਹੁਤ ਵੱਡੀ ਮੰਗ ਹੈ।

**ਮੰਤਰੀ:** ਸਰ, ਫਿਜ਼ੀਬਿਲਟੀ ਚੈਕ ਕਰਵਾ ਲੈਂਦੇ ਹਾਂ ਔਰ ਆਉਣ ਵਾਲੇ ਸਮੇਂ ਵਿੱਚ ਕੋਈ ਹੋਰ ਸਕੀਮ ਹੋਵੇਗੀ ਤਾਂ ਉਸ ਵਿਚ ਐਡ ਕਰਨ ਦੀ ਕੋਸ਼ਿਸ਼ ਕਰਾਂਗੇ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਸਟੇਟ ਹਾਈਵੇਅ ਹਨ ਜਾਂ ਨੈਸ਼ਨਲ ਹਾਈਵੇਅ ਹਨ ਉਨ੍ਹਾਂ ਉੱਤੇ ਜਿੱਥੇ ਪੈਟਰੋਲ ਪੰਪ ਲੱਗਦੇ ਹਨ ਜਾਂ ਪੁਰਾਣੇ ਲੱਗੇ ਹੋਏ ਹਨ, ਕੀ ਉਥੇ ਸਰਵਿਸ ਲੇਨ ਦੀ ਪ੍ਰੋਵੀਜ਼ਨ ਹੈ? ਸਪੀਕਰ ਸਾਹਿਬ, ਬਹੁਤ ਸਾਰੇ ਪੰਪਾਂ ਉਤੇ ਵੇਖਿਆ ਗਿਆ ਹੈ ਕਿ ਸਰਵਿਸ ਲੇਨ ਨਹੀਂ ਹੁੰਦੀ, ਉਸ ਦੇ ਕਰਕੇ ਬਹੁਤ ਜ਼ਿਆਦਾ ਹਾਦਸੇ ਹੁੰਦੇ ਹਨ। ਬਠਿੰਡੇ ਦੇ ਵਿੱਚ ਜੱਸੀਪਹੁ ਵਾਲਾ ਚੌਂਕ ਹੈ, ਡਿਪਟੀ ਸਪੀਕਰ ਸਾਹਿਬ ਨੇ ਵੀ ਉੱਥੋਂ ਜਾਣਾ ਹੁੰਦਾ ਹੈ ਸ਼ਾਇਦ ਇਨ੍ਹਾਂ ਨੇ ਵੀ ਵੇਖਿਆ ਹੋਣਾ ਹੈ। ਉੱਥੇ ਬੜਾ ਜਾਮ ਲਗਦਾ ਹੈ, ਮੇਨ ਸੜਕ ਤੋਂ ਜਾ ਕੇ ਦੇਖਦੇ ਹਾਂ, ਜਾਮ ਇਸੇ ਕਰਕੇ ਲਗਦਾ ਹੈ ਕਿ ਪੈਟਰੋਲ ਪੰਪ ਦੇ ਨਾਲ ਸਰਵਿਸ ਲੇਨ ਨਹੀਂ ਹੈ, ਉਸ ਲਈ ਮੇਰੀ ਮਨਿਸਟਰ ਸਾਹਿਬ ਨੂੰ ਦਰਖਾਸਤ ਹੈ ਕਿ ਇਹ ਜ਼ਰੂਰ ਇਨਸ਼ੋਅਰ ਕਰਨ ਕਿ ਜਦੋਂ ਨੈਸ਼ਨਲ ਹਾਈਵੇਅ ਬਣਦੇ ਹਨ ਜਾਂ ਸਟੇਟ ਹਾਈਵੇਅ ਬਣਦੇ ਹਨ, ਉਥੇ ਸਰਵਿਸ ਲੇਨ ਦਾ ਹੋਣਾ ਜ਼ਰੂਰੀ ਹੈ।

**ਮਾਨਯੋਗ ਸਪੀਕਰ:** ਪੈਟਰੋਲ ਪੰਪ ਦੇ ਨਾਲ ਸਰਵਿਸ ਲੇਨ ਹੋਵੇ, ਇਸ ਗੱਲ ਉਤੇ ਵਿਚਾਰ ਕਰਨਾ ਜੀ।ਇਸ ਗੱਲ ਦੀ ਇਨ੍ਹਾਂ ਦੀ ਰਿਕੁਐਸਟ ਹੈ।

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਵਿਰੋਧੀ ਧਿਰ ਦੇ ਨੇਤਾ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੇ ਕੋਈ ਅਜਿਹਾ ਸਪੈਸੇਫਿਕ ਪੁਆਇੰਟ ਹੈ, ਉਹ ਮੈਂ ਚੈੱਕ ਕਰਵਾ ਲੈਂਦਾ ਹਾਂ otherwise ਤਾਂ ਜਦੋਂ ਪੈਟਰੋਲ ਪੰਪ ਲਗਦਾ ਹੈ ਤਾਂ ਐਨ.ਓ.ਸੀ. ਦਿੱਤਾ ਜਾਂਦਾ ਹੈ, ਉਸ ਦੀਆਂ ਗਾਈਡਲਾਈਨਜ਼ ਬਣੀਆਂ ਹੋਈਆਂ ਹਨ ..

**ਮਾਨਯੋਗ ਸਪੀਕਰ :** ਕੀ ਉਸ ਵਿਚ ਸਰਵਿਸ ਲੇਨ ਹੁੰਦੀ ਹੈ?

**ਮੰਤਰੀ:** ਸਪੀਕਰ ਸਾਹਿਬ, ਸਰਵਿਸ ਲੇਨ ਦੀ ਗੱਲ ਹੈ, ਇਹ ਹੁੰਦਾ ਹੈ ਲੇਕਿਨ ਜਿਥੇ ਕੋਈ ਕੰਪਲਾਇ ਨਹੀਂ ਕਰ ਰਿਹਾ, ਤੁਸੀਂ ਸਪੈਸੇਫਿਕਲੀ ਦੱਸ ਦਿਉ, ਮੈਂ ਉਥੇ ਕੰਪਲਾਇ ਕਰਵਾ ਦਿਆਂਗਾ।

**ਮਾਨਯੋਗ ਸਪੀਕਰ :** ਧੰਨਵਾਦ ਜੀ।

---------

## ਡੇਰਾਬੱਸੀ ਵਿੱਚ ਆਟਾ ਦਾਲ ਸਕੀਮ ਦੇ ਲਾਭਪਾਤਰੀ

***2624. ਸ਼੍ਰੀ ਐਨ.ਕੇ.ਸ਼ਰਮਾ :** ਕੀ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਹਲਕਾ ਡੇਰਾਬੱਸੀ ਵਿਚ ਆਟਾ ਦਾਲ ਸਕੀਮ ਅਧੀਨ ਲਾਭ ਪ੍ਰਾਪਤ ਕਰਦੇ ਲਾਭਪਾਤਰੀਆਂ ਦੀ ਮਾਰਚ, 2017 ਤੱਕ ਕੁੱਲ ਗਿਣਤੀ ਕਿੰਨੀ ਸੀ ਅਤੇ ਮਿਤੀ 31 ਦਸਬੰਰ, 2019 ਦੀ ਸਥਿਤੀ ਅਨੁਸਾਰ ਅਜਿਹੇ ਲਾਭਪਾਤਰੀਆਂ ਦੀ ਕੁੱਲ ਗਿਣਤੀ ਕਿੰਨੀ ਹੈ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਸਕੀਮ ਤਹਿਤ ਹਲਕਾ ਡੇਰਾਬੱਸੀ ਵਿਚ ਅਪ੍ਰੈਲ, 2017 ਤੋਂ 31 ਦਸੰਬਰ, 2019 ਤੱਕ ਲਾਭਪਾਤਰੀਆਂ ਨੂੰ ਕਿੰਨਾ ਰਾਸ਼ਨ ਵੰਡਿਆ ਜਾ ਚੁੱਕਾ ਹੈ ਅਤੇ ਕਿੰਨਾ ਰਾਸ਼ਨ ਅਜੇ ਵੰਡਣ ਨੂੰ ਰਹਿੰਦਾ ਹੈ, ਵੇਰਵੇ ਸਹਿਤ ਦੱਸਿਆ ਜਾਵੇ?

**ਸ਼੍ਰੀ ਭਾਰਤ ਭੂਸ਼ਣ ਆਸ਼ੂ:** (ੳ) ਇਸ ਸਕੀਮ ਅਧੀਨ, ਹਲਕਾ ਡੇਰਾਬੱਸੀ ਵਿੱਚ ਅਪ੍ਰੈਲ, 2017 ਵਿੱਚ 1,53,563 ਲਾਭਪਾਤਰੀ ਸੀ ਅਤੇ ਮਿਤੀ 31 ਦਸੰਬਰ, 2019 ਵਿੱਚ 1,62,560 ਲਾਭਪਾਤਰੀ ਹਨ।

(ਅ) ਇਸ ਸਕੀਮ ਅਧੀਨ ਹਲਕਾ ਡੇਰਾਬੱਸੀ ਵਿੱਚ ਅਪ੍ਰੈਲ, 2017 ਤੋਂ 31 ਦਸੰਬਰ, 2019 ਤੱਕ 22679.35 ਐਮ.ਟੀ.ਕਣਕ ਦੀ ਵੰਡ ਕੀਤੀ ਗਈ ਹੈ। ਜਨਵਰੀ, 2020 ਤੋਂ 20 ਫਰਵਰੀ, 2020 ਤੱਕ 1594.824 ਐਮ.ਟੀ. ਕਣਕ ਦੀ ਵੰਡ ਕਰ ਦਿੱਤੀ ਗਈ ਹੈ ਅਤੇ ਮਾਰਚ, 2020 ਦੇ ਅੰਤ ਤੱਕ ਬਕਾਇਆ 3424.154 ਐਮ.ਟੀ.ਕਣਕ ਵੰਡਣ ਦਾ ਟੀਚਾ ਹੈ।

**ਸ਼੍ਰੀ ਐਨ.ਕੇ.ਸ਼ਰਮਾ :** ਸਪੀਕਰ ਸਾਹਿਬ, ਮੰਤਰੀ ਜੀ ਇੱਕ ਤਾਂ ਇਹ ਦੱਸ ਦੇਣ ਕਿ ਸਾਲ 2012 ਤੋਂ 2016 ਤੱਕ ਜਿਹੜੇ ਕਾਰਡ ਮੇਰੇ ਹਲਕੇ ਵਿੱਚ ਬਣੇ ਹੋਏ ਸਨ, ਕੀ ਉਨ੍ਹਾਂ ਵਿਚੋਂ ਕੋਈ ਕੱਟੇ ਗਏ ਹਨ ਅਤੇ ਕਿੰਨੇ ਕਾਰਡ ਕੱਟੇ ਗਏ ਹਨ? ਇਹ ਨੰਬਰ ਇੱਕ ਪ੍ਰਸ਼ਨ ਹੈ। ਨੰਬਰ ਦੋ ਉਤੇ ਜਿਹੜੇ ਕਾਰਡ ਪਹਿਲਾਂ ਬਣੇ ਹੋਏ ਸੀ, ਕੀ ਉਨ੍ਹਾਂ ਨੂੰ ਦੁਬਾਰਾ ਫਾਰਮ ਭਰਨ ਦੀ ਲੋੜ ਹੈ ਜਾਂ as it is ਹੀ ਚੱਲਣਗੇ? ਕੀ ਉਨ੍ਹਾਂ ਨੂੰ ਫਾਰਮ ਭਰਨ ਦੀ ਜ਼ਰੂਰਤ ਨਹੀਂ? ਕੀ ਦੁਬਾਰਾ ਉਸੇ ਤਰ੍ਹਾਂ ਕਾਰਡ ਬਣ ਜਾਣਗੇ? ਨੰਬਰ ਤਿੰਨ ਉੱਤੇ ਕੀ ਇਹ ਸਾਢੇ ਤਿੰਨ ਸਾਲਾਂ ਵਿੱਚ ਕੋਈ ਦਾਲ, ਚਾਹ ਤੇ ਚੀਨੀ..

**ਮਾਨਯੋਗ ਸਪੀਕਰ :** ਸ਼ਰਮਾ ਜੀ, ਇਕ ਇਕ ਕਰਕੇ ਪੁੱਛ ਲਵੋ, ਲੰਬਾ ਹੋ ਜਾਣਾ ਹੈ।

**ਸ਼੍ਰੀ ਐਨ.ਕੇ.ਸ਼ਰਮਾ :** ਠੀਕ ਹੈ ਜੀ, ਬਾਅਦ ਵਿਚ ਪੁੱਛ ਲਵਾਂਗਾ। ਪਹਿਲਾਂ ਇਹ ਦੱਸ ਦਿਉ ਕਿ ਫਾਰਮ ਦੁਬਾਰਾ ਭਰਨ ਦੀ ਲੋੜ ਹੈ ਜਾਂ ਨਹੀਂ ਅਤੇ ਕਿੰਨੇ ਕਾਰਡ ਕੱਟੇ ਗਏ ਹਨ? ਇਸ ਬਾਰੇ ਮੰਤਰੀ ਜੀ ਦੱਸ ਦੇਣ।

**ਮੰਤਰੀ :** ਜਦੋਂ ਦੀ ਸਰਕਾਰ ਬਣੀ ਹੈ, ਦੋ-ਤਿੰਨ ਵਾਰੀ ਵੈਰੀਫਿਕੇਸ਼ਨ ਹੋ ਚੁੱਕੀ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਗਰ ਕੋਈ ਯੋਗ ਲਾਭਪਾਤਰੀ ਗਲਤ ਤਰੀਕੇ ਨਾਲ ਕੱਟਿਆ ਵੀ ਜਾਂਦਾ ਹੈ ਤਾਂ ਉਹ ਆਪਣਾ ਫਾਰਮ ਭਰ ਕੇ ਦੁਬਾਰਾ enrol ਹੋ ਸਕਦਾ ਹੈ, ਉਸ ਨੂੰ ਵੈਰੀਫਾਈ ਕਰਕੇ ਦੁਬਾਰਾ ਸ਼ਾਮਲ ਕਰ ਲਿਆ ਜਾਵੇਗਾ।

**ਸ਼੍ਰੀ ਐਨ.ਕੇ. ਸ਼ਰਮਾ** : ਸਪੀਕਰ ਸਾਹਿਬ, ਮੈਂ ਇਕ ਬੇਨਤੀ ਕੀਤੀ ਸੀ ਕਿ ਇਹ ਕਲੀਅਰ ਕਰ ਦੇਣ, ਜਿਨ੍ਹਾਂ ਦੇ ਕਾਰਡ ਪਹਿਲਾਂ ਬਣੇ ਹੋਏ ਸੀ, ਕੀ ਉਨ੍ਹਾਂ ਨੂੰ ਦੁਬਾਰਾ ਫਾਰਮ ਭਰਨ ਦੀ ਲੋੜ ਹੈ? ਜੇਕਰ ਕੱਟੇ ਗਏ ਹਨ ਤਾਂ ਲੋੜ ਹੈ ਜੇਕਰ ਨਹੀਂ ਕੱਟੇ ਗਏ ਤਾਂ ਕੀ ਉਨ੍ਹਾਂ ਨੂੰ ਦੁਬਾਰਾ ਫਾਰਮ ਭਰਨ ਦੀ ਲੋੜ ਹੈ? ਦੂਜਾ, ਕਾਂਗਰਸ ਪਾਰਟੀ ਦੇ ਮੈਨੀਫੈਸਟੋ ਦੇ ਪੇਜ ਨੰ: 79 ਦੀ ਆਈਟਮ ਨੰ: 21 ਵਿੱਚ ਕਿਹਾ ਗਿਆ ਸੀ ਕਿ ਬਹੁਤ ਵਧੀਆ ਚਾਹ ਆਸਾਮ ਤੋਂ ਲਿਆ ਕੇ ਦੇਵਾਂਗੇ ਅਤੇ ਚੀਨੀ ਵੀ ਸਪੈਸ਼ਲ ਤਿਆਰ ਕਰਕੇ ਦੇਵਾਂਗੇ ਪਰ ਸਾਢੇ ਤਿੰਨ ਸਾਲਾਂ ਵਿੱਚ ਚਾਹ, ਚੀਨੀ, ਘਿਓ...

**ਮਾਨਯੋਗ ਸਪੀਕਰ :** ਸਵਾਲ ਪੁੱਛੋ, ਸਵਾਲ।

**ਸ਼੍ਰੀ ਐਨ.ਕੇ. ਸ਼ਰਮਾ :** ਕੀ ਸਾਢੇ ਤਿੰਨ ਸਾਲਾਂ ਵਿੱਚ ਲਾਭਪਾਤਰੀਆਂ ਨੂੰ ਚਾਹ, ਚੀਨੀ, ਘਿਓ ਦਿੱਤੀ ਹੈ? ਜੇਕਰ ਨਹੀਂ ਦਿੱਤੀ ਤਾਂ ਕਦੋਂ ਦਿੱਤੀ ਜਾਵੇਗੀ? ਮੰਤਰੀ ਜੀ ਇਸ ਬਾਰੇ ਕਲੀਅਰ ਕਰ ਦੇਣ।

**ਮੰਤਰੀ :** ਇਨ੍ਹਾਂ ਦਾ ਪਹਿਲਾ ਸਵਾਲ ਡਿਸਟ੍ਰੀਬਿਊਸ਼ਨ ਦਾ ਹੈ, ਜੇ ਇਨ੍ਹਾਂ ਨੇ ਚਾਹ-ਚੀਨੀ ਬਾਰੇ ਪੁੱਛਣਾ ਸੀ ਤਾਂ ਫੇਰ ਪੁੱਛ ਲੈਂਦੇ ਪਰ ਮੈਂ ਫੇਰ ਵੀ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਆਪਣੀਆਂ ਕੁਮਿਟਮੈਂਟਸ ਪੂਰੀਆਂ ਕਰੇਗੀ ਅਤੇ ਇਸ ਵਾਸਤੇ ਵੀ ਬਜਟ ਵਿੱਚ ਉਪਬੰਧ ਕੀਤਾ ਗਿਆ ਹੈ। ਇਸ ਅਪਰੂਵਲ ਤੋਂ ਬਾਅਦ ਸ਼ਾਇਦ ਅਗਲੇ ਸੀਜ਼ਨ ਤੋਂ ਚਾਹ ਅਤੇ ਖੰਡ ਦੀ ਡਿਸਟ੍ਰੀਬਿਊਸ਼ਨ ਕਰ ਦੇਵਾਂਗੇ।

**ਸ਼੍ਰੀ ਐਨ.ਕੇ. ਸ਼ਰਮਾ :** ਸਪੀਕਰ ਸਾਹਿਬ, ਮੇਰੀ ਫਾਰਮ ਵਾਲੀ ਗੱਲ ਬਾਰੇ ਮੰਤਰੀ ਜੀ ਨੇ ਨਹੀਂ ਦੱਸਿਆ ਕਿ ਜਿਨ੍ਹਾਂ ਦੇ ਕਾਰਡ ਆਲਰੇਡੀ ਬਣੇ ਹੋਏ ਹਨ, ਉਨ੍ਹਾਂ ਨੂੰ ਫਾਰਮ ਭਰਨ ਦੀ ਲੋੜ ਹੈ ਕਿ ਨਹੀਂ? ਸਾਢੇ ਤਿੰਨ ਸਾਲਾਂ ਵਿੱਚ ਅਸੀਂ ਚਾਹ, ਚੀਨੀ ਅਤੇ ਘਿਓ ਨਹੀਂ ਦੇ ਸਕੇ, ਕੀ ਉਨ੍ਹਾਂ ਨੂੰ ਪਿਛਲਾ ਬੈਕਲਾਗ ਵੀ ਦਿਓਗੇ ਕਿ ਜਦੋਂ ਕੰਮ ਮੁੱਕ ਜਾਵੇਗਾ ਉਦੋਂ ਦੇਵੋਗੇ?

**ਮੰਤਰੀ :** ਸਪੀਕਰ ਸਾਹਿਬ, ਜਿਥੋਂ ਤੱਕ ਇਨ੍ਹਾਂ ਨੇ ਕਾਰਡਾਂ ਦੀ ਗੱਲ ਕੀਤੀ ਹੈ, ਮੈਂ ਤੁਹਾਨੂੰ ਖੁੱਲ੍ਹ ਕੇ ਹੀ ਦੱਸ ਦਿੰਦਾ ਹਾਂ ਕਿ ਪਿਛਲੀ ਵਾਰ ਇੰਨੀ ਜ਼ਿਆਦਾ ਗਲਤ ਡਿਸਟ੍ਰੀਬਿਊਸ਼ਨ ਹੋਈ ਸੀ, ਇਨ੍ਹਾਂ ਦੇ ਆਪਣੇ ਹੀ ਲੀਡਰ ਸਾਹਿਬਾਨ, ਜਿਹੜੇ ਇਨ੍ਹਾਂ ਦੇ ਗਵਾਂਢ ਵਿੱਚ ਬੈਠੇ ਹਨ। ਮਜੀਠਾ ਹਲਕੇ ਵਿੱਚ 98% ਬੈਨੀਫਿਸ਼ਰੀਜ਼ ਨੂੰ ਉਨ੍ਹਾਂ ਦੀ ਪਾਪੂਲੇਸ਼ਨ ਮੁਤਾਬਿਕ ਵੰਡ ਦਿੱਤੀ ਗਈ ਸੀ। ਹੁਣ ਅਸੀਂ rational ਕਰ ਰਹੇ ਹਾਂ ਅਤੇ ਜਿਹੜੇ-ਜਿਹੜੇ ਹਲਕੇ ਵਿੱਚ ਜਿੱਥੇ ਜਿੱਥੇ ਗਰੀਬ ਬੈਠਾ ਹੈ, ਉਨ੍ਹਾਂ ਨੂੰ ਉੱਥੇ ਰਾਸ਼ਨ ਦਿੱਤਾ ਜਾਵੇਗਾ।

----------

## ਰੋਟਾਵੇਟਰ ਉੱਪਰ ਬੰਦ ਕੀਤੀ ਸਰਕਾਰੀ ਸਬਸਿਡੀ ਮੁੜ ਚਾਲੂ ਕਰਨਾ

***2556. ਸਰਦਾਰ ਕੁਲਵੰਤ ਸਿੰਘ ਪੰਡੋਰੀ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਕਿਸਾਨੀ ਵਰਤੋਂ ਲਈ ਰੋਟਾਵੇਟਰ ਉੱਪਰ ਸਰਕਾਰੀ ਸਬਸਿਡੀ ਬੰਦ ਕਰ ਦਿੱਤੀ ਗਈ ਹੈ, ਜੇਕਰ ਅਜਿਹਾ ਹੈ ਤਾਂ ਇਸ ਦੇ ਕੀ ਕਾਰਨ ਹਨ ਅਤੇ ਇਸ ਨੂੰ ਮੁੜ ਤੋਂ ਕਦੋਂ ਤੱਕ ਚਾਲੂ ਕਰ ਦਿੱਤਾ ਜਾਵੇਗਾ?

**ਜਲ ਸਰੋਤ ਮੰਤਰੀ ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ਨਹੀਂ ਜੀ।

**ਸਰਦਾਰ ਕੁਲਵੰਤ ਸਿੰਘ ਪੰਡੋਰੀ :** ਸਪੀਕਰ ਸਾਹਿਬ, 'ਨਹੀਂ ਜੀ' ਕਹਿ ਕੇ ਕਿਸਾਨਾਂ ਨਾਲ ਵੱਡਾ ਧੋਖਾ ਕੀਤਾ ਲਗਦਾ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪਹਿਲਾਂ ਆਪਾਂ ਕਹਿੰਦੇ ਹਾਂ ਕਿ ਕਿਸਾਨ ਪਰਾਲੀ ਨੂੰ ਅੱਗ ਨਾ ਲਾਉਣ। ਜੇ ਇਨ੍ਹਾਂ ਨੇ ਅਜਿਹਾ ਨਹੀਂ ਕਰਨਾ ਹੁੰਦਾ ਤਾਂ ਜਿਹੜੇ ਕਿਸਾਨਾਂ ਨੇ ਅੱਗ ਲਗਾਈ ਹੈ, ਉਨ੍ਹਾਂ ਤੇ ਝੂਠੇ ਪਰਚੇ ਪਾਏ ਗਏ ਹਨ...

**ਮਾਨਯੋਗ ਸਪੀਕਰ :** ਪੰਡੋਰੀ ਜੀ, ਸਵਾਲ ਪੁੱਛੋ।

**ਸਰਦਾਰ ਕੁਲਵੰਤ ਸਿੰਘ ਪੰਡੋਰੀ :** ਇਨ੍ਹਾਂ ਨੇ ਤਾਂ 'ਨਹੀਂ ਜੀ' ਕਹਿ ਦਿੱਤਾ, ਫੇਰ ਪਰਚੇ ਤਾਂ ਰੱਦ ਕਰ ਦਿਓ ਜੀ।

**ਮੰਤਰੀ :** ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਇਨ੍ਹਾਂ ਨੂੰ ਆਪਣੇ ਸਵਾਲ ਬਾਰੇ ਆਪ ਹੀ ਪਤਾ ਨਹੀਂ ਹੈ।

**ਸਰਦਾਰ ਕੁਲਵੰਤ ਸਿੰਘ ਪੰਡੋਰੀ :** ਮੈਨੂੰ ਪਤਾ ਹੈ ਜੀ, ਤੁਸੀਂ ਜਵਾਬ 'ਨਹੀਂ ਜੀ' ਕਿਹਾ ਹੈ।

**ਮੰਤਰੀ :** ਇਕ ਮਿੰਟ ਸੁਣੋ ਜੀ। ਇਨ੍ਹਾਂ ਨੇ ਪੁੱਛਿਆ ਸੀ ਕਿ ਕਿਸਾਨੀ ਵਰਤੋਂ ਲਈ ਰੋਟਾਵੇਟਰ ਉੱਪਰ ਸਰਕਾਰੀ ਸਬਸਿਡੀ ਬੰਦ ਕਰ ਦਿੱਤੀ ਗਈ ਹੈ, ਜੇਕਰ ਅਜਿਹਾ ਹੈ ਤਾਂ ਇਸ ਦੇ ਕੀ ਕਾਰਨ ਹਨ ਅਤੇ ਇਸ ਨੂੰ ਮੁੜ ਕਦੋਂ ਤੱਕ ਚਾਲੂ ਕਰ ਦਿੱਤਾ ਜਾਵੇਗਾ? ਮੈਂ ਜਵਾਬ ਦਿੱਤਾ ਕਿ ਨਹੀਂ ਕੀਤੀ ਗਈ ਅਤੇ ਇਹ ਸਮਝੇ ਹੀ ਨਹੀਂ।

**ਮਾਨਯੋਗ ਸਪੀਕਰ :** ਸਬਸਿਡੀ ਬੰਦ ਨਹੀਂ ਕੀਤੀ ਗਈ। 'ਨਹੀ ਜੀ' ਤੋਂ ਮਤਲਬ ਉਨ੍ਹਾਂ ਦਾ ਇਹ ਹੈ।

**ਸਰਦਾਰ ਕੁਲਵੰਤ ਸਿੰਘ ਪੰਡੋਰੀ :** ਸਪੀਕਰ ਸਾਹਿਬ, ਨਹੀਂ ਜੀ, ਇਹ ਸਬਸਿਡੀ 12ਵੇਂ ਮਹੀਨੇ ਤੋਂ ਮਿਲ ਨਹੀਂ ਰਹੀ। ਮੈਂ ਮੰਤਰੀ ਸਾਹਿਬ ਦਾ ਧਿਆਨ ਤੁਹਾਡੇ ਜ਼ਰੀਏ ਇਸ ਪਾਸੇ ਵੀ ਲਿਆਉਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਨੂੰ ਪਹਿਲਾਂ ਰੋਟਾਵੇਟਰ ਮਿਲਦੇ ਸੀ, ਉਸ ਦੇ ਕੁਝ ਡੀਲਰ ਅਜਿਹੇ ਸਨ ਜਿਹੜੇ ਕਿ ਸਰਕਾਰ ਦੇ ਖਾਸ ਚਹੇਤੇ ਸਨ। ਉਨ੍ਹਾਂ ਤੋਂ ਹੀ ਲਏ ਜਾਂਦੇ ਸਨ, ਜਿਸ ਕਾਰਨ ਕਿਸਾਨਾਂ ਨੂੰ ਬਹੁਤ ਮਹਿੰਗੇ ਮਿਲਦੇ ਸਨ। ਮੈਂ ਇਹ ਵੀ ਬੇਨਤੀ ਕਰਦਾ ਹਾਂ ਕਿ ਜੇਕਰ ਸਬਸਿਡੀ ਚਲਦੀ ਹੈ, ਵੈਸੇ ਚਲਦੀ ਨਹੀਂ ਹੈ, ਮੈਂ ਪੂਰਾ ਪਤਾ ਕੀਤਾ ਹੈ ਪਰੰਤੂ ਜੇਕਰ ਸਬਸਿਡੀ ਚਲਦੀ ਵੀ ਹੈ ਤਾਂ ਸਾਰੀਆਂ ਫਰਮਾਂ ਨੂੰ ਕਹਿਣ ਤਾਂ ਕਿ ਕਿਸਾਨ ਜਿਥੋਂ ਮਰਜ਼ੀ ਖਰੀਦ ਸਕੇ ਅਤੇ ਉਨ੍ਹਾਂ ਨੂੰ ਇਹ ਸਸਤੇ ਮਿਲ ਸਕਣ। ਜਿਹੜੇ ਚਾਰ ਡੀਲਰ ਹੁੰਦੇ ਹਨ, ਉਹ ਸਰਕਾਰ ਦੇ ਹੀ ਹੁੰਦੇ ਹਨ।

**ਮੰਤਰੀ :** ਸਪੀਕਰ ਸਾਹਿਬ, ਇਹ ਜਿਹੜੀਆਂ ਸਬਸਿਡੀਜ਼ ਵਾਲੀਆਂ ਸਕੀਮਾਂ ਹਨ, ਇਹ ਸੈਂਟਰ ਦੀਆਂ ਸਕੀਮਾਂ ਸਨ ਅਤੇ ਹੁਣ ਤੱਕ ਤਿੰਨ ਤਰ੍ਹਾਂ ਦੀਆਂ ਸਕੀਮਾਂ ਆਈਆਂ ਹਨ, CDP scheme, SMAP, CRM, ਇਨ੍ਹਾਂ ਵੱਖ-ਵੱਖ ਸਕੀਮਾਂ ਵਿੱਚ ਸਬਸਿਡੀ ਸੀ ਅਤੇ ਜਿਹੜਾ ਪੈਸਾ ਪਾਉਣਾ ਹੁੰਦਾ ਸੀ, ਪਹਿਲੀਆਂ ਦੋ ਸਕੀਮਾਂ ਵਿੱਚ 60% ਸੈਂਟਰ ਵਲੋਂ ਦਿੱਤਾ ਜਾਂਦਾ ਸੀ ਅਤੇ 40% ਸਟੇਟ ਗੌਰਮਿੰਟ ਵਲੋਂ ਪਾਇਆ ਜਾਂਦਾ ਸੀ। ਜਿਹੜੀ ਤੀਜੀ ਸਕੀਮ ਸੀ, ਉਸ ਵਿੱਚ 100% ਸੈਂਟਰ ਸਰਕਾਰ ਤੋਂ ਪੈਸਾ ਆਉਂਦਾ ਸੀ ਅਤੇ ਹੁਣ ਤੱਕ, ਪਿਛਲੇ ਤਿੰਨ ਸਾਲਾਂ ਵਿੱਚ 4654 ਰੋਟਾਵੇਟਰ ਤੇ ਸਬਸਿਡੀ ਦਿੱਤੀ ਗਈ ਹੈ। ਜਿਹੜੀ ਗੱਲ ਇਹ ਕਹਿੰਦੇ ਹਨ ਕਿ ਸਾਲ 2020-21 ਲਈ, ਬੰਦ ਕਰ ਦਿੱਤੀ ਗਈ ਹੈ, ਇਹ ਭਾਰਤ ਸਰਕਾਰ ਦੀਆਂ ਸਕੀਮਾਂ ਹਨ। ਇਨ੍ਹਾਂ ਵਾਸਤੇ ਫੰਡ ਉਨ੍ਹਾਂ ਨੇ ਸੀ.ਆਰ.ਐਮ.ਐਸ. ਤਹਿਤ ਭੇਜਣੇ ਹਨ। ਜਦੋਂ ਉਹ ਆ ਜਾਂਦੇ ਹਨ ਤਾਂ ਅਸੀਂ ਦੇਣੇ ਹਨ। ਉਸੇ ਵੇਲੇ ਫੈਸਲਾ ਲੈ ਲਿਆ ਜਾਵੇਗਾ।

**ਸਰਦਾਰ ਕੁਲਵੰਤ ਸਿੰਘ ਪੰਡੋਰੀ :** ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਜਿਹੜਾ ਪਹਿਲਾਂ ਰੋਟਾਵੇਟਰ ਸੀ, ਉਸ ਤੇ ਸਬਸਿਡੀ ਚਲਦੀ ਹੈ ਪਰ ਮੈਂ ਮੰਤਰੀ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇੱਕ ਸੁਪਰ ਰੋਟਾਵੇਟਰ ਆਇਆ ਹੈ ਜੀ। ਜੇ ਉਸ ਤੇ ਵੀ ਇਹ ਲਾਗੂ ਕਰ ਦੇਣ ਤਾਂ ਉਸ ਦਾ ਬਹੁਤ ਫਾਇਦਾ ਹੋਵੇਗਾ। ਉਹ ਪੂਰਾ ਕਾਮਯਾਬ ਹੋ ਗਿਆ ਹੈ ਜੀ। ਮੈਂ ਇਨ੍ਹਾਂ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਸੁਪਰ ਰੋਟਾਵੇਟਰ 'ਤੇ ਵੀ ਲਾਗੂ ਕਰ ਦੇਣ।

**ਮਾਨਯੋਗ ਸਪੀਕਰ :** ਇਹ ਸੁਜੈਸ਼ਨ ਹੈ ਜੀ।

----------

## ਨਿਸ਼ਾਨ ਵਾਲਾ ਪ੍ਰਸ਼ਨ ਨੰ: 2374

(ਸਬੰਧਿਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

----------

## ਨਿਸ਼ਾਨ ਵਾਲਾ ਪ੍ਰਸ਼ਨ ਨੰ: 2664

**ਮਾਨਯੋਗ ਸਪੀਕਰ :** ਮਜੀਠੀਆ ਸਾਹਿਬ, ਤੁਹਾਡਾ ਸਵਾਲ ਮੁਲਤਵੀ ਹੋਇਆ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਰ, ਇਵੇਂ ਨਾ ਕਰੋ। ਅੱਜ ਕਿਹੜੇ ਮੂਡ ਵਿਚ ਹੋ ਜੀ? ਤੁਸੀਂ ਸੋਹਣੇ ਸਪੀਕਰ ਸਾਹਿਬ ਹੋ। ਤੁਸੀਂ ਕਿਹੜੇ ਚੱਕਰਾਂ ਵਿਚ ਪਏ ਹੋ ਜੀ?

**ਮਾਨਯੋਗ ਸਪੀਕਰ :** ਅੱਜ ਸਬੰਧਿਤ ਵਜ਼ੀਰ ਸਾਹਿਬ ਆਏ ਨਹੀਂ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਨਹੀਂ ਜੀ, ਦੂਜੇ ਮੰਤਰੀ ਸਾਹਿਬ ਜਵਾਬ ਦੇ ਦੇਣਗੇ ਜੀ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ):** ਸਪੀਕਰ ਸਾਹਿਬ, ਮੈਂ ਜਵਾਬ ਦੇ ਦਿੰਦਾ ਹਾਂ ਜੀ।

**ਮਾਨਯੋਗ ਸਪੀਕਰ :** ਅੱਛਾ, ਤੁਸੀਂ ਜਵਾਬ ਦੇ ਦਿਉਗੇ। ਮੇਰੇ ਕੋਲ ਮੁਲਤਵੀ ਵਾਸਤੇ ਰਿਕੁਐਸਟ ਆਈ ਸੀ। ਠੀਕ ਹੈ, ਤੁਸੀਂ ਜਵਾਬ ਦੇ ਦਿਉ ਜੀ।

## ਸ਼ਹੀਦ ਦੇ ਨਾਮ ਤੇ ਸਟੇਡੀਅਮ ਬਣਾਉਣਾ

***2664. ਸਰਦਾਰ ਬਿਕਰਮ ਸਿੰਘ ਮਜੀਠੀਆ :** ਕੀ ਖੇਡ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਵਿਧਾਨ ਸਭਾ ਹਲਕਾ ਮਜੀਠਾ ਵਿੱਚ ਪੈਂਦੇ ਪਿੰਡ ਅਲਕੜੇ ਦਾ ਇੱਕ ਫੌਜੀ ਲੈਂਸ ਨਾਇਕ ਗੁਰਮੇਲ ਸਿੰਘ ਜੋ ਸਾਲ 2017 ਵਿੱਚ ਦੇਸ਼ ਲਈ ਸ਼ਹੀਦ ਹੋਇਆ ਸੀ; ਕੀ ਉਸ ਦੇ ਪਿੰਡ ਵਿੱਚ, ਅੰਮ੍ਰਿਤਸਰ ਦੇ ਮਾਨਯੋਗ ਮੈਂਬਰ ਪਾਰਲੀਮੈਂਟ ਵਲੋਂ ਕੀਤੇ ਗਏ ਐਲਾਨ ਅਨੁਸਾਰ, ਸ਼ਹੀਦ ਦੇ ਨਾਂ ਤੇ ਇੱਕ ਸਟੇਡੀਅਮ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਇਹ ਸਟੇਡੀਅਮ ਤਿਆਰ ਹੋ ਜਾਵੇਗਾ?

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ):** ਸ਼੍ਰੀਮਾਨ ਜੀ, ਨਹੀਂ ਜੀ। ਮੈਂਬਰ ਪਾਰਲੀਮੈਂਟ ਅੰਮ੍ਰਿਤਸਰ ਵੱਲੋਂ ਆਪਣੇ ਐਮ.ਪੀ. ਲੈਂਡ ਦੇ ਫੰਡਾਂ ਵਿੱਚੋਂ ਪਿੰਡ ਅਲਕੜੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸ਼ਹੀਦ ਗੁਰਮੇਲ ਸਿੰਘ ਲੈਂਸ-ਨਾਇਕ ਦੇ ਨਾਮ ਤੇ ਸਟੇਡੀਅਮ ਨੂੰ ਅਪਗ੍ਰੇਡ ਕਰਨ ਸਬੰਧੀ ਖੇਡ ਵਿਭਾਗ ਨੂੰ ਅਜੇ ਤੱਕ ਕੋਈ ਤਜਵੀਜ਼ ਪ੍ਰਾਪਤ ਨਹੀਂ ਹੋਈ ਹੈ। ਤਜਵੀਜ਼ ਪ੍ਰਾਪਤ ਹੋਣ ਉਪਰੰਤ ਇਸ ਤੇ ਕਾਰਵਾਈ ਅਰੰਭੀ ਜਾਵੇਗੀ।

ਸਪੀਕਰ ਸਾਹਿਬ, ਮੈਂ ਇਸ ਸਬੰਧ ਵਿੱਚ ਅੱਗੇ ਹੋਰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਐਮ.ਪੀ. ਸਾਹਿਬ ਉੱਥੇ ਅਨਾਊਂਸਮੈਂਟ ਕਰਕੇ ਆਏ ਸੀ ਕਿ ਇਹ ਸ਼ਹੀਦ ਦੇ ਨਾਮ ਤੇ ਬਣੇਗਾ ਪਰ ਉਨ੍ਹਾਂ ਨੇ ਅਨਾਊਂਸਮੈਂਟ ਕਰਕੇ ਆਉਣ ਤੋਂ ਬਾਅਦ ਆਪਣੇ ਡਿਪਾਰਟਮੈਂਟ ਨੂੰ ਇਨਫਾਰਮ ਨਹੀਂ ਕੀਤਾ। ਇਸ ਕਰਕੇ ਇਹ ਨਹੀਂ ਬਣ ਸਕਿਆ ਪਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਦੀ ਪਾਲਿਸੀ ਹੈ ਕਿ ਫੌਜੀਆਂ ਅਤੇ ਸ਼ਹੀਦਾਂ ਦੇ ਨਾਮ 'ਤੇ ਸਟੇਡੀਅਮ ਬਣਨੇ ਹਨ। ਇਸ ਲਈ ਇਹ ਬਣਵਾ ਦਿੱਤਾ ਜਾਵੇਗਾ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਦਾ ਧੰਨਵਾਦ ਵੀ ਕਰਦਾ ਹਾਂ ਅਤੇ ਨਾਲ ਇੱਕ ਬੇਨਤੀ ਵੀ ਕਰਦਾ ਹਾਂ ਕਿ ਇਸ ਨੂੰ ਜੇ ਟਾਈਮ ਬਾਊਂਡ ਤਰੀਕੇ ਨਾਲ 31 ਮਾਰਚ ਤੱਕ ਫੰਡ ਜਾਰੀ ਕਰ ਦਿਉ ਅਤੇ ਉਹ ਅਗਲੇ ਸਾਲ ਤੱਕ ਬਣ ਜਾਵੇ। ਤੁਸੀਂ ਫਿਰ ਉੱਥੇ ਆ ਕੇ ਉਦਘਾਟਨ ਕਰੋ ਤਾਂ ਅਸੀਂ ਤੁਹਾਡੀ ਉੱਥੇ ਬੱਲੇ-ਬੱਲੇ ਕਰਵਾ ਦੇਈਏ ਕਿ ਤੁਸੀਂ ਚੰਗਾ ਕੰਮ ਕੀਤਾ ਹੈ। (ਹਾਸਾ) ਸੋ, ਸਪੀਕਰ ਸਾਹਿਬ, ਜੇ ਇਸ ਨੂੰ ਜਲਦੀ ਕਰ ਦੇਣ ਤਾਂ ਵਧੀਆ ਰਹੇਗਾ।

**ਮੰਤਰੀ :** ਸਪੀਕਰ ਸਾਹਿਬ, ਇਹ ਅਗਲੇ ਸਾਲ ਵਿਚ ਬਣ ਜਾਵੇਗਾ ਅਤੇ ਇਨ੍ਹਾਂ ਨੂੰ ਮੁੜ ਕੇ ਸਵਾਲ ਕਰਨ ਦੀ ਲੋੜ ਨਹੀਂ ਪਵੇਗੀ।

**ਮਾਨਯੋਗ ਸਪੀਕਰ :** ਮਜੀਠੀਆ ਜੀ, ਤੁਸੀਂ ਬੱਲੇ-ਬੱਲੇ ਕਰ ਦਿਉ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਇੱਕ ਬੇਨਤੀ ਹੈ ਜੀ। ਇਹ ਸ਼ਹੀਦਾਂ ਦਾ ਸਤਿਕਾਰ ਕਰਦੇ ਹਨ, ਇਹ ਬਹੁਤ ਚੰਗੀ ਗੱਲ ਹੈ। ਇਹ ਦਇਆਵਾਨ ਵੀ ਬੜੇ ਹਨ, ਸੋਹਣੇ ਵੀ ਬੜੇ ਹਨ, ਚੰਗੇ ਵੀ ਬੜੇ ਹਨ ਅਤੇ ਦਰਿਆ ਦਿਲ ਵੀ ਬੜੇ ਹਨ। ਇੱਕ ਸਕੂਲ ਹੈ, ਤੁਸੀਂ ਅਪਗ੍ਰੇਡ ਕਰਵਾ ਸਕਦੇ ਹੋ, ਨਹੀਂ ਤਾਂ ਮੰਤਰੀ ਜੀ ਨੇ ਤਾਂ ਪੱਕਾ ਉਸ ਨੂੰ ਅਪਗ੍ਰੇਡ ਕਰ ਦੇਣਾ ਹੈ, ਮੈਨੂੰ ਪਤਾ ਹੈ ਕਿ ਉਹ ਅਜਿਹੇ ਕੰਮ ਨੂੰ ਕਦੇ ਨਾਂਹ ਨਹੀਂ ਕਰ ਸਕਦੇ। ਜੇ ਤੁਸੀਂ ਉਹ ਵੀ ਨਾਲ ਅਨਾਊਂਸ ਕਰ ਦਿਉ ਕਿ ਸਕੂਲ ਵੀ ਅਪਗ੍ਰੇਡ ਕਰਾਂਗੇ , ਫੇਰ ਬੱਲੇ-ਬੱਲੇ ਤੁਹਾਡੀ ਹੋਣੀ ਹੈ, ਸਾਡੀ ਨਹੀਂ ਹੋਣੀ। ਇਹ ਕੰਮ ਤੁਹਾਡਾ ਹੈ।

**ਮੰਤਰੀ :** ਸਪੀਕਰ ਸਾਹਿਬ, ਇਹ ਵੱਖਰਾ ਸਵਾਲ ਬਣਦਾ ਹੈ ਜੀ।

**ਮਾਨਯੋਗ ਸਪੀਕਰ :** ਹਾਂ ਜੀ, ਇਹ ਵੱਖਰਾ ਸਵਾਲ ਬਣਦਾ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਫਿਰ ਇਸ ਨੂੰ ਵੀ ਅਪਗ੍ਰੇਡ ਕਰ ਦਿਉ।

----------

## ਬੁਢਾਪਾ, ਵਿਧਵਾ, ਅੰਗਹੀਣਾਂ ਅਤੇ ਆਸਰਿਤਾਂ ਨੂੰ ਦਿੱਤੀ ਜਾਂਦੀ ਪੈਨਸ਼ਨ ਵਿੱਚ ਵਾਧਾ ਕਰਨਾ

***2407. 1. ਸ਼੍ਰੀ ਪਵਨ ਕੁਮਾਰ ਟੀਨੂ**
**2. ਸ਼੍ਰੀ ਬਲਦੇਵ ਸਿੰਘ ਖਹਿਰਾ** **:** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬੁਢਾਪਾ, ਵਿਧਵਾ, ਅੰਗਹੀਣ ਅਤੇ ਆਸਰਿਤਾਂ ਨੂੰ ਦਿੱਤੀ ਜਾਂਦੀ 750/- ਰੁਪਏ ਪ੍ਰਤੀ ਮਹੀਨਾ ਦੀ ਰਾਸ਼ੀ ਨੂੰ ਵਧਾ ਕੇ 2500/- ਰੁਪਏ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

**ਸ਼੍ਰੀਮਤੀ ਅਰੁਨਾ ਚੌਧਰੀ:** ਸ਼੍ਰੀਮਾਨ ਜੀ, ਨਹੀਂ ਜੀ, ਸਰਕਾਰ ਵੱਲੋਂ ਬੁਢਾਪਾ, ਵਿਧਵਾ ਅਤੇ ਦਿਵਿਆਂਗ ਸਕੀਮ ਅਧੀਨ ਮਹੀਨਾ ਜੁਲਾਈ, 2017 ਤੋਂ ਪੈਨਸ਼ਨ ਰਾਸ਼ੀ ਦੀ ਦਰ 500/- ਰੁਪਏ ਤੋਂ ਵਧਾ ਕੇ 750/- ਰੁਪਏ ਪ੍ਰਤੀ ਲਾਭਪਾਤਰੀ ਪ੍ਰਤੀ ਮਹੀਨਾ ਕਰ ਦਿੱਤੀ ਗਈ ਹੈ। ਪੈਨਸ਼ਨ ਦੀ ਦਰ 750/- ਰੁਪਏ ਵਧਾ ਕੇ 1500/- ਰੁਪਏ ਪ੍ਰਤੀ ਮਹੀਨਾ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਕਾਸ਼ ਸਾਰੇ ਮੰਤਰੀਆਂ ਦਾ ਦਿਲ ਬਾਜਵਾ ਸਾਹਿਬ ਵਰਗਾ ਹੋਵੇ। ਤੁਸੀਂ ਦੇਖ ਲਵੋ, ਵਿਭਾਗ ਦੇ ਮੰਤਰੀ ਕੋਈ ਹੋਰ ਸੀ ਪਰ ਇਹ ਜਵਾਬ ਦੇ ਗਏ ਹਨ ਅਤੇ ਸਟੇਡੀਅਮ ਬਣਾ ਗਏ ਹਨ। ਮੈਨੂੰ ਵੈਸੇ ਉਮੀਦ ਵੀ ਸੀ ਕਿ ਗਰੀਬਾਂ ਦੇ ਕੰਮ ਵਿਚ ਤਾਂ ਜਵਾਬ 'ਨਹੀ ਜੀ' ਵਿਚ ਹੀ ਮਿਲਦਾ ਹੈ, ਸਾਨੂੰ ਨਾਂਹ ਹੀ ਮਿਲਣੀ ਹੁੰਦੀ ਹੈ ਕਿਉਂਕਿ ਕੱਲ੍ਹ ਵਿੱਤ ਮੰਤਰੀ ਜੀ ਨੇ ਵੀ ਸਾਡੀਆਂ ਸਾਰੀਆਂ ਸਕੀਮਾਂ ਨੂੰ ਜਿੰਦੇ ਲਗਾ ਦਿੱਤੇ ਹਨ। ਪਿਛਲੇ ਸਾਲ ਦੇ 938 ਕਰੋੜ ਰੁਪਏ ਦਾ ਕੋਈ ਹਿਸਾਬ ਨਹੀਂ ਹੈ ਅਤੇ 860 ਕਰੋੜ ਰੁਪਏ ਦਾ ਕੋਈ ਹਿਸਾਬ ਨਹੀਂ ਹੈ।

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛ ਲਵੋ ਜੀ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਇਨ੍ਹਾਂ ਨੇ ਕਾਂਗਰਸ ਪਾਰਟੀ ਨੇ ਆਪਣੇ ਚੋਣ ਮੈਨੀਫੈਸਟੋ ਵਿਚ ਕਿਹਾ ਸੀ ਕਿ ਅਸੀਂ ਇਹ ਰਕਮ 2500/- ਰੁਪਿਆ ਕਰ ਦੇਵਾਂਗੇ ਪਰ ਇਨ੍ਹਾਂ ਨੇ ਸਿਰਫ 250/- ਰੁਪਿਆ ਪ੍ਰਤੀ ਮਹੀਨਾ ਵਧਾਇਆ ਹੈ ਅਤੇ ਇੱਕ ਜ਼ੀਰੋ ਹੀ ਹੋਰ ਲਗਾਉਣੀ ਹੈ। ਐਤਕੀਂ ਤੁਹਾਡਾ ਸੈਕਿੰਡ ਲਾਸਟ ਬਜਟ ਹੈ। ਕੀ ਮਹੀਨੇ ਨੂੰ ਜਾਂ ਛੇ ਮਹੀਨਿਆਂ ਨੂੰ, ਕਦੋਂ ਤੱਕ ਤੁਸੀਂ ਇਹ ਰਕਮ ਵਧਾ ਕੇ 2500/- ਰੁਪਿਆ ਪ੍ਰਤੀ ਮਹੀਨਾ ਕਰ ਦਿਉਗੇ?

**ਮੰਤਰੀ :** ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਪਹਿਲੀ ਗੱਲ ਤਾਂ ਅਸੀਂ ਮੈਨੀਫੈਸਟੋ ਵਿਚ 2500/-ਰੁਪਿਆ ਪ੍ਰਤੀ ਮਹੀਨਾ ਦੇਣ ਬਾਰੇ ਨਹੀਂ ਕਿਹਾ ਸੀ। ਮੇਰੇ ਕੋਲ ਮੈਨੀਫੈਸਟੋ ਦੀ ਕਾਪੀ ਵੀ ਹੈ, ਅਸੀਂ ਇਸ ਵਿਚ 1500/- ਰੁਪਿਆ ਪ੍ਰਤੀ ਮਹੀਨਾ ਦੇਣ ਦੀ ਗੱਲ ਕੀਤੀ ਸੀ।

**ਸ਼੍ਰੀ ਪਵਨ ਕੁਮਾਰ ਟੀਨੂ :** ਤੁਸੀਂ ਸਵਾਲ ਵੀ ਪੜ੍ਹੋ।

**ਮੰਤਰੀ :** ਤੁਸੀਂ ਪਹਿਲਾਂ ਸੁਣ ਲਵੋ। ਇਹ ਤੁਹਾਡੇ ਸਵਾਲ ਵਿਚ ਹੀ ਤੁਸੀਂ ਮੈਨਸ਼ਨ ਕੀਤਾ ਹੈ ਜਦੋਂ ਕਿ ਅਸੀਂ 2500/- ਰੁਪਿਆ ਪ੍ਰਤੀ ਮਹੀਨਾ ਦੇਣ ਬਾਰੇ ਕੋਈ ਵਾਅਦਾ ਨਹੀਂ ਕੀਤਾ ਸੀ। ਸਾਡੇ ਮੈਨੀਫੈਸਟੋ ਵਿਚ 1500/- ਰੁਪਿਆ ਪ੍ਰਤੀ ਮਹੀਨਾ ਦੇਣ ਦੀ ਗੱਲ ਹੈ। ਦੂਸਰੀ ਗੱਲ, ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਤੁਸੀਂ 9 ਸਾਲ ਤੱਕ ਇਹ ਬੁਢਾਪਾ ਪੈਨਸ਼ਨ 250/- ਰੁਪਿਆ ਪ੍ਰਤੀ ਮਹੀਨਾ ਕਰਕੇ ਰੱਖੀ। ਤੁਸੀਂ ਆਖਰੀ ਸਾਲ ਦੌਰਾਨ ਇਸ ਨੂੰ ਵਧਾ ਕੇ 500/- ਰੁਪਿਆ ਪ੍ਰਤੀ ਮਹੀਨਾ ਕੀਤਾ।

**ਮਾਨਯੋਗ ਸਪੀਕਰ :** ਅਰੁਨਾ ਜੀ, ਤੁਸੀਂ ਚੇਅਰ ਨੂੰ ਐਡਰੈਸ ਕਰੋ ਜੀ।

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੇ ਆਖਰੀ ਸਾਲ ਦੌਰਾਨ ਇਹ ਪੈਨਸ਼ਨ 250/- ਰੁਪਿਆ ਪ੍ਰਤੀ ਮਹੀਨਾ ਤੋਂ ਵਧਾ ਕੇ 500/- ਰੁਪਿਆ ਪ੍ਰਤੀ ਮਹੀਨਾ ਕਰ ਦਿੱਤੀ ਸੀ

ਲੇਕਿਨ ਸਾਲ 2017 ਵਿਚ ਸਾਡੀ ਸਰਕਾਰ ਬਣਨ ਉਪਰੰਤ ਆਉਂਦੇ ਹੀ 500/- ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ ਇਹ ਪੈਨਸ਼ਨ 750/- ਰੁਪਏ ਕਰ ਦਿੱਤੀ। (ਥੰਪਿੰਗ) ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਇਹ ਵੀ ਦੱਸਣਾ ਚਾਹੁੰਦੀ ਹਾਂ ਕਿ ਸਾਡੀ ਸਰਕਾਰ ਕੋਲ ਪੰਜ ਸਾਲ ਦਾ ਸਮਾਂ ਹੈ, ਅਸੀਂ ਆਪਣੇ ਸਾਰੇ ਕੀਤੇ ਹੋਏ ਵਾਅਦਿਆਂ ਬਾਰੇ ਜਾਣਦੇ ਹਾਂ, ਸਾਨੂੰ ਪਤਾ ਹੈ। ਅਸੀਂ ਆਪਣੇ ਸਾਰੇ ਵਾਅਦੇ ਪੂਰੇ ਕਰਾਂਗੇ। ਕੱਲ੍ਹ ਐਫ.ਐਮ. ਸਾਹਿਬ ਨੇ ਇੰਨਾ ਵਧੀਆ ਬਜਟ ਪੇਸ਼ ਕੀਤਾ, ਉਸ ਦੀ ਸ਼ਲਾਘਾ ਤਾਂ ਤੁਸੀਂ ਕਰ ਦਿਉ। ਸਾਡੇ ਕੋਲ ਦੋ ਸਾਲ ਹੋਰ ਹਨ, ਸਾਡੀ ਮਨਸ਼ਾ ਬਹੁਤ ਕਲੀਅਰ ਹੈ। ਪੰਜ ਸਾਲਾਂ ਵਿਚ ਅਸੀਂ ਕਿਹਾ ਸੀ ਕਿ 1500/-ਰੁਪਏ ਕਰਾਂਗੇ, ਸੋ ਅਸੀਂ ਇਹ ਪੂਰਾ ਕਰਾਂਗੇ।

**ਮਾਨਯੋਗ ਸਪੀਕਰ :** ਬੈਠੋ-ਬੈਠੋ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਹੁਣ ਤਾਂ ਮੁਕਰਨ ਵਾਲੀ ਗੱਲ ਹੈ। ਹੁਣ ਕਹਿੰਦੇ ਹਨ ਕਿ ਆਖਰ ਤੇ ਜਾ ਕੇ ਕਰ ਦਿਆਂਗੇ, ਜਾਣ ਲੱਗਿਆਂ। ਇਨ੍ਹਾਂ ਨੇ ਇਹੀ ਕਿਹਾ ਹੈ ਕਿ ਜਾਣ ਲੱਗਿਆਂ ਕਰ ਦਿਆਂਗੇ।

**ਮੰਤਰੀ (ਬੈਠੇ-ਬੈਠੇ) :** ਨਹੀਂ, ਮੈਂ ਨਹੀਂ ਕਿਹਾ, ਤੁਸੀਂ ਕਿਹਾ ਸੀ ਕਿ ਜਾਣ ਲੱਗੇ।

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਦੂਜੀ ਗੱਲ ਇਨ੍ਹਾਂ ਨੇ ਵਿੱਤ ਮੰਤਰੀ ਜੀ ਦੀ ਕੀਤੀ ਹੈ। ਹੁਣ ਮੇਰਾ ਸਪੀਕਰ ਨਾ ਬੰਦ ਕਰਵਾਇਓ, ਮੈਂ ਅੱਧਾ ਮਿੰਟ ਲੈਣਾ ਹੈ। ਵਿੱਤ ਮੰਤਰੀ ਜੀ ਦੀ ਜਿਹੜੀ ਤੁਸੀਂ ਗੱਲ ਕੀਤੀ ਹੈ। ਵਿੱਤ ਮੰਤਰੀ ਜੀ ਨੇ ਜੋ ਸਾਡੇ ਵਿਦਿਆਰਥੀਆਂ ਦਾ....

**ਮਾਨਯੋਗ ਸਪੀਕਰ :** ਸਵਾਲ ਪੁੱਛੋ, ਸਵਾਲ ਪੁੱਛੋ।

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਮੰਤਰੀ ਜੀ ਰਿਜ਼ਰਵ ਸੀਟ ਤੋਂ ਜਿੱਤ ਕੇ ਆਏ ਹਨ, ਇੱਥੇ ਜੀ.ਪੀ. ਜੀ (ਸਰਦਾਰ ਗੁਰਪ੍ਰੀਤ ਸਿੰਘ) ਵੀ ਬੈਠੇ ਹਨ, ਚੰਨੀ ਜੀ ਬੈਠੇ ਹਨ, ਲੱਖਾ ਜੀ ਬੈਠੇ ਹਨ, ਜੋਗਿੰਦਰ ਪਾਲ ਜੀ ਬੈਠੇ ਹਨ। ਕੀ ਆਪਾਂ ਵਿੱਤ ਮੰਤਰੀ ਜੀ ਨੂੰ ਪੁੱਛ ਸਕਦੇ ਹਾਂ ਕਿ ਵਜ਼ੀਫਿਆਂ ਦਾ 938.71 ਕਰੋੜ ਬਕਾਇਆ ਕਿੱਥੇ ਚਲਿਆ ਗਿਆ।

**ਮਾਨਯੋਗ ਸਪੀਕਰ :** ਇਹ ਵੱਖਰਾ ਸਵਾਲ ਹੈ, ਇਹ ਸੈਪਰੇਟ ਸਵਾਲ ਹੈ।

**ਸ਼੍ਰੀ ਪਵਨ ਕੁਮਾਰ ਟੀਨੂ :** ** **

---

** **Expunged as ordered by the Chair.

**ਮਾਨਯੋਗ ਸਪੀਕਰ :** ਇਹ ਸੈਪਰੇਟ ਸਵਾਲ ਹੈ, ਸੈਪਰੇਟ ਸਵਾਲ ਹੈ। ਅਗਲਾ ਸਵਾਲ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਆਪਣੀ ਸੀਟ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਬੈਠ ਜਾਓ, ਕੁਲਤਾਰ ਜੀ। ਮੈਨੂੰ ਸਵਾਲ ਪੂਰੇ ਕਰ ਲੈਣ ਦਿਓ। ਕੁਲਤਾਰ ਜੀ, ਇਸ ਤਰ੍ਹਾਂ ਸਵਾਲ ਰਹਿ ਜਾਂਦੇ ਹਨ। ਬੈਠ ਜਾਓ, ਮੇਰੀ ਰਿਕੁਐਸਟ ਹੈ। ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਗਿਆ ਹੈ, ਉਹ ਐਕਸਪੰਜ ਕਰ ਦਿੱਤਾ ਜਾਵੇ।

----------

## ਡਰਾਇਵਿੰਗ ਟੈਸਟ ਦੇਣ ਲਈ ਲੋਕਾਂ ਨੂੰ ਆਉਂਦੀਆਂ ਮੁਸ਼ਕਲਾਂ ਦਾ ਹੱਲ ਕਰਨਾ

* **2792. ਸ਼੍ਰੀ ਰਜਿੰਦਰ ਬੇਰੀ :** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਕੀ ਇਹ ਠੀਕ ਹੈ ਕਿ ਡਰਾਇਵਿੰਗ ਲਾਇਸੰਸ ਲਈ ਟਰੈਕ ਉੱਤੇ ਟੈਸਟ ਦੇਣ ਸਮੇਂ ਪ੍ਰਾਰਥੀ ਨੂੰ ਮੁਸ਼ਕਲਾਂ ਪੇਸ਼ ਆਉਂਦੀਆਂ ਹਨ;

(ਅ) ਕੀ ਡਰਾਇਵਿੰਗ ਟਰੈਕ ਉਤੇ ਬੈਠਣ ਲਈ, ਪੀਣ ਵਾਲੇ ਪਾਣੀ, ਗਰਮੀ ਤੋਂ ਬਚਣ ਲਈ ਸ਼ੈੱਡ, ਏਜੰਟਾਂ ਦਾ ਜਾਲ ਹਟਾਉਣ ਸਮੇਤ ਆਮ ਜਨਤਾ ਲਈ ਹੋਰ ਸਹੂਲਤਾਂ ਦੇਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ;

(ੲ) ਕੀ ਇਹ ਵੀ ਠੀਕ ਹੈ ਕਿ ਡਰਾਇਵਿੰਗ ਲਾਇਸੈਂਸ ਲਈ ਐਪੁਆਇੰਟਮੈਂਟ ਲੈਣ ਲਈ ਮਹੀਨਾ ਲੰਬਾ ਇੰਤਜ਼ਾਰ ਕਰਨਾ ਪੈਂਦਾ ਹੈ, ਜਿਸ ਨਾਲ ਆਮ ਜਨਤਾ ਦੀ ਮੁਸ਼ਕਲ ਵਧਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਲਈ ਰੋਜ਼ਾਨਾ ਐਪੁਆਇੰਟਮੈਂਟ ਵਧਾਉਣ ਅਤੇ ਡਰਾਇਵਿੰਗ ਟੈਸਟ ਦੀ ਰੋਜ਼ਾਨਾ ਗਿਣਤੀ ਵਧਾਉਣ ਦੀ ਕੋਈ ਤਜਵੀਜ਼ ਵਿਚਾਰ ਅਧੀਨ ਹੈ?

**ਸ਼੍ਰੀਮਤੀ ਰਜ਼ੀਆ ਸੁਲਤਾਨਾ** : (ੳ) ਨਹੀਂ ਜੀ। ਟਰੇਂਡ ਪ੍ਰਾਰਥੀ ਨੂੰ ਟੈਸਟ ਦੇਣ ਸਮੇਂ ਕੋਈ ਮੁਸ਼ਕਲ ਪੇਸ਼ ਨਹੀਂ ਆਉਂਦੀ।

(ਅ) ਡਰਾਈਵਿੰਗ ਟੈਸਟ ਟਰੈਕਾਂ ਉੱਤੇ ਬੈਠਣ ਲਈ ਕੁਰਸੀਆਂ, ਪੀਣ ਲਈ ਪਾਣੀ ਅਤੇ ਗਰਮੀ ਤੋਂ ਬਚਣ ਲਈ ਸ਼ੈੱਡ ਅਤੇ ਕਮਰਿਆਂ ਦਾ ਪ੍ਰਬੰਧ ਕੀਤਾ ਗਿਆ ਹੈ। ਵਿਭਾਗ ਵਲੋਂ ਸਾਰਥੀ 4.0 ਸਾਫਟਵੇਅਰ ਰਾਹੀਂ ਬਿਨੈਕਾਰ ਆਪਣੇ ਘਰ ਤੋਂ ਡਰਾਈਵਿੰਗ ਲਾਇਸੈਂਸ ਦੀ ਫੀਸ ਅਤੇ ਫਾਰਮ ਆਨ ਲਾਈਨ ਅਪਲਾਈ

ਕਰ ਸਕਦਾ ਹੈ। ਇਸ ਲਈ ਬਿਨੈਕਾਰ ਨੂੰ ਕਿਸੇ ਏਜੰਟ ਕੋਲ ਜਾਣ ਦੀ ਜ਼ਰੂਰਤ ਨਹੀਂ ਹੈ। ਇਸ ਤੋਂ ਇਲਾਵਾ ਬਿਨੈਕਾਰ ਦੀ ਸਹੂਲਤ ਲਈ ਸਰਕਾਰ ਵਲੋਂ ਪੰਜਾਬ ਰਾਜ ਅੰਦਰ 500 ਤੋਂ ਉਪਰ ਸੇਵਾ ਕੇਂਦਰਾਂ ਤੇ ਲਰਨਿੰਗ ਲਾਇਸੈਂਸ ਬਣਾਉਣ ਦੀ ਸੁਵਿਧਾ ਦਿੱਤੀ ਗਈ ਹੈ ਅਤੇ ਪਾਸਪੋਰਟ ਦੀ ਤਰ੍ਹਾਂ ਲਾਇਸੈਂਸ ਅਤੇ ਆਰ.ਸੀ. ਵੀ ਡਾਕ ਰਾਹੀਂ ਲੋਕਾਂ ਨੂੰ ਉਨ੍ਹਾਂ ਦੇ ਰਿਹਾਇਸ਼ੀ ਪਤੇ ਤੇ ਮੁਹੱਈਆ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

(ੲ) ਕੇਵਲ ਉਨ੍ਹਾਂ ਟਰੈਕਾਂ ਤੇ ਹੀ ਐਪੁਆਇੰਟਮੈਂਟ ਲੈਣ ਲਈ ਇੰਤਜ਼ਾਰ ਕਰਨਾ ਪੈਂਦਾ ਹੈ ਜਿੱਥੇ ਐਪੁਆਇੰਟਮੈਂਟ ਲੈਣ ਲਈ ਬਿਨੈਕਾਰਾਂ ਦੀ ਗਿਣਤੀ ਉਸ ਟਰੈਕ ਤੇ ਨਿਰਧਾਰਤ ਸਮਰੱਥਾ ਤੋਂ ਵੱਧ ਹੈ ਅਜਿਹੇ ਕੇਸ ਵਿੱਚ ਬਿਨੈਕਾਰ ਹੋਰ ਟਰੈਕ ਜਿੱਥੇ ਸਮਰੱਥਾ ਹੈ, ਆਪਣੀ ਲਾਇਸੈਂਸ ਬਣਾਉਣ ਲਈ ਆਨ ਲਾਈਨ ਐਪੁਆਇੰਟਮੈਂਟ ਲੈ ਕੇ ਡਰਾਈਵਿੰਗ ਟੈਸਟ ਦੇ ਸਕਦਾ ਹੈ। ਰੋਜ਼ਾਨਾ ਐਪੁਆਇੰਟਮੈਂਟ ਵਧਾਉਣ ਅਤੇ ਡਰਾਈਵਿੰਗ ਟੈਸਟ ਦੀ ਗਿਣਤੀ ਵਧਾਉਣ ਸਬੰਧੀ ਵਿਭਾਗ ਵੱਲੋਂ ਨੈਸ਼ਨਲ ਇੰਨਫੋਰਮੇਟਿਕਸ ਸੈਂਟਰ (NIC) ਨਾਲ ਸੰਪਰਕ ਕਰਕੇ ਮੌਜੂਦਾ ਸਾਫਟਵੇਅਰ ਵਿੱਚ ਤਬਦੀਲੀ ਕਰਨ ਸਬੰਧੀ ਵਿਚਾਰਿਆ ਜਾਵੇਗਾ।

**ਮਾਨਯੋਗ ਸਪੀਕਰ :** ਰਜ਼ੀਆ ਜੀ, ਇਹ ਜਵਾਬ ਤਾਂ ਉਨ੍ਹਾਂ ਨੂੰ ਮਿਲਿਆ ਹੋਇਆ ਹੈ, ਉਨ੍ਹਾਂ ਨੇ ਪੜ੍ਹ ਵੀ ਲਿਆ ਹੋਣਾ ਹੈ। ਤੁਸੀਂ ਕੋਈ ਜ਼ਬਾਨੀ ਗੱਲ ਕਹਿਣੀ ਹੈ ਤਾਂ ਕਹਿ ਦਿਓ।ਕੋਈ crux ਹੈ ਤਾਂ ਉਸ ਦਾ ਜਵਾਬ ਦੇ ਦਿਓ।

**ਮੰਤਰੀ :** ਇਹ ਸਪਲੀਮੈਂਟਰੀ ਪੁੱਛ ਲੈਣ ਜੀ।

**ਸ਼੍ਰੀ ਰਜਿੰਦਰ ਬੇਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦਾ ਧਿਆਨ ਜਲੰਧਰ ਦੇ ਡਰਾਈਵਿੰਗ ਟੈਸਟ ਟਰੈਕ ਤੇ ਲਿਜਾਣਾ ਚਾਹੁੰਦਾ ਹਾਂ। ਸਾਡੇ ਡਰਾਈਵਿੰਗ ਟੈਸਟ ਵਾਲੀ ਜਗ੍ਹਾ ਤੇ ਪਾਣੀ ਵੀ ਪੀਣ ਨੂੰ ਨਹੀਂ ਮਿਲਦਾ ਹੈ। ਉਥੇ ਵਾਸ਼ਰੂਮ ਦੇ ਹਾਲ ਵੀ ਬਹੁਤ ਮਾੜੇ ਹਨ। ਗਰਮੀਆਂ ਦੇ ਵਿਚ ਲੋਕਾਂ ਨੂੰ ਉੱਥੇ ਧੁੱਪ ਵਿਚ ਖੜ੍ਹੇ ਹੋਣਾ ਪੈਂਦਾ ਹੈ ਤੇ ਲੋਕ ਤ੍ਰਾਹ-ਤ੍ਰਾਹ ਕਰਦੇ ਹਨ। ਮੈਂ ਆਪ ਜੀ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਜਲੰਧਰ ਦੇ ਡਰਾਈਵਿੰਗ ਟੈਸਟ ਦੇ ਟਰੈਕ ਦਾ ਜ਼ਰੂਰ ਧਿਆਨ ਰੱਖਿਆ ਜਾਵੇ। ਮੈਂ ਖੁਦ ਇਕ ਵਾਰ ਮੌਕੇ ਤੇ ਜਾ ਕੇ ਦੇਖ ਕੇ ਆਇਆ ਹਾਂ। ਜਿਹੜਾ ਮੇਰਾ ਭਾਗ (ੲ) ਵਾਲਾ ਪ੍ਰਸ਼ਨ ਹੈ। ਇਕ-ਇਕ ਮਹੀਨਾ ਡਰਾਈਵਿੰਗ ਲਾਇਸੈਂਸ ਵਾਸਤੇ ਇੰਤਜ਼ਾਰ ਕਰਨਾ ਪੈਂਦਾ ਹੈ। ਜਦੋਂ ਪਤਾ ਕਰਦੇ ਹਨ ਤਾਂ ਜਵਾਬ ਆਉਂਦਾ ਹੈ ਕਿ ਸਰਵਰ ਡਾਊਨ ਹੈ। ਜਦੋਂ ਕੋਈ ਏਜੰਟ ਅਪਲਾਈ ਕਰਦਾ ਹੈ ਤਾਂ ਉਸ ਨੂੰ ਇੱਕ-ਦੋ ਦਿਨਾਂ ਵਿਚ ਹੀ ਟਾਈਮ ਮਿਲ ਜਾਂਦਾ ਹੈ ਪਰ ਜਦੋਂ ਕੋਈ ਆਮ ਆਦਮੀ ਅਪਲਾਈ ਕਰਦਾ ਹੈ ਤਾਂ ਉਸ ਨੂੰ ਇੱਕ-ਇੱਕ ਮਹੀਨਾ ਲੱਗ ਜਾਂਦਾ ਹੈ। ਪਲੀਜ਼, ਇਸ ਬਾਰੇ ਜ਼ਰੂਰ ਧਿਆਨ ਦਿੱਤਾ ਜਾਵੇ।

**ਮੰਤਰੀ :** ਸਪੀਕਰ ਸਾਹਿਬ, ਠੀਕ ਹੈ ਜੀ, ਇਸ ਬਾਰੇ ਪੂਰਾ ਧਿਆਨ ਦਿੱਤਾ ਜਾਵੇਗਾ। ਬਾਕੀ ਅਫਸਰ ਸਾਹਿਬਾਨ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ, ਜਿੱਥੇ-ਜਿੱਥੇ ਪੀਣ ਵਾਲੇ ਪਾਣੀ ਦੀ ਜਾਂ ਕਿਸੇ ਹੋਰ ਚੀਜ਼ ਦੀ ਮੁਸ਼ਕਲ ਪੇਸ਼ ਆਉਂਦੀ ਹੈ, ਉਸ ਬਾਰੇ ਵੀ ਉਨ੍ਹਾਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ ਕਿ ਸੁਧਾਰ ਕੀਤਾ ਜਾਵੇ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਹਲਕਾ ਲੰਬੀ ਦੇ ਵਿਚ ਇਕ ਡਰਾਈਵਿੰਗ ਸਕੂਲ ਹੈ ਮਹੂਆਣਾ। ਉਥੇ ਬੜੀਆਂ ਲੰਬੀਆਂ-ਲੰਬੀਆਂ ਡੇਟਾਂ ਮਿਲਦੀਆਂ ਹਨ। ਦੋ-ਦੋ, ਤਿੰਨ-ਤਿੰਨ ਮਹੀਨਿਆਂ ਦੀਆਂ ਡੇਟਾਂ ਮਿਲਦੀਆਂ ਹਨ। ਉਹ ਖਾਸ ਤੌਰ ਤੇ ਸਾਰੇ ਮਾਲਵੇ ਨੂੰ ਕਵਰ ਕਰਦਾ ਹੈ। ਉੱਥੇ ਬਹੁਤ ਵੱਡੀ ਪੱਧਰ ਤੇ ਕੁਰੱਪਸ਼ਨ ਚਲਦੀ ਹੈ। ਜਿਹੜਾ ਨਹੀਂ ਜਾਂਦਾ ਉਹ 2000/- ਰੁਪਿਆ ਦੇਵੇ ਤਾਂ ਡਰਾਈਵਿੰਗ ਲਾਇਸੈਂਸ ਘਰ ਬਣ ਕੇ ਆ ਜਾਂਦਾ ਹੈ ਨਹੀਂ ਤਾਂ ਉੱਥੇ ਜਾ ਕੇ ਲੰਬੀ ਲਾਈਨ ਵਿੱਚ ਖੜਨਾ ਪੈਂਦਾ ਹੈ। ਘੱਟੋ-ਘੱਟ ਮੰਤਰੀ ਸਾਹਿਬ ਆਸ਼ਵਾਸਨ ਦਿਵਾ ਦੇਣ ਕਿ ਇਸ ਤਰ੍ਹਾਂ ਦੇ ਸਕੂਲਜ਼ ਹੋਰਨਾਂ ਜ਼ਿਲ੍ਹਿਆਂ ਦੇ ਵਿੱਚ ਵੀ ਖੁੱਲ੍ਹ ਜਾਣ ਤਾਂ ਕਿ ਲੋਕਾਂ ਨੂੰ ਉੱਥੇ ਫੈਸੀਲਿਟੀ ਮਿਲ ਜਾਵੇ। ਲੰਬੀ ਦੇ ਵਿੱਚ ਉਹ ਕੁਰੱਪਸ਼ਨ ਦਾ ਅੱਡਾ ਬਣ ਚੁੱਕਾ ਹੈ। ਇਸ ਦੇ ਲਈ ਹੋਰ ਨਵੇਂ ਸਕੂਲ ਬਣਨੇ ਚਾਹੀਦੇ ਹਨ।

**ਮਾਨਯੋਗ ਸਪੀਕਰ :** ਵਜ਼ੀਰ ਸਾਹਿਬ, ਸਵਾਲ ਤਾਂ ਵੱਖਰਾ ਬਣਦਾ ਹੈ ਪਰ Leader of Opposition ਦੀ valuable suggestion ਹੈ। ਇਸ ਤੇ ਜ਼ਰੂਰ ਵਿਚਾਰ ਕਰਕੇ ਕੁਝ ਨਾ ਕੁਝ ਕਾਰਵਾਈ ਕੀਤੀ ਜਾਵੇ।

**ਮੰਤਰੀ :** ਠੀਕ ਹੈ ਜੀ, ਵਿਚਾਰ ਕਰ ਲਵਾਂਗੇ ਜੀ।

-----------

## ਪਠਾਨਕੋਟ ਵਿਖੇ ਟਿਊਬਵੈੱਲ ਠੀਕ ਕਰਵਾਉਣ ਲਈ ਫੰਡਜ਼ ਜਾਰੀ ਕਰਨਾ

***2797. ਸ੍ਰੀ ਜੋਗਿੰਦਰ ਪਾਲ :** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਪਠਾਨਕੋਟ ਵਿੱਚ ਟਿਊਬਵੈੱਲ ਕਾਰਪੋਰੇਸ਼ਨ ਅਧੀਨ ਕੁੱਲ 129 ਟਿਊਬਵੈੱਲ ਹਨ ਜਿਸ ਵਿੱਚੋਂ 27 ਟਿਊਬਵੈੱਲ ਖਰਾਬ ਪਏ ਹਨ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਇਨ੍ਹਾਂ ਨੂੰ ਠੀਕ ਕਰਵਾਉਣ ਲਈ ਕਦੋਂ ਤੱਕ ਲੋੜੀਂਦਾ ਫੰਡ ਜਾਰੀ ਕਰਨ ਦਾ ਵਿਚਾਰ ਰੱਖਦੀ ਹੈ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ਹਾਂ ਜੀ, ਇਹ ਠੀਕ ਹੈ ਕਿ ਜ਼ਿਲ੍ਹਾ ਪਠਾਨਕੋਟ ਵਿੱਚ ਟਿਊਬਵੈੱਲ ਕਾਰਪੋਰੇਸ਼ਨ ਅਧੀਨ 129 ਟਿਊਬਵੈੱਲ ਲੱਗੇ ਹੋਏ ਹਨ, ਜਿਨ੍ਹਾਂ ਵਿੱਚੋਂ 21 ਟਿਊਬਵੈੱਲ ਖਰਾਬ ਪਏ ਹਨ। ਇਨ੍ਹਾਂ ਖਰਾਬ ਪਏ ਟਿਊਬਵੈੱਲਾਂ ਨੂੰ ਠੀਕ

ਕਰਵਾਉਣ ਲਈ ਸਾਲ 2020-21 ਦੌਰਾਨ ਫੰਡਜ਼ ਜਾਰੀ ਕਰਨ ਦੀ ਤਜਵੀਜ਼ ਹੈ।

**ਸ਼੍ਰੀ ਜੋਗਿੰਦਰ ਪਾਲ :** ਸਪੀਕਰ ਸਾਹਿਬ, ਮੰਤਰੀ ਜੀ ਤਾਂ 21 ਟਿਊਬਵੈੱਲ ਕਹਿ ਰਹੇ ਹਨ ਪਰ ਮੇਰੇ ਹਲਕੇ ਦੇ ਵਿੱਚ 27 ਟਿਊਬਵੈੱਲ ਖਰਾਬ ਹਨ। ਮੇਰਾ ਟੋਟਲ ਰੂਰਲ ਏਰੀਆ ਹੈ। ਇਹ ਜਲਦੀ ਤੋਂ ਜਲਦੀ ਠੀਕ ਕਰਵਾਏ ਜਾਣ ਤਾਂ ਕਿ ਕਿਸਾਨਾਂ ਨੂੰ ਕੋਈ ਫਾਇਦਾ ਹੋ ਜਾਏ। ਇਹ ਕਦੋਂ ਤੱਕ ਠੀਕ ਹੋ ਜਾਣਗੇ?

**ਮੰਤਰੀ :** ਸਪੀਕਰ ਸਾਹਿਬ, ਇਹ 27 ਟਿਊਬਵੈੱਲ ਕਹਿੰਦੇ ਹਨ ਪਰ ਮੈਨੂੰ ਮਹਿਕਮੇ ਨੇ 21 ਟਿਊਬਵੈੱਲ ਦੱਸਿਆ ਹੈ। ਇਹ ਠੀਕ ਕਹਿੰਦੇ ਹੋਣਗੇ। (ਵਿੱਤ ਮੰਤਰੀ ਵੱਲ ਇਸ਼ਾਰਾ ਕਰਦਿਆਂ) ਵਿੱਤ ਮੰਤਰੀ ਜੀ, ਛੋਟਾ ਜਿਹਾ ਕੰਮ ਹੈ। 10 ਲੱਖ ਰੁਪਏ ਤੋਂ ਥੱਲੇ-ਥੱਲੇ ਦਾ ਹੈ, ਦੱਸੋ ਕਰ ਦੇਵਾਂ ਜੀ? (ਇਸ ਸਮੇਂ ਵਿੱਤ ਮੰਤਰੀ, ਸਰਦਾਰ ਮਨਪ੍ਰੀਤ ਸਿੰਘ ਬਾਦਲ ਨੇ ਆਪਣੀ ਸੀਟ ਤੇ ਬੈਠੇ-ਬੈਠੇ ਹਾਂ-ਪੱਖੀ ਹੁੰਗਾਰਾ ਭਰਿਆ।) ਸਪੀਕਰ ਸਾਹਿਬ, ਕਰ ਦਿੰਦੇ ਹਾਂ ਜੀ।

**ਸਰਦਾਰ ਜੋਗਿੰਦਰ ਪਾਲ :** ਧੰਨਵਾਦ ਜੀ।

-----------

## ਰਾਜ ਦੀਆਂ ਜ਼ਮੀਨਾਂ ਤੇ ਅਣਅਧਿਕਾਰਤ ਕਬਜ਼ੇ

***2457. ਸ਼੍ਰੀ ਦਰਸ਼ਨ ਲਾਲ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ- (ੳ) ਕੀ ਸਰਕਾਰ ਰਾਜ ਵਿੱਚ ਵੱਗ ਰਹੇ ਨਾਲੇ (ਚੋਅ) ਦੀ ਜ਼ਮੀਨੀ ਮਲਕੀਅਤ ਬਾਰੇ ਸਪੱਸ਼ਟ ਕਰੇਗੀ ਮਾਲ ਰਿਕਾਰਡ ਦੇ ਮੁਤਾਬਿਕ ਉਕਤ ਜ਼ਮੀਨ ਦਾ ਮਾਲਕ ਕੌਣ ਹੈ;

(ਅ) ਕੀ ਇਹ ਵੀ ਠੀਕ ਹੈ ਕਿ ਉਕਤ ਜ਼ਮੀਨ ਦੇ ਇੱਕ ਵੱਡੇ ਹਿੱਸੇ ਤੇ ਅਣਅਧਿਕਾਰਤ ਲੋਕਾਂ ਦੁਆਰਾ ਕਬਜ਼ਾ ਕੀਤਾ ਹੋਇਆ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਤਰ੍ਹਾਂ ਦੀ ਜ਼ਮੀਨ ਦਾ ਕੁੱਲ ਰਕਬਾ ਕਿੰਨਾ ਹੈ;

(ੲ) ਅਣਅਧਿਕਾਰਤ ਕਬਜ਼ਾਧਾਰਕਾਂ ਤੋਂ ਅਜਿਹੀ ਜ਼ਮੀਨ ਨੂੰ ਖਾਲੀ ਕਰਾਉਣ ਲਈ ਸਰਕਾਰ ਦੁਆਰਾ ਚੁੱਕੇ ਗਏ/ਚੁੱਕੇ ਜਾਣ ਵਾਲੇ ਕਦਮਾਂ ਦਾ ਵੇਰਵਾ ਕੀ ਹੈ?

**ਸਰਦਾਰ ਗੁਰਪ੍ਰੀਤ ਸਿੰਘ ਕਾਂਗੜ:** (ੳ) ਰਾਜ ਵਿੱਚ ਵਗ ਰਹੇ ਨਾਲੇ (ਚੋਅ) ਦੀ ਮਾਲਕੀ ਡਰੇਨੇਜ ਵਿਭਾਗ, ਪੰਚਾਇਤ ਵਿਭਾਗ ਅਤੇ ਕਈ ਥਾਵਾਂ ਤੇ ਨਿੱਜੀ ਮਾਲਕੀ ਹੈ।

(ਅ) ਨਾਲੇ (ਚੋਏ) ਦੀ ਜ਼ਮੀਨ ਤੇ 309 ਏਕੜ ਜ਼ਮੀਨ ਤੇ ਅਣਅਧਿਕਾਰਤ ਕਬਜ਼ਾ ਹੈ।

(ੲ) ਨਜਾਇਜ਼ ਕਬਜ਼ੇ ਖਾਲੀ ਕਰਾਉਣ ਲਈ ਮਾਨਯੋਗ ਸੁਪਰੀਮ ਕੋਰਟ ਅਤੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਮਾਮਲੇ ਕਾਰਵਾਈ ਅਧੀਨ ਹਨ।

**ਸ਼੍ਰੀ ਦਰਸ਼ਨ ਲਾਲ:** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿੱਥੇ ਨਜਾਇਜ਼ ਕਬਜ਼ੇ ਹੋਏ ਹਨ ਜਾਂ ਮਾਲਕੀ ਹੈ, ਇਹ ਇਕੱਲੇ ਬਲਾਚੌਰ ਦਾ ਮਸਲਾ ਨਹੀਂ ਹੈ, ਇਹ ਸਾਰੇ ਪੰਜਾਬ ਦਾ ਮਸਲਾ ਹੈ। ਉਨ੍ਹਾਂ ਜ਼ਮੀਨਾਂ ਲਈ ਜਾਂ ਤਾਂ ਮਾਲਕੀ ਦੇ ਪੈਸੇ ਦਿੱਤੇ ਜਾਣ ਜਾਂ ਇਹ ਯਕੀਨੀ ਬਣਾਇਆ ਜਾਵੇ ਕਿ ਉਹ ਬਰਸਾਤੀ ਪਾਣੀ ਨੂੰ ਰੋਕ ਨਾ ਸਕਣ। ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਵੇਲੇ ਨਜਾਇਜ਼ ਕਲੋਨੀਆਂ ਕੱਟ ਦਿੱਤੀਆਂ ਸਨ। ਮੇਰੇ ਹਲਕੇ ਬਲਾਚੌਰ ਵਿੱਚ ਵੀ ਇੱਕ ਨਜਾਇਜ਼ ਕਲੋਨੀ ਕੱਟ ਦਿੱਤੀ। ਜਿਸ ਨੇ ਕੱਟੀ ਸੀ, ਉਸ ਨੇ ਪਾਣੀ ਦੀ ਨਿਕਾਸੀ ਲਈ ਇੱਕ ਕਿੱਲਾ ਰੱਖਿਆ ਸੀ। ਉਹ ਵੀ ਬਾਅਦ ਵਿੱਚ ਵੇਚ ਦਿੱਤਾ। ਹੁਣ ਬੜੀ ਮੁਸ਼ਕਲ ਆ ਗਈ ਹੈ। ਰਾਹ ਵਿੱਚ ਵੀ ਕਲੋਨੀਆਂ ਕੱਟ ਦਿੱਤੀਆਂ ਹਨ। ਬਰਸਾਤੀ ਪਾਣੀ ਦੀ ਨਿਕਾਸੀ ਨਹੀਂ ਹੁੰਦੀ ਹੈ। ਇਸ 'ਤੇ ਜ਼ਰੂਰ ਐਕਸ਼ਨ ਲਿਆ ਜਾਵੇ। ਇੱਕ ਹੋਰ ਪ੍ਰਾਬਲਮ ਹੈ, ਜਿਹੜੀਆਂ ਡਰੇਨਜ਼ ਹਨ, ਕਈ ਜਗ੍ਹਾ ਛੱਪੜ ਦਾ ਪਾਣੀ ਭਰ ਜਾਂਦਾ ਹੈ। ਬੜੀ ਮੁਸ਼ਕਲ ਆਉਂਦੀ ਹੈ। ਪਿੰਡ ਵਾਲੇ ਦੂਜੀ ਡਰੇਨ ਦਾ ਪਾਣੀ ਨਹੀਂ ਪਾਉਣ ਦਿੰਦੇ। ਇਹ ਯਕੀਨੀ ਬਣਾਇਆ ਜਾਵੇ ਕਿ ਕੋਈ ਵੀ ਡਰੇਨ ਦੇ ਪਾਣੀ ਨੂੰ ਨਾ ਰੋਕ ਸਕੇ।

**ਮੰਤਰੀ :** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਨਜਾਇਜ਼ ਕਬਜ਼ੇ ਹਨ, ਉਹ ਮਾਨਯੋਗ ਸੁਪਰੀਮ ਕੋਰਟ ਅਤੇ ਮਾਨਯੋਗ ਹਾਈ ਕੋਰਟ ਵਿੱਚ ਮਾਮਲੇ ਕਾਰਵਾਈ ਅਧੀਨ ਹਨ। ਜਿਹੜੀ ਇਨ੍ਹਾਂ ਨੇ ਡਰੇਨ ਦੀ ਗੱਲ ਕਹੀ, ਉਹ ਕੁਐਸਚਨ ਵੱਖਰਾ ਬਣਦਾ ਹੈ ਪਰ ਮੈਂ ਆਪਣੇ ਵੱਲੋਂ ਵਿਸ਼ਵਾਸ ਦਿਵਾਉਦਾ ਹਾਂ ਕਿ ਅਸੀਂ ਇਸ ਤੇ ਗੰਭੀਰਤਾ ਨਾਲ ਵਿਚਾਰ ਕਰਾਂਗੇ। ਜਿਹੜੀ ਮਾਲਕੀਅਤ ਹੈ, ਉਹ ਮਾਲਕਾਂ ਰਾਹੀਂ ਉਨ੍ਹਾਂ ਨੂੰ ਦਿੱਤੀ ਜਾਵੇਗੀ। ਦੂਜਿਆਂ ਤੋਂ ਨਜਾਇਜ਼ ਕਬਜ਼ੇ ਜਲਦੀ ਛੁਡਵਾਏ ਜਾਣਗੇ।

**ਸਰਦਾਰ ਬਲਵਿੰਦਰ ਸਿੰਘ ਬੈਂਸ:** ਸਪੀਕਰ ਸਾਹਿਬ, ਮੇਰੇ ਵੀਰ ਨੇ ਬਹੁਤ ਹੀ ਅਹਿਮ ਸਵਾਲ ਲਗਾਇਆ ਹੈ। ਰਾਜ ਦੀਆਂ ਜ਼ਮੀਨਾਂ ਤੇ ਅਣਅਧਿਕਾਰਤ ਕਬਜ਼ੇ ਹਨ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਬਹੁਤ ਸਾਰੀਆਂ ਅਖਬਾਰਾਂ ਨੇ ਇਹ ਗੱਲ ਲਿਖੀ ਹੈ ਕਿ ਜਿਹੜਾ ਮੁੱਖ ਮੰਤਰੀ ਸਾਹਿਬ ਨੇ ਨਵਾਂ ਘਰ ਬਣਾਇਆ ਹੈ, ਉਹ ਸ਼ਾਮਲਾਤ ਜ਼ਮੀਨ ਤੇ ਹੈ? ਕੀ ਇਹ ਗੱਲ ਠੀਕ ਹੈ? ਕੀ ਇਹ ਦੱਸਣ ਦੀ ਖੇਚਲ ਕਰਨਗੇ? ਕੀ ਬਾਦਲਾਂ ਦਾ ਸੁਖ ਵਿਲਾਸ ਸਰਕਾਰੀ ਪੰਚਾਇਤੀ ਜ਼ਮੀਨ ਤੇ ਹੈ? ਕੀ ਇਹ ਦੱਸਣ ਦੀ ਖੇਚਲ ਕਰਨਗੇ?

**ਮਾਨਯੋਗ ਸਪੀਕਰ :** ਵੱਖਰਾ ਸਵਾਲ ਦੇ ਦਿਉ ਜੀ। ਵੱਖਰਾ ਸਵਾਲ ਦੇ ਦਿਉ। ਦਰਸ਼ਨ ਲਾਲ ਜੀ, ਹੋ ਗਿਆ ਜੀ। ਹਾਂ ਜੀ, ਮਾਣੂਕੇ ਜੀ।

----------

**ਜਗਰਾਉਂ ਦੇ ਸਰਕਾਰੀ ਹਸਪਤਾਲ ਵਿੱਚ ਵੈਂਟੀਲੇਟਰ ਦੀ ਸੁਵਿਧਾ ਦੇਣਾ**

***2498. ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜਗਰਾਉਂ ਵਿਖੇ ਸਰਕਾਰੀ ਹਸਪਤਾਲ ਵਿੱਚ ਵੈਂਟੀਲੇਟਰ ਦੀ ਸੁਵਿਧਾ ਉਪਲਬਧ ਹੈ ਜਾਂ ਨਹੀਂ ਹੈ ਜਿਸ ਨਾਲ ਸੜਕ ਹਾਦਸੇ ਦੇ ਸ਼ਿਕਾਰ ਹੋਏ ਅਤੇ ਅਣ-ਸੁਖਾਵੀਂ ਘਟਨਾ ਨਾਲ ਗ੍ਰਸਤ ਲੋਕ ਦਮ ਤੋੜ ਦਿੰਦੇ ਹਨ; ਜੇਕਰ ਜਵਾਬ ਨਾਂਹ ਵਿਚ ਹੈ ਤਾਂ ਸਰਕਾਰੀ ਹਸਪਤਾਲ, ਜਗਰਾਉਂ ਵਿਖੇ ਵੈਂਟੀਲੇਟਰ ਦੀ ਸੁਵਿਧਾ ਕਦੋਂ ਤੱਕ ਮੁਹੱਈਆ ਕਰਵਾ ਦਿੱਤੀ ਜਾਵੇਗੀ?

**ਸਰਦਾਰ ਬਲਬੀਰ ਸਿੰਘ ਸਿੱਧੂ :** ਸ਼੍ਰੀਮਾਨ ਜੀ, ਹਾਂ ਜੀ। ਇਹ ਠੀਕ ਹੈ ਕਿ ਜਗਰਾਉਂ ਵਿਖੇ ਸਰਕਾਰੀ ਹਸਪਤਾਲ ਵਿੱਚ ਵੈਂਟੀਲੇਟਰ ਦੀ ਸੁਵਿਧਾ ਹਾਲ ਦੀ ਘੜੀ ਉਪਲਬਧ ਨਹੀਂ ਹੈ। ਵੈਂਟੀਲੇਟਰ ਦੀ ਸੁਵਿਧਾ ਪਹਿਲਾਂ ਸਾਰੇ ਜ਼ਿਲ੍ਹਾ ਹਸਪਤਾਲਾਂ ਵਿੱਚ ਮੁਹੱਈਆ ਕਰਵਾਉਣ ਦੇ ਉਪਰਾਲੇ ਕੀਤੇ ਜਾ ਰਹੇ ਹਨ। ਸਬ-ਡਵੀਜ਼ਨ ਲੈਵਲ ਤੇ ਇਹ ਸੁਵਿਧਾ ਬਾਅਦ ਵਿੱਚ ਮੁਹੱਈਆ ਕਰਵਾਈ ਜਾਵੇਗੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਸਪੀਕਰ ਸਾਹਿਬ, ਮੇਰੇ ਹਲਕੇ ਜਗਰਾਉਂ ਦਾ ਹਸਪਤਾਲ ਪੰਜਾਬ ਦਾ ਨੰਬਰ ਵੰਨ ਹਸਪਤਾਲ ਹੈ। ਇਸ ਨੂੰ ਹਰ ਵਾਰੀ ਸਿਹਤ ਵਿਭਾਗ ਵੱਲੋਂ ਅਵਾਰਡ ਮਿਲਦਾ ਹੈ। ਇਹ ਆਨ ਦਿ ਰੋਡ ਹੈ। ਮਹੀਨੇ ਵਿੱਚ ਘੱਟੋ-ਘੱਟ ਚਾਰ ਜਾਂ ਪੰਜ ਮੌਤਾਂ ਐਕਸੀਡੈਂਟ ਨਾਲ ਹੁੰਦੀਆਂ ਹਨ। ਉੱਥੇ ਦੋਵੇਂ ਪਾਸੇ 30-30, 40-40 ਕਿਲੋਮੀਟਰ ਤੱਕ ਕੋਈ ਵੈਂਟੀਲੇਟਰ ਦੀ ਸੁਵਿਧਾ ਵਾਲਾ ਹਸਪਤਾਲ ਨਹੀਂ ਹੈ। ਮੈਂ ਐਫ.ਐਮ. ਸਾਹਿਬ ਦਾ ਧੰਨਵਾਦ ਕਰਦੀ ਹਾਂ ਕਿ ਇਨ੍ਹਾਂ ਨੇ ਮੈਨੂੰ ਜੱਚਾ ਬੱਚਾ ਹਸਪਤਾਲ ਲਈ 6 ਕਰੋੜ ਰੁਪਿਆ ਦਿੱਤਾ ਹੈ। ਮੇਰੀ ਮੰਤਰੀ ਸਾਹਿਬ ਨੂੰ ਇਹ ਦਰਖਾਸਤ ਹੈ ਕਿ ਇਸ ਦੇ ਵਿੱਚ ਹੀ ਥੋੜ੍ਹਾ ਜਿਹਾ ਹੋਰ ਖਰਚਾ ਕਰਕੇ ਇੱਕ ਆਈ.ਸੀ.ਯੂ. ਲਗਾ ਦੇਣ ਜਿਸ ਵਿੱਚ ਵੈਂਟੀਲੇਟਰ ਦੀ ਸੁਵਿਧਾ ਵੀ ਹੋ ਜਾਵੇਗੀ ਅਤੇ ਸਾਨੂੰ ਇੱਕ ਨਵਾਂ ਖਰਚਾ ਵੀ ਨਹੀਂ ਕਰਨਾ ਪਵੇਗਾ।

**ਮੰਤਰੀ:** ਸਪੀਕਰ ਸਾਹਿਬ, ਇਨ੍ਹਾਂ ਦੀ ਚਿੰਤਾ ਸੁਭਾਵਿਕ ਹੈ ਪਰ ਹਾਲੇ ਅਸੀਂ ਪਹਿਲਾਂ ਜਿਹੜੇ 22 ਜ਼ਿਲ੍ਹਾ ਹਸਪਤਾਲ ਹਨ, ਉਨ੍ਹਾਂ ਵਿੱਚ ਵੈਂਟੀਲੇਟਰ ਦੀ ਸੁਵਿਧਾ ਦੇਣੀ ਹੈ, ਉਸ ਤੋਂ ਬਾਅਦ ਸਟੈਪ ਬਾਈ ਸਟੈਪ ਜਿਵੇਂ-ਜਿਵੇਂ ਪੈਸਾ ਆਈ ਜਾਵੇਗਾ, ਕਰੀ ਜਾਵਾਂਗੇ। ਮਾਣੂਕੇ ਜੀ, ਤੁਸੀਂ ਮੈਨੂੰ ਜਿੰਨੇ ਕੰਮ ਕਹੇ ਹਨ, ਕੀ ਕਦੇ ਤੁਹਾਡਾ ਕੋਈ ਕੰਮ ਰੋਕਿਆ ਹੈ?

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਨਹੀਂ ਜੀ।

**ਮੰਤਰੀ :** ਦਵਾਈਆਂ ਪੂਰੀਆਂ ਕੀਤੀਆਂ ਕਿ ਨਹੀਂ? ਇਹ ਮੰਨਦੇ ਹੋ, ਡਾਕਟਰ ਵੀ ਪੂਰੇ ਕਰ ਦਿੱਤੇ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਹਾਂ ਜੀ।

**ਮੰਤਰੀ :** ਇਹ ਵੀ ਪੂਰਾ ਕਰ ਦਿਆਂਗੇ, ਜਦੋਂ ਟਾਈਮ ਆਵੇਗਾ।

**ਮਾਨਯੋਗ ਸਪੀਕਰ :** ਹੁਣ ਧੰਨਵਾਦ ਕਰ ਦਿਉ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਧੰਨਵਾਦ ਸਰ, ਮੈਂ ਆਸ ਰੱਖਦੀ ਹਾਂ ਕਿ ਤੁਸੀਂ ਜਲਦੀ ਹੀ ਇਸ ਦਾ ਹੱਲ ਕੱਢ ਕੇ ਦਿਉਗੇ।

-----------

## ਸੜਕਾਂ ਦੀ ਮੁਰੰਮਤ ਕਰਨਾ

***2721. ਸਰਦਾਰ ਦਰਸ਼ਨ ਸਿੰਘ ਬਰਾੜ :** ਕੀ ਲੋਕ ਨਿਰਮਾਣ (ਭ ਅਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ- (ੳ) ਕੀ ਸਰਕਾਰ ਨਾਨਕਸਰ ਸਮਾਧ ਭਾਈ ਤੋਂ ਮੋਗਾ ਅਤੇ ਬਾਘਾਪੁਰਾਣਾ ਤੋਂ ਭਗਤਾ (ਮੋਗਾ) ਦੀਆਂ ਸੜਕਾਂ ਦੀ ਪਹਿਲਤਾ ਦੇ ਆਧਾਰ ਤੇ ਮੁਰੰਮਤ ਕਰਨ ਤੇ ਵਿਚਾਰ ਕਰੇਗੀ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ 'ਹਾਂ' ਵਿੱਚ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

**ਸ਼੍ਰੀ ਵਿਜੈ ਇੰਦਰ ਸਿੰਗਲਾ :** (ੳ) ਹਾਂ ਜੀ।

(ਅ) ਮੋਗਾ ਬਾਈਪਾਸ ਤੋਂ ਬੁੱਧ ਸਿੰਘ ਵਾਲਾ-ਚੜਿੱਕ-ਘੋਲੀਆ ਕਲਾਂ-ਫੂਲੇਵਾਲਾ-ਸਮਾਧ ਭਾਈ ਤੋਂ ਨਾਨਕਸਰ ਗੁਰਦੁਆਰਾ ਨੂੰ ਜਾਂਦੀ ਸੜਕ ਦੀ ਲੰਬਾਈ 24.40 ਕਿਲੋਮੀਟਰ ਹੈ। ਇਸ ਸੜਕ ਦੇ ਉਪਰ ਪੈਚ ਵਰਕ ਨਾਲ ਮੁਰੰਮਤ ਦਾ ਕੰਮ ਸਤੰਬਰ, 2019 ਵਿੱਚ ਕਰਵਾਇਆ ਗਿਆ ਹੈ। ਇਸ ਦੀ ਹਾਲਤ ਤਸੱਲੀਬਖਸ਼ ਹੈ।

ਦੂਜੀ ਸੜਕ ਬਾਘਾਪੁਰਾਣਾ-ਨਥਾਣਾ ਦੀ ਲੰਬਾਈ 18.60 ਕਿਲੋਮੀਟਰ ਹੈ। ਇਸ ਨੂੰ ਪੈਚ ਵਰਕ ਨਾਲ ਮੁਰੰਮਤ ਕਰਨ ਦਾ ਟੈਂਡਰ ਪ੍ਰਾਪਤ ਹੋ ਚੁੱਕਾ ਹੈ ਅਤੇ ਮਹੀਨਾ ਮਈ, 2020 ਤੱਕ ਕੰਮ ਕਰ ਦਿੱਤਾ ਜਾਵੇਗਾ।

**ਸਰਦਾਰ ਦਰਸ਼ਨ ਸਿੰਘ ਬਰਾੜ :** ਸਪੀਕਰ ਸਾਹਿਬ, ਮੰਤਰੀ ਸਾਹਿਬ ਦਾ ਜਵਾਬ ਆਇਆ ਹੈ ਕਿ ਸਤੰਬਰ 2019 ਵਿੱਚ ਪੈਚ ਵਰਕ ਕੀਤਾ ਹੈ ਪਰੰਤੂ ਸੜਕ ਤਾਂ ਉਸੇ

ਤਰ੍ਹਾਂ ਹੀ ਪਈ ਹੈ। ਇਹ ਸੜਕ ਗੁਰਦੁਆਰਾ ਠਾਠ ਨਾਨਕਸਰ ਸਾਹਿਬ ਨੂੰ ਜਾਂਦੀ ਹੈ। ਬਾਬਾ ਨੰਦ ਸਿੰਘ ਜੀ ਦੀ ਧਰਤੀ ਹੈ। ਇਹ 25 ਕਿਲੋਮੀਟਰ ਲੰਬਾਈ ਦੀ ਸੜਕ ਹੈ। ਇਹ ਸਾਰੀ ਹੀ ਟੁੱਟੀ ਪਈ ਹੈ। ਕਿਹੜਾ ਪੈਚ ਵਰਕ ਕੀਤਾ ਹੈ, ਕਿੱਥੇ-ਕਿੱਥੇ ਪੈਚ ਵਰਕ ਕੀਤਾ ਹੈ? ਇਹ ਜਾ ਕੇ ਦੇਖ ਲੈਣ ਕਿ ਕੋਈ ਪੈਚ ਵਰਕ ਹੋਇਆ ਹੈ ਜਾਂ ਨਹੀਂ?

ਦੂਜੀ ਬੇਨਤੀ ਇਹ ਹੈ ਕਿ ਜਿਹੜੀ ਸੜਕ ਬਾਘਾ ਪੁਰਾਣਾ ਤੋਂ ਭਗਤੇ ਨੂੰ ਜਾਂਦੀ ਹੈ, ਉਹ-ਪੈਚ ਵਰਕ ਕਰਨ ਨੂੰ ਕਿਹਾ ਸੀ, ਪੈਸੇ ਵੀ ਮਨਜ਼ੂਰ ਕਰ ਦਿੱਤੇ ਪਰੰਤੂ ਮੈਂ ਜਾਨਣਾ ਚਾਹੁੰਦਾ ਹਾਂ ਕਿ ਉਸ 'ਤੇ ਪੈਚ ਵਰਕ ਕਿੱਥੇ ਕੀਤਾ ਜਾਵੇਗਾ, ਉੱਥੇ ਤਾਂ ਸੜਕ ਹੀ ਨਹੀਂ ਹੈ। ਸਾਰੀ ਟੁੱਟੀ ਪਈ ਹੈ। ਭੋਰਾ ਵੀ ਸੜਕ ਨਹੀਂ ਦਿਖਦੀ। ਪੈਚ ਵਰਕ ਤਾਂ ਹੀ ਕੀਤਾ ਜਾ ਸਕਦਾ ਹੈ ਜੇ ਸੜਕ ਮਾੜੀ-ਮੋਟੀ ਟੁੱਟੀ ਹੋਵੇ। ਇੱਥੇ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਜੀ ਬੈਠੇ ਹਨ, ਉਹ ਹੀ ਦੱਸ ਦੇਣ ਕਿ ਇਹ ਸੜਕ ਕਿਹੋ-ਜਿਹੀ ਹੈ, ਇਹ ਵੀ ਰੋਜ਼ ਉੱਥੋਂ ਦੀ ਲੰਘਦੇ ਹਨ। ਉਹ ਸੜਕ ਤਾਂ ਬਿਲਕੁਲ ਹੀ ਟੁੱਟੀ ਪਈ ਹੈ।

**ਮਾਨਯੋਗ ਸਪੀਕਰ :** ਸਵਾਲ ਪੁੱਛੋ, ਸਵਾਲ ਪੁੱਛੋ, ਬਰਾੜ ਸਾਹਿਬ।

**ਸਰਦਾਰ ਦਰਸ਼ਨ ਸਿੰਘ ਬਰਾੜ :** ਮੈਂ ਚਾਹੁੰਦਾ ਹਾਂ ਕਿ ਮੇਰੀ ਸੜਕ ਬਣਾਈ ਜਾਵੇ। ਮੰਤਰੀ ਸਾਹਿਬ, ਮੇਰੀ ਇਹ ਸੜਕ ਬਣਾ ਦਿਉ। ਇਹ ਮੇਰੇ ਹਲਕੇ ਦੀ ਵੱਡੀ ਸੜਕ ਹੈ। ਇਹ ਸੜਕ ਬਾਘਾ ਪੁਰਾਣਾ ਤੋਂ ਭਗਤੇ ਨੂੰ ਜਾਂਦੀ ਹੈ।ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਮਾੜਾ-ਮੋਟਾ ਮੇਰਾ ਵੀ ਕੋਈ ਕੰਮ ਕਰ ਦਿਆ ਕਰੋ।

**ਮਾਨਯੋਗ ਸਪੀਕਰ :** ਸਿੰਗਲਾ ਸਾਹਿਬ, ਇਨ੍ਹਾਂ ਦੀ ਸੜਕ ਬਣਾ ਦਿਉ।

**ਮੰਤਰੀ :** ਸਰ, ਜਿਹੜੀ ਇਨ੍ਹਾਂ ਨੇ ਗੁਰਦੁਆਰਾ ਠਾਠ ਨਾਨਕਸਰ ਵਾਲੀ ਗੱਲ ਕਹੀ ਹੈ, ਇਨ੍ਹਾਂ ਨੇ ਕਿਹਾ ਸੀ ਕਿ ਇਹ ਅਪਗ੍ਰੇਡ ਹੋਈ ਸੀ, ਹੁਣ ਇਹ ਠੀਕ ਨਹੀਂ ਹੈ। ਮੈਂ ਕੁਆਲਿਟੀ ਕੰਟਰੋਲ ਤੋਂ ਚੈੱਕ ਕਰਵਾ ਦਿੰਦਾ ਹਾਂ ਕਿਉਂਕਿ ਮੈਂ ਇਹ ਸੜਕ ਆਪ ਬਣਵਾਈ ਹੈ। ਮੈਂ ਕਿਉਂਕਿ ਆਪ ਠਾਠ ਨਾਨਕਸਰ ਜਾਂਦਾ ਹਾਂ, ਇਸ ਕਰਕੇ ਮੈਨੂੰ ਇਸ ਗੱਲ ਦਾ ਪਤਾ ਹੈ। ਇਨ੍ਹਾਂ ਦੀ ਉੱਥੇ ਡਿਮਾਂਡ ਹੈ ਕਿ ਇਸ ਸੜਕ ਨੂੰ ਚੌੜਾ ਕਰਨਾ ਹੈ। ਪ੍ਰਾਬਲਮ ਇਹ ਹੈ ਕਿ ਉੱਥੇ ਸੜਕ ਚੌੜੀ ਕਰਨ ਵਾਸਤੇ right of way ਅਵੇਲੇਬਲ ਨਹੀਂ ਹੈ, ਜਗ੍ਹਾ ਅਵੇਲੇਬਲ ਨਹੀਂ ਹੈ। ਲੈਂਡ ਐਕੁਜ਼ੀਸ਼ਨ ਕਰਨੀ ਪਵੇਗੀ। ਮੈਂ ਇਨ੍ਹਾਂ ਨੂੰ ਦੂਜੀ ਗੱਲ ਕਹਿਣੀ ਚਾਹੁੰਦਾ ਹਾਂ ਕਿ ਅਸੀਂ ਸੜਕ ਅਪਗ੍ਰੇਡ ਕਰਨ ਵਾਸਤੇ ਟੈਂਡਰ ਲਗਾ ਦਿੱਤਾ ਹੈ। ਪੈਸਾ ਮਨਜ਼ੂਰ ਹੋ ਗਿਆ ਹੈ। ਮੈਂ ਕਿਹਾ ਹੈ ਕਿ ਮਈ 2020 ਤੱਕ ਹੋ ਜਾਵੇਗੀ, ਜੇਕਰ ਮਈ 2020 ਤੋਂ ਬਾਅਦ ਕੋਈ ਕਮੀ ਰਹਿ ਜਾਵੇ ਤਾਂ ਦੱਸ ਦੇਣ।

**ਸਰਦਾਰ ਦਰਸ਼ਨ ਸਿੰਘ ਬਰਾੜ :** ਸਪੀਕਰ ਸਾਹਿਬ ਜੀ, ਮੈਂ ਸੜਕ ਚੌੜੀ ਕਰਨ ਨੂੰ ਨਹੀਂ ਕਹਿ ਰਿਹਾ, ਇਹ ਸੜਕ ਬਹੁਤ ਚੌੜੀ ਹੈ, 18 ਫੁੱਟ ਦੀ ਪਹਿਲਾਂ ਹੀ ਬਣੀ ਹੋਈ ਹੈ। ਮੈਂ ਤਾਂ ਕਹਿੰਦਾ ਹਾਂ ਕਿ ਪੈਚ ਵਰਕ ਚੰਗਾ ਕਰ ਦਿਉ। ਸਾਡੇ ਬਾਬਾ ਨੰਦ ਸਿੰਘ ਜੀ ਦੀ ਧਰਤੀ ਹੈ, ਤੁਸੀਂ ਵੀ ਉੱਥੇ ਜਾਂਦੇ ਹੋ। ਕੰਮ ਕਰ ਦਿਉ।

**ਮਾਨਯੋਗ ਸਪੀਕਰ :** ਹਾਂ ਜੀ, ਚੰਦੂਮਾਜਰਾ ਜੀ। ਚੰਦੂਮਾਜਰਾ ਜੀ to the point ਗੱਲ ਕਰਨਾ। ਤਾਂ ਕਿ ਟਾਈਮ ਬਚ ਜਾਵੇ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਪੀਕਰ ਸਾਹਿਬ, ਟੂ ਦਿ ਪੁਆਇੰਟ ਕਹਿੰਦਾ ਹਾਂ। ਇਹ ਬਹੁਤ ਹੀ ਐਨਰਜੈਟਿਕ ਅਤੇ ਯੰਗ ਮਨਿਸਟਰ ਹਨ। ਸਾਨੂੰ ਇਨ੍ਹਾਂ ਤੋਂ ਬੜੀ ਆਸ ਹੈ ਪਰ ਮੇਰਾ ਇੱਕ ਸਵਾਲ ਹੈ ਕਿ ਮਿਤੀ 21.03.2018 ਨੂੰ ਮੈਡਮ ਰਜ਼ੀਆ ਸੁਲਤਾਨਾ ਜੀ ਮੰਤਰੀ ਸੀ ਤੇ ਮੈਂ ਉਸ ਸਮੇਂ ਸਵਾਲ ਲਾਇਆ ਸੀ ਕਿ ਕੀ ਪਟਿਆਲਾ-ਪਿਹੋਵਾ ਕੁਰਕਸ਼ੇਤਰ ਰੋਡ ਨੈਸ਼ਨਲ ਹਾਈਵੇਅ ਡਿਕਲੇਅਰ ਹੋ ਗਈ ਹੈ ਤਾਂ ਇਨ੍ਹਾਂ ਨੇ ਕਿਹਾ ਸੀ ਕਿ ਹਾਂ ਜੀ, ਹੋ ਗਈ ਹੈ ਤੇ ਸਾਲ 2018-19 ਦੇ ਅੰਤ ਵਿੱਚ ਇਸ ਦੀ DPR ਸੈਂਟਰ ਨੂੰ ਭੇਜ ਦਿਆਂਗੇ। ਹੁਣ ਮੈਂ ਮਾਨਯੋਗ ਸਿੰਗਲਾ ਸਾਹਿਬ ਨੂੰ ਇਹ ਸਵਾਲ ਲਾਇਆ। ਸਰ, ਮੰਤਰੀ ਬਦਲੇ ਹਨ ਤਾਂ ਜਵਾਬ ਵੀ ਬਦਲ ਗਏ ਹਨ। ਮੈਂ ਸੇਮ ਸਵਾਲ ਲਾਇਆ ਸੀ ਤੇ ਉਸ ਦਾ ਜਵਾਬ ਆਇਆ ਹੈ ਕਿ ਨਹੀਂ ਜੀ, ਉਹ ਨੈਸ਼ਨਲ ਹਾਈਵੇਅ ਘੋਸ਼ਿਤ ਨਹੀਂ ਕੀਤੀ ਗਈ।

**ਮਾਨਯੋਗ ਸਪੀਕਰ:** ਤੁਸੀਂ ਹੁਣ ਇਸ ਦੀ ਗੱਲ ਕਰੋ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਸਰ, ਇਸ ਦੀ ਹੀ ਗੱਲ ਹੈ। ਸਰ, ਉਸ ਵਿੱਚ ਤੁਹਾਡੀ ਵਾਲੀ ਜਿਹੜੀ ਸ੍ਰੀ ਅਨੰਦਪੁਰ ਸਾਹਿਬ ਵਾਲੀ ਰੋਡ ਹੈ, ਉਸ ਦੀ ਵੀ ਗੱਲ ਹੈ। ਡਾਕਟਰ ਸੁਖੀ ਜੀ ਬੈਠੇ ਹਨ, ਉਹ ਦੱਸ ਦਿੰਦੇ ਹਨ।

**ਮਾਨਯੋਗ ਸਪੀਕਰ:** ਉਹ ਗੱਲ ਨਾ ਛੇੜੋ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਹੁਣ ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਉਹ ਰੋਡ ਨੈਸ਼ਨਲ ਹਾਈਵੇਅ ਡਿਕਲੇਅਰ ਹੋ ਚੁੱਕੀ ਹੈ ਜਾਂ ਨਹੀਂ ਹੋ ਚੁੱਕੀ ਹੈ? ਨੈਸ਼ਨਲ ਹਾਈਵੇਅ ਬੜੇ ਘੱਟ ਹੀ ਹੁੰਦੇ ਹਨ।

**ਮਾਨਯੋਗ ਸਪੀਕਰ:** ਇਹ ਵੱਖਰਾ ਸਵਾਲ ਬਣਦਾ ਹੈ। ਇਹ ਵੱਖਰਾ ਸਵਾਲ ਹੈ।ਹਾਂ ਜੀ, ਬਿਲਾਸਪੁਰ ਜੀ।

**ਸਰਦਾਰ ਮਨਜੀਤ ਸਿੰਘ:** ਬਹੁਤ-ਬਹੁਤ ਧੰਨਵਾਦ, ਸਪੀਕਰ ਸਾਹਿਬ। ਸਪੀਕਰ ਸਾਹਿਬ, ਮੇਰਾ ਹਲਕਾ ਨਿਹਾਲ ਸਿੰਘ ਵਾਲਾ ਹੈ ਅਤੇ ਸਰਦਾਰ ਦਰਸ਼ਨ ਸਿੰਘ ਬਰਾੜ

ਜੀ ਦਾ ਹਲਕਾ ਬਾਘਾ ਪੁਰਾਣਾ ਹੈ। ਸਾਡੇ ਹਲਕੇ ਬਿਲਕੁਲ ਨਾਲੋ-ਨਾਲ ਹਨ ਜੀ। ਮੈਨੂੰ ਇਨ੍ਹਾਂ ਸੜਕਾਂ ਰਾਹੀਂ ਕਾਫੀ ਵਿਆਹਾਂ, ਭੋਗਾਂ ਤੇ ਜਾਣਾ ਪੈਂਦਾ ਹੈ ਤੇ ਬਰਾੜ ਸਾਹਿਬ ਬਿਲਕੁਲ ਠੀਕ ਕਹਿ ਰਹੇ ਹਨ ਕਿ ਸੜਕਾਂ ਦੀ ਹਾਲਤ ਬਹੁਤ ਮਾੜੀ ਹੈ। ਜਿਹੜੀ ਸਮਾਧ ਭਾਈ ਤੋਂ ਮਾਣੂਕਿਆਂ ਨੂੰ ਸੰਪਰਕ ਸੜਕ ਜਾਂਦੀ ਹੈ, ਉਸ ਦੀ ਹਾਲਤ ਵੀ ਬਹੁਤ ਮਾੜੀ ਹੈ। ਮੇਰੀ ਵੀ ਇਹੀ ਬੇਨਤੀ ਹੈ ਕਿ ਜਿਹੜੀ ਇਹ ਬਰਾੜ ਸਾਹਿਬ ਦੀ ਡਿਮਾਂਡ ਹੈ, ਇਹ ਪੂਰੀ ਕੀਤੀ ਜਾਵੇ।

-----------

**ਨਿਸ਼ਾਨ ਵਾਲਾ ਪ੍ਰਸ਼ਨ ਨੰ: 2726**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-----------

**ਠੇਕੇਦਾਰ ਨਿਯੁਕਤ ਕਰਨਾ**

***2477. ਸ਼੍ਰੀ ਅਮਿਤ ਵਿਜ:** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਠਾਨਕੋਟ ਸ਼ਹਿਰ ਦੇ ਮੌਜੂਦਾ ਬੱਸ ਸਟੈਂਡ ਤੇ ਵਪਾਰਕ ਕੇਂਦਰ ਅਤੇ ਮਾਡਰਨ ਬੱਸ ਸਟੈਂਡ ਲਈ ਠੇਕੇਦਾਰ ਕਦੋਂ ਤੱਕ ਨਿਯੁਕਤ ਕਰ ਦਿੱਤਾ ਜਾਵੇਗਾ?

**ਸ਼੍ਰੀਮਤੀ ਰਜ਼ੀਆ ਸੁਲਤਾਨਾ :** ਪਠਾਨਕੋਟ ਸ਼ਹਿਰ ਵਿੱਚ ਮੌਜੂਦਾ ਬੱਸ ਸਟੈਂਡ ਤੇ ਵਪਾਰਕ ਕੇਂਦਰ ਅਤੇ ਮਾਡਰਨ ਬੱਸ ਸਟੈਂਡ ਬਣਾਉਣ ਦੀ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ।

**ਸ਼੍ਰੀ ਅਮਿਤ ਵਿਜ :** ਸਰ, ਇਹ ਸ਼ਹਿਰ ਦੇ ਅੰਦਰ 21 ਏਕੜ ਦੀ ਲੈਂਡ ਹੈ। ਇੱਥੇ 16 ਏਕੜ ਵਿੱਚ ਯਾਰਡ ਹੈ which is defunct. ਇੱਥੇ ਅਸੀਂ ਪਠਾਨਕੋਟ ਬਿਜ਼ਨਸ ਸੈਂਟਰ ਬਣਾ ਸਕਦੇ ਹਾਂ ਜਿਸ ਵਿੱਚ ਮਾਡਰਨ ਬੱਸ ਸਟੈਂਡ, ਆਈ.ਟੀ. ਹੱਬ ਅਤੇ ਹਸਪਤਾਲ ਸਭ ਬਣ ਸਕਦਾ ਹੈ। ਮੇਰੀ ਮੈਡਮ ਨੂੰ ਰਿਕੁਐਸਟ ਹੈ ਕਿ ਇਸ ਸਬੰਧੀ ਇੱਕ ਕੰਸਲਟੈਂਟ ਐਪੁਆਇੰਟ ਹੋ ਜਾਵੇ ਤੇ ਉਹ ਕੰਸਲਟੈਂਟ ਇਸ ਦੀ ਪ੍ਰੋਪਰ ਰਿਪੋਰਟ ਤਿਆਰ ਕਰੇ ਔਰ ਇਸ ਦੇ ਫਾਈਨਾਂਸਿਜ਼ ਤਿਆਰ ਕਰੇ ਤਾਂ ਕਿ ਉਸ ਤੋਂ ਬਾਅਦ ਅਸੀਂ ਇਸ ਦੀ ਪ੍ਰੋਪਰ ਬਿੱਡਿੰਗ ਕਰ ਦੇਈਏ। ਇਸ ਵਾਸਤੇ ਸਾਨੂੰ ਸਰਕਾਰ ਤੋਂ ਪੈਸਾ ਲੈਣ ਦੀ ਵੀ ਲੋੜ ਨਹੀਂ ਹੈ। It is a self sustainable project.

**ਮੰਤਰੀ :** ਕੰਸਲਟੈਂਟ ਐਪੁਆਇੰਟ ਕਰ ਦਿਆਂਗੇ ਜੀ ਤੇ ਉਸ ਦੀ ਰਿਪੋਰਟ ਆਉਣ ਤੇ ਇਨ੍ਹਾਂ ਨੂੰ ਦੱਸ ਵੀ ਦਿਆਂਗੇ।

-----------

**ਨਿਸ਼ਾਨ ਵਾਲਾ ਪ੍ਰਸ਼ਨ ਨੰ: 2687**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-----------

**ਪੰਜਾਬ ਦੇ ਸਕੂਲਾਂ ਵਿੱਚ ਮਿਡ-ਡੇ-ਮੀਲ ਬਣਾਉਣ ਵਾਲੇ ਵਰਕਰਾਂ ਸਬੰਧੀ**

***2404. ਸ਼੍ਰੀ ਅਮਨ ਅਰੋੜਾ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਪੰਜਾਬ ਦੇ ਸਕੂਲਾਂ ਵਿੱਚ ਮਿਡ-ਡੇ-ਮੀਲ ਬਣਾਉਣ ਵਾਲੀਆਂ ਵਰਕਰਾਂ ਦੀ ਗਿਣਤੀ ਕਿੰਨੀ ਹੈ;

(ਅ) ਮਿਡ-ਡੇ-ਮੀਲ ਵਰਕਰਜ਼ ਦੀ ਪ੍ਰਤੀ ਮਹੀਨਾ ਤਨਖਾਹ ਜਾਂ ਮਾਣ ਭੱਤਾ ਕਿੰਨਾ ਹੈ ਅਤੇ ਸਾਲ ਵਿੱਚ ਕਿੰਨੇ ਮਹੀਨੇ ਦਿੱਤਾ ਜਾਂਦਾ ਹੈ;

(ੲ) ਇਨ੍ਹਾਂ ਮਿਡ-ਡੇ-ਮੀਲ ਵਰਕਰਜ਼ ਦੀ ਡਿਊਟੀ ਕਿੰਨੇ ਤੋਂ ਕਿੰਨੇ ਵਜੇ ਤੱਕ ਹੈ;

(ਸ) ਸਮੁੱਚੇ ਪੰਜਾਬ ਦੇ ਕੁੱਲ ਮਿਡ-ਡੇ-ਮੀਲ ਵਰਕਰਜ਼ ਪੰਜਾਬ ਦੇ ਕੁੱਲ ਕਿੰਨੇ ਬੱਚਿਆਂ ਲਈ ਰੋਜ਼ਾਨਾ ਖਾਣਾ ਬਣਾਉਂਦੇ ਹਨ;

(ਹ) ਕੀ ਇਨ੍ਹਾਂ ਮਿਡ-ਡੇ-ਮੀਲ ਵਰਕਰਜ਼ ਦੀ ਕੋਈ ਦੁਰਘਟਨਾ ਪਾਲਿਸੀ ਸਰਕਾਰ ਵੱਲੋਂ ਮੁਹੱਈਆ ਕਰਵਾਈ ਜਾਂਦੀ ਹੈ;

(ਕ) ਕੀ ਇਨ੍ਹਾਂ ਮਿਡ-ਡੇ-ਮੀਲ ਵਰਕਰਜ਼ ਦੀ ਤਨਖਾਹ/ ਮਾਣ ਭੱਤਾ ਵਧਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ਼੍ਰੀ ਵਿਜੈ ਇੰਦਰ ਸਿੰਗਲਾ :** (ੳ) ਪੰਜਾਬ ਦੇ ਸਕੂਲਾਂ ਵਿੱਚ ਕੁੱਲ 42205 ਮਿਡ-ਡੇ-ਮੀਲ ਵਰਕਰ ਕੰਮ ਕਰਦੇ ਹਨ।

(ਅ) ਮਿਡ-ਡੇ-ਮੀਲ ਵਰਕਰਾਂ ਦਾ ਮਾਣ ਭੱਤਾ 1700/- ਰੁਪਏ ਪ੍ਰਤੀ ਮਹੀਨਾ ਹੈ ਅਤੇ ਸਾਲ ਵਿੱਚ 10 ਮਹੀਨੇ ਲਈ ਹੀ ਦਿੱਤਾ ਜਾਂਦਾ ਹੈ।

(ੲ) ਮਿਡ-ਡੇ-ਮੀਲ ਵਰਕਰਜ਼ ਸਕੂਲ ਵਿੱਚ ਮਿਡ-ਡੇ-ਮੀਲ ਬਣਾਉਣ ਅਤੇ ਸਕੂਲੀ ਵਿਦਿਆਰਥੀਆਂ ਨੂੰ ਵਰਤਾਉਣ ਤੱਕ ਸਕੂਲ ਵਿੱਚ ਕੰਮ ਕਰਦੇ ਹਨ।

(ਸ) ਕੁੱਕ-ਕਮ-ਹੈਲਪਰ 42205 ਸਮੁੱਚੇ ਪੰਜਾਬ ਦੇ ਲਗਭਗ 15.85 ਲੱਖ ਬੱਚਿਆਂ ਲਈ ਰੋਜ਼ਾਨਾ ਖਾਣਾ ਬਣਾਉਂਦੇ ਹਨ।

(ਹ) ਹਾਂ ਜੀ।

(ਕ) ਹਾਂ ਜੀ, ਵਿੱਤ ਵਿਭਾਗ ਤੋਂ ਪ੍ਰਵਾਨਿਤ ਹੋਣ ਤੇ।

**ਸ਼੍ਰੀ ਅਮਨ ਅਰੋੜਾ :** ਸਰ, ਮੇਰੀ ਤੁਹਾਡੇ ਜ਼ਰੀਏ ਸਰਕਾਰ ਨੂੰ ਤੇ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਬੇਨਤੀ ਹੈ ਤੇ ਸਵਾਲ ਵੀ ਹੈ ਕਿ ਜੇ ਦਸ ਮਹੀਨਿਆਂ ਲਈ 1700/- ਰੁਪਏ ਪ੍ਰਤੀ ਮਹੀਨਾ ਮਿਲਦਾ ਹੈ ਤਾਂ ਇਹ ਸਾਲ ਦਾ ਮਹਿਜ਼ 17,000/- ਰੁਪਏ ਹੋਇਆ। ਸਰ, ਜਦੋਂ ਅਸੀਂ 15.85 ਲੱਖ ਬੱਚਿਆਂ ਨੂੰ 42,205 ਵਰਕਰਜ਼ ਔਰ ਹੈਲਪਰਜ਼ ਦੇ ਉੱਪਰ ਡਿਵਾਈਡ ਕਰ ਲੈਂਦੇ ਹਾਂ ਤਾਂ ਸਰ, ਉਹ ਇੱਕ ਬੰਦਾ 38 ਬੱਚਿਆਂ ਦਾ ਖਾਣਾ ਬਣਾਉਂਦਾ ਹੈ, ਛੁੱਟੀਆਂ ਕੱਢ ਲਓ। ਸਰ, ਤਕਰੀਬਨ 5560/- ਰੁਪਏ ਵਿੱਚ ਇੱਕ ਬੰਦਾ, ਇੱਕ ਹੈਲਪਰ ਜਾਂ ਕੁੱਕ 38 ਬੱਚਿਆਂ ਦਾ ਖਾਣਾ ਬਣਾਉਂਦਾ ਹੈ। ਸਰ, ਕੀ ਸਰਕਾਰ ਨੂੰ ਇਹ ਨਹੀਂ ਲਗਦਾ ਹੈ ਕਿ ਇਹ ਇੱਕ ਤਰੀਕੇ ਨਾਲ ਹਿਊਮਨ ਰਾਈਟਸ ਦੀ ਵਾਇਲੇਸ਼ਨ ਹੈ ਕਿ ਇੰਨਾ ਘੱਟ ਮਿਹਨਤਾਨਾ ਮਿਲਦਾ ਹੈ? ਸਰ, ਕੀ ਕੋਈ ਮਿਨੀਮਮ ਵੇਜਿਜ਼ ਦੇ ਹਿਸਾਬ ਨਾਲ ਜਾਂ ਕੋਈ ਡੀ.ਸੀ. ਰੇਟ ਦੇ ਹਿਸਾਬ ਨਾਲ ਸਰਕਾਰ ਦੀ ਕੋਈ ਪ੍ਰਪੋਜ਼ਲ ਹੈ? ਉਹ ਇੰਨੇ ਮਾੜੇ ਹਾਲਾਤਾਂ ਵਿੱਚ ਸਵੇਰ ਤੋਂ ਸ਼ਾਮ ਤੱਕ ਕੰਮ ਕਰਦੇ ਹਨ ਤੇ ਉਨ੍ਹਾਂ ਨੂੰ ਮਹਿਜ਼ 1700/- ਰੁਪਏ ਪ੍ਰਤੀ ਮਹੀਨਾ ਮਿਲਦੇ ਹਨ। ਇਸ ਦੇ ਵਿੱਚ ਅੱਜ-ਕੱਲ੍ਹ ਕੀ ਆਉਂਦਾ ਹੈ? ਸੋ, ਮੇਰੀ ਵਜ਼ੀਰ ਸਾਹਿਬ ਨੂੰ ਬੇਨਤੀ ਹੈ ਕਿ ਕੀ ਇਸ ਨੂੰ ਵਧਾਉਣ ਦੀ ਸਰਕਾਰ ਦੀ ਕੋਈ ਪ੍ਰਪੋਜ਼ਲ ਹੈ ਅਤੇ ਜੇ ਹੈ ਤਾਂ ਕਿੰਨਾ ਵੱਧ ਜਾਵੇਗਾ ਔਰ ਕਦੋਂ ਤੱਕ ਵੱਧ ਜਾਵੇਗਾ?

**ਮੰਤਰੀ :** ਸਰ, ਇਹ ਭਾਰਤ ਸਰਕਾਰ ਦੀ ਸਕੀਮ ਦੇ ਤਹਿਤ ਪ੍ਰੋਜੈਕਟ ਚਲਦਾ ਹੈ ਤੇ ਇਹ 60:40 ਦੀ ਰੇਸ਼ੋ ਨਾਲ ਚਲਦਾ ਹੈ। ਕਾਂਗਰਸ ਪਾਰਟੀ ਦੀ ਸਰਕਾਰ ਆਉਣ ਤੋਂ ਬਾਅਦ ਹੀ ਇਸ ਨੂੰ 1200/- ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 1700/- ਰੁਪਏ ਕੀਤਾ ਗਿਆ ਹੈ ਔਰ ਇਹ ਪਹਿਲਾਂ 1200/- ਰੁਪਏ ਹੀ ਮਿਲਦਾ ਸੀ। ਹੁਣ ਫਾਈਨਾਂਸ ਡਿਪਾਰਟਮੈਂਟ ਕੋਲ ਇਸ ਨੂੰ ਵਧਾ ਕੇ 3000 ਰੁਪਏ ਪ੍ਰਤੀ ਮਹੀਨਾ ਕਰਨ ਵਾਸਤੇ ਪ੍ਰਪੋਜ਼ਲ ਭੇਜੀ ਹੋਈ ਹੈ ਤੇ ਉਸ ਦਾ ਵੀ ਵੇਰਵਾ ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਸ਼ੇਅਰ ਕੀਤਾ ਹੈ। ਸਾਡੇ ਮਨ ਵਿੱਚ ਵੀ ਇਹੀ ਹੈ ਤੇ ਸਾਡੀ ਕੋਸ਼ਿਸ਼ ਹੈ ਕਿ ਜਿਹੜਾ ਇਹ ਕਾਡਰ ਹੈ, ਕਿਉਂਕਿ ਇਹ ਕਾਡਰ ਭਾਰਤ ਸਰਕਾਰ ਦੀ ਸਕੀਮ ਤਹਿਤ ਵੱਖ-ਵੱਖ ਸਕੂਲਾਂ ਵਿੱਚ ਇਸ ਕੰਮ ਵਾਸਤੇ ਰੱਖਿਆ ਗਿਆ ਸੀ ਅਤੇ ਇਸ ਤੇ ਆਉਣ ਵਾਲੇ ਸਮੇਂ ਵਿੱਚ ਆਪਣੀ ਸਟੇਟ ਵੱਲੋਂ ਜਿਵੇਂ ਅਸੀਂ ਪਹਿਲਾਂ 500/- ਰੁਪਿਆ ਸ਼ੇਅਰ

[ਸਿੱਖਿਆ ਮੰਤਰੀ]

ਵਧਾਇਆ ਹੈ, ਉਸੇ ਤਰ੍ਹਾਂ ਹੀ ਹੋਰ ਵਧਾਉਣ ਵਾਸਤੇ ਕੋਸ਼ਿਸ਼ ਕਰ ਰਹੇ ਹਾਂ। ਅਸੀਂ ਵੀ ਇਸ ਗੱਲ ਨੂੰ ਰੱਖਿਆ ਸੀ, ਗੱਲ ਵਿੱਤ ਮੰਤਰੀ ਜੀ ਦੇ ਅਦਾਰੇ ਵਿੱਚ ਹੈ ਔਰ ਇਸ ਨੂੰ ਆਉਣ ਵਾਲੇ ਸਮੇਂ ਵਿੱਚ ਜ਼ਰੂਰ ਪੂਰਾ ਕਰਾਂਗੇ ਕਿਉਂਕਿ ਇਹ ਉਹ ਵਰਗ ਹੈ, ਜਿਨ੍ਹਾਂ ਦੀ ਸਪੋਰਟ ਕਰਨੀ ਬਹੁਤ ਜ਼ਰੂਰੀ ਹੈ। ਵੈਸੇ ਵੀ ਅਸੀਂ ਹੈਲਥ ਮਨਿਸਟਰ ਸਾਹਿਬ ਨੂੰ ਕਿਹਾ ਹੈ ਕਿ 31 ਮਾਰਚ ਤੋਂ ਬਾਅਦ ਜਦੋਂ ਇਹ ਪ੍ਰਪੋਜ਼ਲ ਨਵੀਂ ਇਨਕਲੂਡ ਕਰਨਗੇ ਤਾਂ ਇਨ੍ਹਾਂ ਬੈਨੀਫਿਸ਼ਰੀਜ਼ ਨੂੰ ਵੀ ਹੈਲਥ ਸਕੀਮ ਦੇ ਵਿੱਚ ਐਡ ਕਰ ਲੈਣ।

**ਮਾਨਯੋਗ ਸਪੀਕਰ :** ਹਾਂ ਜੀ, ਅਰੋੜਾ ਜੀ।

**ਸ਼੍ਰੀ ਅਮਨ ਅਰੋੜਾ :** ਸਰ, ਮੇਰੀ ਬੇਨਤੀ ਅਤੇ ਸਵਾਲ ਇਹ ਹੈ ਕਿ ਚਾਹੇ ਸੈਂਟਰਲ ਗੌਰਮਿੰਟ ਦੀ ਸਕੀਮ ਹੈ ਪਰ 16 ਲੱਖ ਬੱਚਾ ਆਪਣਾ ਹੈ, ਲੋਕ ਵੀ ਆਪਣੇ ਹਨ। Suppose ਜੇ ਸੈਂਟਰਲ ਗੌਰਮਿੰਟ ਇਸ ਸਕੀਮ ਨੂੰ ਕੱਲ੍ਹ ਬੰਦ ਕਰਦੀ ਹੈ ਤਾਂ ਅਸੀਂ ਉਨ੍ਹਾਂ ਦੀ ਬਾਂਹ ਤਾਂ ਨਹੀਂ ਛੱਡ ਸਕਦੇ। ਐਫ.ਐਮ. ਸਾਹਿਬ ਵੀ ਬੈਠੇ ਹਨ ਔਰ ਸਰ ਨੇ ਜਿਵੇਂ ਕੱਲ੍ਹ ਕਿਹਾ।

**ਮਾਨਯੋਗ ਸਪੀਕਰ :** ਸਵਾਲ ਕਰੋ ਜੀ।

**ਸ਼੍ਰੀ ਅਮਨ ਅਰੋੜਾ :** ਜਿਵੇਂ ਸਰ ਨੇ ਕਿਹਾ ਕਿ economy is on track.

**ਮਾਨਯੋਗ ਸਪੀਕਰ:** ਅਰੋੜਾ ਜੀ, ਸਵਾਲ ਪੁੱਛੋ।

**ਸ਼੍ਰੀ ਅਮਨ ਅਰੋੜਾ :** ਮੈਂ ਇਹੀ ਬੇਨਤੀ ਕਰਦਾ ਹਾਂ ਕਿ ਇਸ ਨੂੰ ਕਦੋਂ ਕਰ ਦੇਵੋਗੇ, ਕਿੰਨਾ ਵਧਾ ਦੇਵੋਗੇ ਅਤੇ ਕਦੋਂ ਤੱਕ ਵਧਾ ਦੇਵੋਗੇ? ਐਫ.ਐਮ. ਸਾਹਿਬ ਵੀ ਬੈਠੇ ਹਨ, ਈ.ਐਮ. ਸਾਹਿਬ ਵੀ ਬੈਠੇ ਹਨ। ਸਰ, ਇੱਕ ਡੈੱਡਲਾਈਨ ਦੇ ਦਿਉ। ਉਨ੍ਹਾਂ ਲੋਕਾਂ ਦੀ ਬਾਂਹ ਫੜਨੀ ਪਵੇਗੀ। ਦੋਵੇਂ ਆਪਸ ਵਿੱਚ ਸਲਾਹ ਕਰ ਲੈਣ। ਮੈਨੂੰ ਡੈੱਡਲਾਈਨ ਕਮਿੱਟਮੈਂਟ ਦੇ ਦੇਣ ਤਾਂ ਕਿ ਉਨ੍ਹਾਂ ਨੂੰ ਮਾੜੀ-ਮੋਟੀ ਆਸ ਹੋ ਜਾਵੇਗੀ ਕਿ ਸਾਡੀ ਬਾਂਹ ਫੜੀ ਜਾਵੇਗੀ।

**ਮਾਨਯੋਗ ਸਪੀਕਰ :** ਕੀ ਕੋਈ ਟਾਈਮ ਲਾਈਨ ਦੇ ਸਕਦੇ ਹੋ ਜੀ?

**ਮੰਤਰੀ :** ਸਰ, ਗੱਲ ਇਹ ਹੈ ਜੀ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੇ ਇਹ ਪਹਿਲਾਂ ਵੀ 60:40 ਦੇ ਹਿਸਾਬ ਨਾਲ 1200/- ਰੁਪਿਆ ਮਿਲਦਾ ਸੀ ਤੇ ਜੇ 500/- ਰੁਪਿਆ ਕਾਂਗਰਸ ਪਾਰਟੀ ਦੀ ਸਰਕਾਰ ਨੇ ਵਧਾਇਆ ਤਾਂ ਉਹ ਮਾਨਯੋਗ ਮੈਂਬਰ ਸਾਹਿਬ ਦੇ ਕਹਿਣ ਤੇ ਨਹੀਂ ਵਧਾਇਆ। ਇਸ ਗੱਲ ਨੂੰ ਸਮਝਦੇ ਹੋਏ ਵਧਾਇਆ ਹੈ ਕਿ ਇਨ੍ਹਾਂ ਦੀ ਤਨਖਾਹ ਵਧਾਉਣ ਦੀ ਲੋੜ ਹੈ। ਜੇ 1700/- ਰੁਪਏ ਪ੍ਰਤੀ ਮਹੀਨਾ ਤੋਂ 3000/- ਰੁਪਏ ਕਰਨ ਵਾਸਤੇ ਫਾਈਨਾਂਸ ਡਿਪਾਰਟਮੈਂਟ ਨੂੰ

ਐਜੂਕੇਸ਼ਨ ਮਹਿਕਮੇ ਨੇ ਪ੍ਰਪੋਜ਼ਲ ਭੇਜੀ ਹੈ, ਉਹ ਵੀ ਇਸ ਕਰਕੇ ਭੇਜੀ ਹੈ ਕਿ we also feel ਕਿ ਇਸ ਨੂੰ ਵਧਾਉਣਾ ਚਾਹੀਦਾ ਹੈ। ਸੋ, ਇਸ ਕਰਕੇ ਮੈਂ ਸਮਝਦਾ ਹਾਂ ਕਿ ਮਾਨਯੋਗ ਮੈਂਬਰ ਸਾਹਿਬ ਨੂੰ ਇਹ ਗੱਲ ਕਹਿਣਾ ਕਿ ਟਾਈਮ-ਬਾਊਂਡ ਕਰ ਦਿਉ, ਇਸ ਨੂੰ ਟਾਈਮ-ਬਾਊਂਡ ਕਰਨ ਦੀ ਗੱਲ ਹੀ ਨਹੀਂ, we are already working on the proposal and as and when the Finance Department approves the budget, we will be able to do it.

**ਮਾਨਯੋਗ ਸਪੀਕਰ :** ਅਮਨ ਜੀ, ਬੈਠੋ।

**ਸ਼੍ਰੀ ਅਮਨ ਅਰੋੜਾ :** ਸਰ, ਮੈਂ ਇਹ ਬੇਨਤੀ ਕਰਾਂਗਾ।

**ਮਾਨਯੋਗ ਸਪੀਕਰ :** ਅਮਨ ਜੀ, ਬੈਠੋ।

**ਸ਼੍ਰੀ ਅਮਨ ਅਰੋੜਾ :** ਸਰ, ਇੱਕ ਸੈਕਿੰਡ।

**ਮਾਨਯੋਗ ਸਪੀਕਰ :** ਨਹੀਂ ਜੀ।

**ਸ਼੍ਰੀ ਅਮਨ ਅਰੋੜਾ :** ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਾਂਗਰਸ ਸਰਕਾਰ ਲੋਕਾਂ ਦੀ...

**ਮਾਨਯੋਗ ਸਪੀਕਰ :** ਤੁਸੀਂ ਬੇਨਤੀ ਕਰ ਲਈ ਹੈ।

----------

## ਨਿਸ਼ਾਨ ਵਾਲਾ ਪ੍ਰਸ਼ਨ ਨੰ: 2740

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

----------

## ਲੋਕਲ ਬੱਸ ਸੇਵਾ ਦਾ ਪ੍ਰਬੰਧ ਕਰਨਾ

***2806. ਸ਼੍ਰੀ ਬੁੱਧ ਰਾਮ :** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਸਬ-ਡਵੀਜ਼ਨ ਬੁਢਲਾਡਾ ਦੇ ਪਿੰਡ ਬਹਾਦਰਪੁਰ ਤੋਂ ਡਸਕਾ ਰੋਡ ਸਥਿਤ ਇਕ ਯੂਨੀਵਰਸਿਟੀ ਕਾਲਜ ਸਾਲ 2017 ਵਿਚ ਚਾਲੂ ਕੀਤਾ ਗਿਆ ਹੈ ਜੋ ਬਰੇਟਾ ਤੋਂ (ਜੋ ਇਸ ਪਿੰਡ ਨੂੰ ਬੱਸ ਸਟੈਂਡ ਲਗਦਾ ਹੈ) 2-1/2 ਕਿਲੋਮੀਟਰ ਦੂਰ ਹੈ;

(ਅ) ਕੀ ਬੱਸ ਸਟੈਂਡ ਤੋਂ ਕਾਲਜ ਤੱਕ ਲੜਕੀਆਂ ਦੇ ਆਉਣ ਜਾਣ ਲਈ ਕੋਈ ਲੋਕਲ ਬੱਸ ਦਾ ਪ੍ਰਬੰਧ ਕਰਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ ਇਹ ਬੱਸ ਸੇਵਾ ਸ਼ੁਰੂ ਕਰ ਦਿੱਤੀ ਜਾਵੇਗੀ?

**ਸ਼੍ਰੀਮਤੀ ਰਜ਼ੀਆ ਸੁਲਤਾਨਾ :**(ੳ) ਜੀ ਹਾਂ, ਇਹ ਠੀਕ ਹੈ।

(ਅ) ਬੱਸ ਸਟੈਂਡ, ਬਰੇਟਾ ਤੋਂ ਕਾਲਜ ਤੱਕ ਲੜਕੀਆਂ ਦੇ ਆਉਣ-ਜਾਣ ਲਈ ਲੋਕਲ ਬੱਸ ਦਾ ਪ੍ਰਬੰਧ ਕਰਨ ਸਬੰਧੀ ਕੋਈ ਵੀ ਤਜਵੀਜ਼ ਹਾਲ ਦੀ ਘੜੀ ਵਿਚਾਰ ਅਧੀਨ ਨਹੀਂ ਹੈ ਜੀ।

**ਸ਼੍ਰੀ ਬੁੱਧ ਰਾਮ:** ਸਰ, ਸਾਡੇ ਹਲਕੇ ਦੇ ਵਿੱਚ ਯੂਨੀਵਰਸਿਟੀ ਦਾ ਇੱਕੋ ਸਰਕਾਰੀ ਕੈਂਪਸ ਹੈ। ਉਹ ਦੋ-ਢਾਈ ਕਿਲੋਮੀਟਰ ਦੂਰ ਹੈ। ਸੜਕ ਟੁੱਟੀ ਹੋਣ ਕਰਕੇ ਉੱਥੇ ਲੜਕੀਆਂ ਦਾ ਜਾਣਾ ਬਹੁਤ ਮੁਸ਼ਕਿਲ ਹੈ। ਸਾਡੇ ਬੁਢਲਾਡਾ ਤੋਂ ਲਹਿਰਾ ਰੂਟ ਜਾਂਦਾ ਹੈ, ਉਹ ਲਹਿਰੇ ਰੂਟ ਦੇ ਸਾਡੇ ਕੁੱਲ 47 ਰੂਟ ਹਨ। 4 ਪੀ.ਆਰ.ਟੀ.ਸੀ. ਦੇ ਹਨ ਅਤੇ 43 ਪ੍ਰਾਈਵੇਟ ਬੱਸਾਂ ਦੇ ਹਨ। 43 ਪ੍ਰਾਈਵੇਟ ਬੱਸਾਂ ਵਿਚੋਂ ਸਿਰਫ 14 ਪ੍ਰਾਈਵੇਟ ਰੂਟ ਚੱਲਦੇ ਹਨ। 29 ਰੂਟ ਮਿੱਸ ਹਨ, ਤੁਸੀਂ ਉਹ 29 ਰੂਟ ਚਲਾ ਦਿਉ। ਲਹਿਰਾ ਤੋਂ ਵਾਇਆ ਬਹਾਦਰਪੁਰ 7-8 ਰੂਟ ਚੱਲ ਪੈਣ ਤਾਂ ਲੜਕੀਆਂ ਦੀ ਸਾਰੀ ਸਮੱਸਿਆ ਵੀ ਹੱਲ ਹੋ ਜਾਵੇਗੀ। ਇਸ ਦੇ ਨਾਲ ਹੀ ਅਸੀਂ ਦੱਸਣਾ ਚਾਹੁੰਦੇ ਹਾਂ ਕਿ ਕਾਲਜ ਦੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਵਾਧਾ ਹੋਵੇਗਾ।

**ਮੰਤਰੀ :** ਜਿਹੜੇ ਕਾਲਜ ਦੀ ਇਹ ਗੱਲ ਕਰ ਰਹੇ ਹਨ, ਜੇ ਮੇਨ ਰੋਡ ਤੋਂ ਲਗਾਈਏ ਫਿਰ 1 ਕਿਲੋਮੀਟਰ ਪੈਂਦਾ ਹੈ, ਬੱਸ ਸਟੈਂਡ ਤੱਕ ਢਾਈ ਕਿਲੋਮੀਟਰ ਪੈਂਦਾ ਹੈ। ਜਿਹੜੀ 1 ਕਿਲੋਮੀਟਰ ਸੜਕ ਜਾਂਦੀ ਹੈ, ਉਹ ਸਿਰਫ਼ 11 ਫੁੱਟ ਚੌੜੀ ਹੈ। ਉਸ ਤੇ ਵੱਡੀ ਬੱਸ ਨਹੀਂ ਜਾ ਸਕਦੀ, ਮਿੰਨੀ ਬੱਸ ਜਾ ਸਕਦੀ ਹੈ। ਜੇ ਇਹ ਚਾਹੁਣ ਤਾਂ ਮਿੰਨੀ ਬੱਸ ਦਾ ਪਰਮਿਟ ਲੈ ਕੇ ਆਪਣੀ ਬੱਸ ਉੱਥੇ ਤੱਕ ਚਲਾ ਲੈਣ ਪਰ ਵੱਡੀ ਬੱਸ ਦਾ ਉੱਥੇ ਜਾਣਾ ਮੁਸ਼ਕਿਲ ਹੈ। ਫਿਰ ਵੀ ਅਸੀਂ ਮਿਲ ਕੇ ਕੋਈ-ਨਾ-ਕੋਈ ਇੰਤਜ਼ਾਮ ਜਾਂ ਇਸ ਦਾ ਹੱਲ ਕਰ ਸਕਦੇ ਹਾਂ। ਰਜ਼ੀਆ ਜੀ, ਇਨ੍ਹਾਂ ਨੇ ਇੱਕ ਸਵਾਲ ਹੋਰ ਉਠਾਇਆ ਕੈ ਕਿ ਕਾਫੀ ਬੱਸਾਂ ਦੇ ਪਰਮਿਟ ਹਨ, ਪਰ ਉਹ ਉੱਥੇ ਚਲਦੀਆਂ ਨਹੀਂ। ਕੀ ਉਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਕਰੋਗੇ? ਨਹੀਂ ਤਾਂ ਨਵੇਂ ਪਰਮਿਟ ਦਿਉ ਤਾਂ ਕਿ ਉੱਥੇ ਬੱਸਾਂ ਚੱਲਣ।

**ਮੰਤਰੀ :** ਠੀਕ ਹੈ ਜੀ।

**ਮਾਨਯੋਗ ਸਪੀਕਰ :** ਤੁਹਾਡੀ ਪੈਰਵਾਈ ਕਰ ਰਹੇ ਹਾਂ ਜੀ। (ਆਮ ਆਦਮੀ ਪਾਰਟੀ ਦੇ ਮੈਂਬਰ ਸ਼੍ਰੀ ਬੁੱਧ ਰਾਮ ਵੱਲ ਇਸ਼ਾਰਾ) ਤੁਸੀਂ ਜ਼ਰਾ ਸੁਣੋ ਤਾਂ ਸਹੀ। ਕੀ ਮੰਤਰੀ ਜੀ ਇਸ ਤੇ ਕਾਰਵਾਈ ਕਰੋਗੇ?

**ਮੰਤਰੀ :** ਠੀਕ ਹੈ ਜੀ ਪਰ ਜਿਹੜਾ ਇੱਕ ਕਿਲੋਮੀਟਰ ਸੜਕ ਦਾ ਟੁਕੜਾ ਹੈ, ਉਸ ਤੇ ਕੋਈ ਪਰਮਿਟ ਨਹੀਂ ਹੈ। ਉੱਥੇ ਕੋਈ ਵੀ ਨਹੀਂ ਬੱਸ ਜਾਂਦੀ ਪਰ ਫਿਰ ਵੀ ਮੈਂ ਇਨ੍ਹਾਂ ਨੂੰ ਕਿਹਾ ਹੈ ਕਿ ਉਸ ਦਾ ਕੁਝ ਇੰਤਜ਼ਾਮ ਕਰਾਂਗੇ।

**ਮਾਨਯੋਗ ਸਪੀਕਰ :** ਤੁਸੀਂ ਇਨ੍ਹਾਂ ਨੂੰ ਮਿਲ ਲਓ ਜੀ।

**ਸ਼੍ਰੀ ਬੁੱਧ ਰਾਮ :** ਸਰ, ਇੱਕ ਸਪਲੀਮੈਂਟਰੀ ਜੀ, ਵੈਸੇ ਵੀ ਅਜੇ ਜ਼ੀਰੋ ਆਵਰ ਲਈ ਟਾਈਮ ਪਿਆ ਹੈ। ਗੱਲ ਇਹ ਹੈ ਕਿ ਜਿਹੜੇ ਇਸ ਦੇ 29 ਟਾਈਮ ਮਿੱਸ ਹਨ, ਜੋ ਸੜਕ ਡਸਕਾ ਬਹਾਦਰਪੁਰ ਤੇ ਲਹਿਰਾ ਜਾਂਦੀ ਹੈ, ਉਨ੍ਹਾਂ ਦਾ ਕੋਈ ਹੱਲ ਕਰੋ ਜਾਂ ਤਾਂ ਪੀ.ਆਰ.ਟੀ.ਸੀ. ਨੂੰ ਦਿਉ ਤਾਂ ਜੋ ਪੀ.ਆਰ.ਟੀ.ਸੀ. ਚਲਾਵੇ। ਇਸੇ ਤਰ੍ਹਾਂ ਬੁਢਲਾਡਾ-ਮਾਨਸਾ ਦੇ 112 ਰੂਟ ਮਿੱਸ ਪਏ ਹਨ। ਬੁਢਲਾਡਾ ਤੋਂ ਝੁਨੀਰ ਵਾਇਆ ਬੋਹਾ 51 ਵਿੱਚੋਂ 34 ਪਰਮਿਟ ਮਿੱਸ ਪਏ ਹਨ ਜਿਹੜੇ ਸਰੰਡਰ ਕੀਤੇ ਹੋਏ ਹਨ। ਕਿਰਪਾ ਕਰਕੇ ਮੇਰੀ ਬੇਨਤੀ ਹੈ ਕਿ ਪੀ.ਆਰ.ਟੀ.ਸੀ. ਨੂੰ ਬੱਸਾਂ ਚਲਾਉਣ ਦੀ ਆਗਿਆ ਦਿੱਤੀ ਜਾਵੇ ਤਾਂ ਜੋ ਲੋਕਾਂ ਨੂੰ ਆਵਾਜਾਈ ਦੀ ਸਹੂਲਤ ਮਿਲ ਸਕੇ।

**ਮਾਨਯੋਗ ਸਪੀਕਰ :** ਉਨ੍ਹਾਂ ਨੇ ਕਹਿ ਦਿੱਤਾ ਹੈ। ਮੈਂ ਤੁਹਾਡੇ ਵਾਲੀ ਇਹੀ ਗੱਲ ਕਹੀ ਹੈ ਕਿ ਜਿਹੜੇ ਨਹੀਂ ਚੱਲਦੇ ਹਨ, ਉਨ੍ਹਾਂ ਦੇ ਖਿਲਾਫ ਕਾਰਵਾਈ ਕਰਕੇ ਨਵੇਂ ਪਰਮਿਟ ਦਿੱਤੇ ਜਾਣ। ਮੈਂ ਕਹਿ ਦਿੱਤਾ ਹੈ ਅਤੇ ਉਨ੍ਹਾਂ ਨੇ ਐਸ਼ਿਓਰੈਂਸ ਵੀ ਦੇ ਦਿੱਤੀ ਹੈ।

**ਸ਼੍ਰੀ ਬੁੱਧ ਰਾਮ :** ਧੰਨਵਾਦ ਜੀ।

----------

## ਅਬੋਹਰ ਦੇ ਪਿੰਡ ਮੌਜਗੜ੍ਹ ਦੇ ਸਕੂਲ ਦੀ ਇਮਾਰਤ ਦੀ ਰਿਪੇਅਰ ਕਰਨਾ

***2467. ਸ਼੍ਰੀ ਅਰੁਣ ਨਾਰੰਗ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਅਬੋਹਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪਿੰਡ ਮੌਜਗੜ੍ਹ ਦੀ ਬਿਲਡਿੰਗ ਨੂੰ ਸਰਕਾਰ ਵੱਲੋਂ ਅਣ-ਸੁਰੱਖਿਅਤ ਘੋਸ਼ਿਤ ਕੀਤਾ ਜਾ ਚੁੱਕਾ ਹੈ; ਜੇਕਰ ਅਜਿਹਾ ਹੈ ਤਾਂ ਬੱਚਿਆਂ ਨੂੰ ਬਿਠਾਉਣ ਲਈ ਸਰਕਾਰ ਵੱਲੋਂ ਕੀ ਬਦਲਵੇਂ ਪ੍ਰਬੰਧ ਕੀਤੇ ਗਏ ਹਨ ਅਤੇ ਸਕੂਲ ਦੀ ਨਵੀਂ ਇਮਾਰਤ ਕਦੋਂ ਤੱਕ ਬਣਾ ਦਿੱਤੀ ਜਾਵੇਗੀ?

**ਸ਼੍ਰੀ ਵਿਜੈ ਇੰਦਰ ਸਿੰਗਲਾ :** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪਿੰਡ ਮੌਜਗੜ੍ਹ, ਹਲਕਾ ਅਬੋਹਰ ਦੀ ਬਿਲਡਿੰਗ ਵਿੱਚ ਕੁੱਲ 21 ਕਲਾਸ ਰੂਮ ਹਨ, ਜਿਨ੍ਹਾਂ ਵਿੱਚੋਂ 15 ਕਲਾਸ ਰੂਮਾਂ ਨੂੰ ਅਣ-ਸੁਰੱਖਿਅਤ ਘੋਸ਼ਿਤ ਕੀਤਾ ਗਿਆ ਸੀ ਅਤੇ 06 ਕਲਾਸ ਰੂਮਾਂ ਨੂੰ ਮੇਜਰ ਰਿਪੇਅਰ ਦੀ ਲੋੜ ਸੀ। ਸਕੂਲ ਵਿਖੇ ਅਨਸੇਫ ਘੋਸ਼ਿਤ ਹੋਏ ਕਮਰਿਆਂ ਵਿੱਚ ਵਿਦਿਆਰਥੀਆਂ ਨੂੰ ਨਹੀਂ ਬਿਠਾਇਆ ਜਾ ਰਿਹਾ। ਨਵੇਂ ਬਣੇ ਹੈੱਡ ਮਾਸਟਰ ਰੂਮ, ਲਾਇਬ੍ਰੇਰੀ, ਸਾਇੰਸ ਲੈਬ ਅਤੇ ਕੰਪਿਊਟਰ ਲੈਬ ਦੀ ਵਰਤੋਂ ਵਿਦਿਆਰਥੀਆਂ ਦੀਆਂ ਕਲਾਸਾਂ ਲਈ ਕੀਤੀ ਜਾ ਰਹੀ ਹੈ।

NABARD RIDF XXIII ਪ੍ਰੋਜੈਕਟ ਅਧੀਨ 1 ਕਲਾਸ ਰੂਮ ਦੀ ਉਸਾਰੀ ਲਈ ਗ੍ਰਾਂਟ ਜਾਰੀ ਕਰ ਦਿੱਤੀ ਗਈ ਹੈ, ਜਿਸ ਦਾ ਕੰਮ ਪ੍ਰਗਤੀ ਅਧੀਨ ਹੈ। 06 ਕਲਾਸ ਰੂਮਾਂ ਦੀ ਮੇਜਰ ਰਿਪੇਅਰ ਲਈ ਲੋੜੀਂਦੀ ਰਾਸ਼ੀ 5.64 ਲੱਖ ਰੁਪਏ ਜਾਰੀ ਕਰ ਦਿੱਤੀ ਗਈ ਹੈ। NABARD RIDF XXV ਪ੍ਰੋਜੈਕਟ ਤਹਿਤ ਇਸ ਸਕੂਲ ਨੂੰ 10 ਕਮਰੇ ਦੇਣ ਦੀ ਤਜਵੀਜ਼ ਹੈ।

ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਦੀ ਸਪਲੀਮੈਂਟਰੀ ਲਈ ਵੀ ਪੂਰਾ ਕੰਪਰੀਹੈਂਸਿਵ ਜਵਾਬ ਦੇਣਾ ਚਾਹੁੰਦਾ ਹਾਂ ਤਾਂ ਜੋ ਹੋਰ ਲੋਕਾਂ ਦਾ ਜਵਾਬ ਵੀ ਇਸ ਵਿੱਚ ਆ ਜਾਵੇ। ਸਰ, ਇਸ ਵਿੱਚ 06 ਕਲਾਸ ਰੂਮਾਂ ਵਾਸਤੇ ਅਸੀਂ ਸਾਢੇ ਪੰਜ ਲੱਖ ਰੁਪਿਆ ਆਲਰੇਡੀ ਰਿਲੀਜ਼ ਕਰ ਦਿੱਤਾ ਹੈ ਤਾਂ ਕਿ ਆਉਣ ਵਾਲੇ ਸੈਸ਼ਨ ਦੇ ਵਿੱਚ ਉਹ ਕਲਾਸ ਰੂਮ ਵਰਤੋਂ ਵਿੱਚ ਆ ਸਕਣ। ਇੱਕ ਕਲਾਸ ਰੂਮ ਦੀ ਨਵੀਂ ਉਸਾਰੀ ਹੋ ਰਹੀ ਹੈ। ਜਿਹੜੇ ਦਸ ਕਲਾਸ ਰੂਮ ਅਨਸੇਫ ਘੋਸ਼ਿਤ ਹੋਏ ਸਨ, ਉਨ੍ਹਾਂ ਨੂੰ NABARD RIDF XXIII ਦੇ ਪ੍ਰੋਗਰਾਮ ਵਿੱਚ ਪਾ ਦਿੱਤਾ ਹੈ ਤਾਂ ਕਿ ਇਸ ਸਕੂਲ ਨੂੰ ਦਸ ਕਲਾਸ ਰੂਮ ਹੋਰ ਮਿਲ ਸਕਣ ਔਰ ਜਿਹੜੀਆਂ ਅਗਲੇ ਸੈਸ਼ਨ ਤੋਂ ਬੱਚਿਆਂ ਦੀਆਂ ਕਲਾਸਾਂ ਲੱਗਣੀਆਂ ਹਨ, ਉਨ੍ਹਾਂ ਦਾ in the meantime ਪ੍ਰਬੰਧ ਇਹ ਕੀਤਾ ਹੈ ਕਿ ਸਕੂਲ ਲਾਇਬ੍ਰੇਰੀ,ਸਾਇੰਸ ਲੈਬ ਅਤੇ ਕੰਪਿਊਟਰ ਲੈਬ ਵਿੱਚ ਬੱਚਿਆਂ ਦੀਆਂ ਕਲਾਸਿਜ਼ ਲਗਾਈਆਂ ਜਾ ਰਹੀਆਂ ਹਨ ਤਾਂ ਕਿ ਅਗਲੇ ਸੈਸ਼ਨ ਤੱਕ ਸਾਰੀ ਸਿਚੁਏਸ਼ਨ ਠੀਕ ਹੋ ਜਾਵੇ।

**ਸ਼੍ਰੀ ਅਰੁਣ ਨਾਰੰਗ :** ਸਪੀਕਰ ਸਾਹਿਬ, ਇਸ ਸਕੂਲ ਦਾ 01.08.1969 ਨੂੰ ਚੌਧਰੀ ਬਲਰਾਮ ਜਾਖੜ ਜੀ ਨੇ ਉਦਘਾਟਨ ਕੀਤਾ ਸੀ। ਇਹ ਸਕੂਲ ਲਗਭਗ 50 ਸਾਲ ਪੁਰਾਣਾ ਹੈ। ਇਨ੍ਹਾਂ ਦਾ ਜਵਾਬ ਬਿਲਕੁਲ ਸਹੀ ਹੈ। ਕੁੱਲ 21 ਕਲਾਸ ਰੂਮ ਹਨ, ਜਿਨ੍ਹਾਂ ਵਿਚੋਂ 15 ਅਨਸੇਫ ਡਿਕਲੇਅਰ ਕੀਤੇ ਹਨ ਲੇਕਿਨ ਉਨ੍ਹਾਂ ਦੀਆਂ ਛੱਤਾਂ ਡਿੱਗੀਆਂ ਹੋਈਆਂ ਹਨ। ਮੈਂ ਆਪ ਜਾ ਕੇ ਉਥੇ ਦੇਖਿਆ ਹੈ। ਇਨ੍ਹਾਂ ਨੇ ਇੱਕ ਕਮਰੇ ਦਾ ਫੰਡ

ਜਾਰੀ ਕੀਤਾ ਹੈ ਲੇਕਿਨ ਉਥੇ ਸਾਰੇ ਕਮਰੇ ਬਣਨ ਵਾਲੇ ਹਨ। ਸਪੀਕਰ ਸਾਹਿਬ, ਆਸੇ-ਪਾਸੇ ਦੇ ਪਿੰਡਾਂ ਵਾਸਤੇ ਵੀ ਇਹੀ ਸਕੂਲ ਹੈ। ਇਹ ਗ੍ਰਾਮੀਣ ਹਲਕੇ ਦਾ ਸਕੂਲ ਹੈ। ਮੈਂ ਮੰਤਰੀ ਸਾਹਿਬ ਨੂੰ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਹ ਆਪਣੇ ਜਾਖੜ ਸਾਹਿਬ ਦਾ ਹੀ ਪਿੰਡ ਹੈ। ਇਸ ਸਕੂਲ ਦੇ ਸਾਰੇ ਕਮਰਿਆਂ ਗ੍ਰਾਂਟ ਦੇਣੀ ਚਾਹੀਦੀ ਹੈ ਬਜਾਇ ਰਿਪੇਅਰ ਦੇ ਉੱਥੇ ਨਵੇਂ ਕਮਰੇ ਬਣਨੇ ਚਾਹੀਦੇ ਹਨ ਕਿਉਂਕਿ ਸਾਰਿਆਂ ਦੀਆਂ ਛੱਤਾਂ ਡਿੱਗੀਆਂ ਹੋਈਆਂ ਹਨ।

**ਮੰਤਰੀ :** ਸਰ, 16 ਵਿੱਚੋਂ 11 ਕਮਰੇ ਨਵੇਂ ਦੇ ਦਿੱਤੇ ਹਨ ਅਤੇ ਪੰਜ ਕਮਰਿਆਂ ਵਾਸਤੇ ਸਾਢੇ ਪੰਜ ਲੱਖ ਰੁਪਿਆ ਰਿਲੀਜ਼ ਹੋ ਗਿਆ ਹੈ। ਆਉਣ ਵਾਲੇ ਸੈਸ਼ਨ ਤੋਂ ਪਹਿਲਾਂ-ਪਹਿਲਾਂ ਉਨ੍ਹਾਂ ਕਮਰਿਆਂ ਦੀ ਉਸਾਰੀ ਮੁਕੰਮਲ ਹੋ ਜਾਵੇਗੀ।

**ਮਾਨਯੋਗ ਸਪੀਕਰ :** ਇਹ ਕਹਿੰਦੇ ਹਨ ਕਿ 16 ਵਿੱਚੋਂ 11 ਕਮਰੇ ਹੋ ਜਾਣਗੇ ਜੀ।

----------

## SHORT NOTICE QUESTION AND ANSWER

## ਸਿਧਵਾਂ ਬਲਾਕ ਵਿੱਚ ਟੈਕਨੀਕਲ ਕਾਲਜ ਖੋਲ੍ਹਣਾ

***2809. ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਜਗਰਾਉਂ ਦੇ ਸਿੱਧਵਾਂ ਬਲਾਕ ਵਿੱਚ ਕੋਈ ਟੈਕਨੀਕਲ ਕਾਲਜ ਨਹੀਂ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ 'ਹਾਂ' ਵਿੱਚ ਹੋਵੇ ਤਾਂ ਕੀ ਉਪਰੋਕਤ ਵਰਣਿਤ ਬਲਾਕ ਵਿੱਚ ਸਰਕਾਰ ਦੀ ਟੈਕਨੀਕਲ ਕਾਲਜ ਖੋਲ੍ਹਣ ਦੀ ਤਜਵੀਜ਼ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਚਰਨਜੀਤ ਸਿੰਘ ਚੰਨੀ :** (ੳ) ਹਾਂ ਜੀ, ਜਗਰਾਉਂ ਦੇ ਸਿੱਧਵਾਂ ਬਲਾਕ ਵਿੱਚ ਕੋਈ ਟੈਕਨੀਕਲ ਕਾਲਜ ਨਹੀਂ ਹੈ।

(ਅ) ਨਹੀਂ ਜੀ, ਹਾਲ ਦੀ ਘੜੀ ਕੋਈ ਤਜਵੀਜ਼ ਨਹੀਂ ਹੈ।

ਸਪੀਕਰ ਸਾਹਿਬ, ਵੈਸੇ ਤੁਸੀਂ ਕਮਾਲ ਕਰ ਦਿੱਤੀ ਹੈ। ਉਹ ਰੇਲ ਬਣਾਈ ਕਿ ਅੱਜ ਸਾਰੇ 20 ਦੇ 20 ਸਵਾਲ ਲਵਾ ਦਿੱਤੇ ਔਰ ਭੈਣ ਜੀ ਦਾ ਸਵਾਲ ਵੀ ਤੁਸੀਂ ਲਵਾ ਕੇ ਹੀ ਹਟੇ ਜੀ।

**ਮਾਨਯੋਗ ਸਪੀਕਰ :** ਤੁਹਾਡੀ ਕੋਆਪਰੇਸ਼ਨ ਨਾਲ ਹੀ ਸਵਾਲ ਲੱਗਿਆ ਹੈ। ਸਾਰੇ ਹਾਊਸ ਦੀ ਕੋਆਪਰੇਸ਼ਨ ਨਾਲ ਹੀ ਲੱਗਿਆ ਹੈ।

**ਮੰਤਰੀ :** ਤੁਹਾਡਾ ਬਹੁਤ-ਬਹੁਤ ਧੰਨਵਾਦ ਜੀ। ਤੁਹਾਡੀ ਬਹੁਤ ਮਿਹਰਬਾਨੀ ਕਿਉਂਕਿ ਤੁਸੀਂ ਸਪੈਸ਼ਲੀ ਉਨ੍ਹਾਂ ਦਾ ਸਵਾਲ ਲਗਾਇਆ ਹੈ।ਹੁਣ ਜੇਕਰ ਸਵਾਲ ਲਵਾਇਆ ਹੀ ਹੈ ਤਾਂ ਭੈਣ ਜੀ ਨੂੰ ਪੁੱਛ ਲਓ ਕਿ ਕੀ ਕਹਿੰਦੇ ਹਨ? ਜਿਵੇਂ ਕਹਿਣਗੇ, ਉਹ ਕਰ ਦੇਵਾਂਗੇ।(ਹਾਸਾ)

**ਮਾਨਯੋਗ ਸਪੀਕਰ :** ਅੱਜ ਤਾਂ ਬੜੇ ਦਰਿਆ-ਦਿਲ ਹੋਏ ਹੋ, ਕਰ ਦਿਓ ਜੋ ਕਹਿੰਦੇ ਹਨ। (ਹਾਸਾ)

**ਮੰਤਰੀ :** ਸਵਾਲ ਲਗਾਇਆ ਹੈ ਜੀ। ਸਪੀਕਰ ਸਾਹਿਬ, ਚਾਹੇ ਆਮ ਆਦਮੀ ਪਾਰਟੀ ਦਾ ਐਮ.ਐਲ.ਏ. ਹੈ, ਚਾਹੇ ਇੱਧਰਲੀ ਪਾਰਟੀ ਦਾ ਮੈਂਬਰ ਹੈ, ਅਸੀਂ ਸਭ ਨੂੰ ਬਰਾਬਰ ਸਮਝਦੇ ਹਾਂ। ਐਮ.ਐਲ.ਏ. ਤਾਂ ਐਮ.ਐਲ.ਏ. ਹੈ।

**ਮਾਨਯੋਗ ਸਪੀਕਰ :** ਮਾਣੂਕੇ ਜੀ, ਸਰਕਾਰ ਹੁਣ ਮਿਹਰਬਾਨ ਹੋਈ ਹੈ, ਜੋ ਚਾਹੁੰਦੇ ਹੋ, ਕਰਵਾ ਲਓ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਸਰ, ਫਿਰ ਮੇਰੇ ਸਿੱਧਵਾਂ ਨੂੰ ਇੱਕ ਆਈ.ਟੀ.ਆਈ. ਕਾਲਜ ਦੇ ਦਿਓ ਕਿਉਂਕਿ ਸਿੱਧਵਾਂ ਵਿੱਚ 70 ਪਿੰਡ ਪੈਂਦੇ ਹਨ, ਗਰੀਬ ਲੋਕ ਰਹਿੰਦੇ ਹਨ। ਐਫ.ਐਮ. ਸਾਹਿਬ ਵੀ ਬੈਠੇ ਹਨ, ਸਰ ਇੱਕ ਆਈ.ਟੀ.ਆਈ. ਕਾਲਜ ਦੇ ਦਿਓ ਜੀ। ਸਾਡੇ ਸਿੱਧਵਾਂ ਦੇ ਬਲਾਕ ਨੂੰ ਆਈ.ਟੀ.ਆਈ. ਕਾਲਜ ਦੇ ਦਿਓ।

**ਮੰਤਰੀ :** ਸਪੀਕਰ ਸਾਹਿਬ, ਠੀਕ ਹੈ। ਇਸ ਸਾਲ ਜਿਹੜੀਆਂ ਆਪਾਂ ਨੇ ਆਈ.ਟੀ.ਆਈਜ਼. ਬਣਾਉਣੀਆਂ ਹਨ, ਉਸ ਵਿੱਚ ਇਨ੍ਹਾਂ ਦਾ ਨਾਮ ਪੱਕਾ ਹੋ ਜਾਵੇਗਾ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਬਹੁਤ-ਬਹੁਤ ਧੰਨਵਾਦ ਜੀ। ਮੈਂ ਸਾਰਿਆਂ ਦਾ ਧੰਨਵਾਦ ਕਰਦੀ ਹਾਂ ਜੀ।

**ਮਾਨਯੋਗ ਸਪੀਕਰ :** ਹਾਂ ਜੀ, ਕੁਲਤਾਰ ਸਿੰਘ ਜੀ। ਪ੍ਰਸ਼ਨ ਖਤਮ ਹੋ ਗਏ ਹਨ। ਮੈਂ ਵੈਸੇ ਲਾਸਟ ਵਿੱਚ ਤੁਹਾਡੀ ਗੱਲ ਸੁਣ ਰਿਹਾ ਹਾਂ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ, ਮੈਂ ਤਾਂ ਅਗਲੀ ਗੱਲ ਕਰ ਰਿਹਾ ਹਾਂ। ਸਪੀਕਰ ਸਾਹਿਬ, ਪਹਿਲਾਂ ਤਾਂ ਤੁਹਾਡਾ ਧੰਨਵਾਦ ਕਿ ਤੁਸੀਂ ਸਾਨੂੰ ਭਾਰਤ ਦੇ ਮੁਕੱਦਸ ਸੰਵਿਧਾਨ ਦੇ ਦਰਸ਼ਨ ਕਰਵਾ ਦਿੱਤੇ। ਤੁਸੀਂ ਸਾਰੇ ਮੈਂਬਰਜ਼ ਨੂੰ ਸਮਾਂ ਦੇ ਦਿੱਤਾ ਹੈ। ਸਾਰੇ ਹਾਊਸ ਵੱਲੋਂ ਤੁਹਾਡਾ ਧੰਨਵਾਦ ਬਣਦਾ ਹੈ ਪਰ ਮੈਂ ਆਮ ਆਦਮੀ ਪਾਰਟੀ ਵੱਲੋਂ ਤੁਹਾਡਾ ਧੰਨਵਾਦ ਕਰਦਾ ਹਾਂ।

**ਮਾਨਯੋਗ ਸਪੀਕਰ:** ਪ੍ਰਸ਼ਨ ਖਤਮ ਹੁੰਦੇ ਹਨ, ਹੁਣ ਅਸੀਂ ਏਜੰਡੇ ਦੀ ਅਗਲੀ ਆਾਈਟਮ ਲਵਾਂਗੇ। ਜ਼ੀਰੋ ਆਵਰ। ਹਾਂ ਜੀ, ਕੁਲਤਾਰ ਸਿੰਘ ਜੀ ਹੁਣ ਬੋਲੋ।

-----------

## MATTERS RAISED DURING ZERO HOUR AND STATEMENTS MADE BY THE MINISTERS THEREON

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਜਿਹੜਾ ਪੰਜਾਬੀ ਭਾਸ਼ਾ ਵਾਲਾ ਮਤਾ ਲਿਆਂਦਾ ਸੀ, ਉਸ ਵਿੱਚ ਇੱਕ ਨੋਟੀਫਿਕੇਸ਼ਨ ਹੋਣਾ ਜ਼ਰੂਰੀ ਹੈ। ਭਾਸ਼ਾ ਵਿਭਾਗ ਨੇ ਇੱਕ ਨੋਟੀਫਿਕੇਸ਼ਨ ਤਾਂ ਜਾਰੀ ਕੀਤਾ ਹੋਇਆ ਹੈ ਲੇਕਿਨ ਉਸ ਦੇ ਕਾਨੂੰਨ ਦੀ ਪੂਰੀ ਪ੍ਰਕਿਰਿਆ ਕਰਵਾਉਣ ਵਾਸਤੇ, ਜਿਹੜਾ ਪੰਜਾਬੀ ਨੂੰ ਲਾਗੂ ਕਰਵਾਉਣ ਵਾਲਾ ਕਾਨੂੰਨ ਹੈ, ਉਹ ਹਾਲੇ ਤੱਕ toothless ਹੈ। ਜਿੰਨੀ ਦੇਰ ਤੱਕ ਸਰਕਾਰ ਉਸ ਦਾ ਨੋਟੀਫਿਕੇਸ਼ਨ ਜਾਰੀ ਨਹੀਂ ਕਰਦੀ, ਉਹ ਠੀਕ ਨਹੀਂ ਹੋਣਾ। ਇਸ ਦੇ ਨਾਲ ਹੀ ਇੱਕ ਗੱਲ ਹੋਰ ਬੜੀ ਜ਼ਰੂਰੀ ਹੈ ਕਿ, ਮੈਂ ਤੁਹਾਡੇ ਰਾਹੀਂ ਸਿਹਤ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ 500 ਕਰੋੜ ਰੁਪਿਆ ਕੈਂਸਰ ਦੇ ਮਰੀਜ਼ਾਂ ਦਾ ਪੰਜਾਬ ਸਰਕਾਰ ਨੇ ਦਿੱਤਾ ਨਹੀਂ ਹੈ, ਜਿਹੜਾ ਡੇਢ ਲੱਖ ਰੁਪਿਆ ਮੁੱਖ ਮੰਤਰੀ ਕੈਂਸਰ ਰਾਹਤ ਸਕੀਮ ਤਹਿਤ ਮਰੀਜ਼ ਦੇ ਇਲਾਜ ਲਈ ਮਿਲਣਾ ਹੁੰਦਾ ਹੈ। ਮੇਰੇ ਕਹਿਣ ਤੋਂ ਭਾਵ ਅਕਾਲੀ ਦਲ ਦੀ ਸਰਕਾਰ ਵੇਲੇ ਇਹੋ ਇੱਕੋ-ਇੱਕ ਵਧੀਆ ਕੰਮ ਹੋਇਆ ਸੀ। ਇਨ੍ਹਾਂ ਦੀ ਸਰਕਾਰ ਦੇ ਵਿੱਚ ਬੇਅਦਬੀ ਵੀ ਹੋਈ। ਅਣਪਛਾਤੀ ਪੁਲਿਸ ਨੇ ਬੰਦੇ ਮਾਰੇ। ਭਾਵੇਂ ਇਨ੍ਹਾਂ ਨੇ ਨਕੋਦਰ ਵਿਖੇ ਬੇਅਦਬੀ ਕਰਨ ਵਾਲਿਆਂ ਨੂੰ ਟਿਕਟਾਂ ਦਿੱਤੀਆਂ ਲੇਕਿਨ ਜਿਹੜਾ ਇਨ੍ਹਾਂ ਨੇ ਚੰਗਾ ਕੰਮ ਕੀਤਾ, ਬਾਦਲ ਸਾਹਿਬ ਨੇ ਕੈਂਸਰ ਰਾਹਤ ਸਕੀਮ ਚਲਾਈ ਸੀ ਲੇਕਿਨ ਪੰਜਾਬ ਸਰਕਾਰ ਉਸ ਨੂੰ ਤਿੰਨ ਸਾਲ ਤੋਂ ਕਿਉਂ ਦੱਬ ਕੇ ਬੈਠੀ ਹੈ। ਕੈਂਸਰ ਦੇ ਮਰੀਜ਼ਾਂ ਦਾ ਪੈਸਾ 500 ਕਰੋੜ ਸੀ। ਬੰਦੇ ਦਾ ਘਰ ਵੀ ਵਿਕ ਜਾਂਦਾ ਹੈ ਪਰ ਫਿਰ ਵੀ ਬੰਦਾ ਨਹੀਂ ਬਚਦਾ। ਪੰਜਾਬ ਵਿੱਚ ਇੰਨੀ ਵੱਡੀ ਮਾਰ ਪੈ ਰਹੀ ਹੈ।

**ਸਰਦਾਰ ਬਲਦੇਵ ਸਿੰਘ ਕਲਿਆਣ :** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇੱਕ ਅਹਿਮ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ। ਸਪੀਕਰ ਸਾਹਿਬ, ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ 400 ਸਾਲਾ ਪਾਵਨ ਪ੍ਰਕਾਸ਼ ਦਿਹਾੜਾ ਅਗਲੇ ਸਾਲ ਅਪ੍ਰੈਲ ਮਹੀਨੇ ਵਿੱਚ ਆ ਰਿਹਾ ਹੈ। ਸਰਕਾਰ ਨੇ ਬਜਟ ਪ੍ਰੋਵੀਜ਼ਨਜ਼ ਵੀ ਕੀਤੀਆਂ ਹਨ। ਬਹੁਤ ਵੱਡੀ ਪੱਧਰ ਤੇ ਇਹ ਦਿਹਾੜਾ ਮਨਾਇਆ ਜਾ ਰਿਹਾ ਹੈ। ਇੱਕ ਐਸੇ ਗੁਰੂ ਜਿਨ੍ਹਾਂ ਨੇ ਆਪਣੀ ਸ਼ਹਾਦਤ ਦੇ ਕੇ ਸਾਰੇ ਭਾਰਤ ਦੀ ਪੱਤ ਬਚਾਈ। ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜਿੱਥੇ ਨੌਵੇਂ ਪਾਤਸ਼ਾਹ ਜੀ ਦਾ

[ਸਰਦਾਰ ਬਲਦੇਵ ਸਿੰਘ ਕਲਿਆਣ]

ਪ੍ਰਕਾਸ਼ ਹੋਇਆ, ਗੁਰੂ ਕੇ ਮਹਿਲ, ਸ੍ਰੀ ਅੰਮ੍ਰਿਤਸਰ ਸਾਹਿਬ, ਉਸ ਗੁਰਦੁਆਰਾ ਸਾਹਿਬ ਦੇ ਆਸ ਪਾਸ ਦੇ ਹਾਲਾਤ ਬਹੁਤ ਹੀ ਤਰਸਯੋਗ ਹਨ। ਗਲੀਆਂ ਵੀ ਪੱਕੀਆਂ ਨਹੀਂ ਹਨ। ਗੰਦਗੀ ਵੀ ਬਹੁਤ ਹੈ ਤੇ ਸੀਵਰੇਜ ਦਾ ਪਾਣੀ ਉੱਥੇ ਸਾਰਾ ਦਿਨ ਨਿਕਲਦਾ ਰਹਿੰਦਾ ਹੈ ਜਿਸ ਕਾਰਨ ਸ਼ਰਧਾਲੂਆਂ ਨੂੰ ਬਹੁਤ ਦਿੱਕਤ ਆਉਂਦੀ ਹੈ। ਲੱਖਾਂ ਸੰਗਤਾਂ ਰੋਜ਼ ਜਿਹੜੀਆਂ ਸ਼੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਵਾਸਤੇ ਜਾਂਦੀਆਂ ਹਨ, ਉਹ ਇਸ ਅਸਥਾਨ ਤੇ ਜਾ ਕੇ ਜ਼ਰੂਰ ਦਰਸ਼ਨ ਕਰਦੀਆਂ ਹਨ ਕਿਉਂਕਿ ਇੱਥੇ ਚੌਥੇ ਪਾਤਸ਼ਾਹ, ਪੰਜਵੇਂ ਪਾਤਸ਼ਾਹ, ਛੇਵੇ ਪਾਤਸ਼ਾਹ ਤੇ ਨੌਵੇਂ ਪਾਤਸ਼ਾਹ ਨਿਵਾਸ ਕਰਦੇ ਸਨ। ਇਹ ਉਨ੍ਹਾਂ ਦਾ ਘਰ ਸੀ। ਅੰਮ੍ਰਿਤਸਰ ਸਾਹਿਬ ਨਗਰ ਦੀ ਮੋੜ੍ਹੀ ਵੀ ਇੱਥੋਂ ਹੀ ਗੱਡੀ ਗਈ। ਹੁਣ ਸ਼ਤਾਬਦੀ ਵਰ੍ਹਾ ਹੋਣ ਕਾਰਨ ਇੱਥੇ ਸੰਗਤਾਂ ਦੀ ਹਾਜ਼ਰੀ ਬਹੁਤ ਵੱਧ ਜਾਣੀ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਇੱਕ ਪਾਸੇ ਸੱਚਖੰਡ ਸ਼੍ਰੀ ਦਰਬਾਰ ਸਾਹਿਬ ਤੋਂ ਗੁਰੂ ਕੇ ਮਹਿਲ ਦੀਆਂ ਸਾਰੀਆਂ ਗਲੀਆਂ ਤੇ ਗੁਰਦੁਆਰਾ ਸ੍ਰੀ ਲੋਹਗੜ੍ਹ ਸਹਿਬ ਤੋਂ ਗੁਰੂ ਕੇ ਮਹਿਲ ਦਾ ਰਸਤਾ ਵੀ ਪੱਕਾ ਕੀਤਾ ਜਾਵੇ ਤੇ ਇਹ ਸਾਰਾ ਏਰੀਆ ਸਾਫ-ਸੁਥਰਾ ਬਣਾਇਆ ਜਾਵੇ। ਮੈਂ ਸਰਕਾਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤੱਕ ਕਰ ਦੇਣਗੇ? ਇਹ ਬਹੁਤ ਹੀ ਜ਼ਰੂਰੀ ਵਿਸ਼ਾ ਹੈ।

**Mr. Speaker :** Thank you, thank you. ਚੰਨੀ ਸਾਹਿਬ ਦੇ ਦਿਉ, ਜਵਾਬ ਦੇ ਦਿਓ।

**ਸੈਰ ਸਪਾਟਾ ਤੇ ਸਭਿਆਚਾਰਕ ਮਾਮਲੇ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ):** ਮੈਂਬਰ ਸਾਹਿਬ ਇੱਕ ਬਹੁਤ ਅੱਛੀ ਗੱਲ ਅੱਗੇ ਲੈ ਕੇ ਆਏ ਹਨ। ਸ੍ਰੀ ਗੁਰੂ ਨਾਨਕ ਸਾਹਿਬ ਦਾ 550ਵਾਂ ਜਨਮ ਦਿਨ ਪੰਜਾਬ ਸਰਕਾਰ ਨੇ ਬਹੁਤ ਵੱਡੇ ਤਰੀਕੇ ਦੇ ਨਾਲ ਮਨਾਇਆ ਹੈ। ਇਸ ਦੀ ਵਰਲਡ ਵਾਈਡ ਪ੍ਰਸੰਸਾ ਵੀ ਹੋਈ ਹੈ। ਇਸੇ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 400 ਸਾਲਾ ਪ੍ਰਕਾਸ਼ ਦਿਹਾੜਾ ਆ ਰਿਹਾ ਹੈ। ਸ੍ਰੀ ਅਨੰਦਪੁਰ ਸਾਹਿਬ ਵਿੱਚ ਜਦੋਂ ਕਸ਼ਮੀਰੀ ਪੰਡਿਤ ਗੁਰੂ ਸਾਹਿਬ ਤੋਂ ਮਦਦ ਲੈਣ ਲਈ ਆਏ ਸਨ ਤਾਂ ਉਨ੍ਹਾਂ ਨੂੰ ਐਸ਼ੋਰੈਂਸ ਦਿੱਤੀ ਅਤੇ ਉਸ ਤੋਂ ਬਾਅਦ ਸ਼ਹਾਦਤ ਦਿੱਤੀ। ਇਸ ਦਿਹਾੜੇ ਲਈ ਵੀ ਮੁੱਖ ਮੰਤਰੀ ਜੀ ਨੇ ਆਦੇਸ਼ ਜਾਰੀ ਕੀਤੇ ਹਨ ਅਤੇ ਮੀਟਿੰਗ ਵਿੱਚ ਐਲਾਨ ਕਰ ਦਿੱਤਾ ਹੈ ਕਿ ਵਰਲਡ ਦੇ ਵਿੱਚ ਬਹੁਤ ਵੱਡੇ ਪੱਧਰ ਤੇ ਇਹ ਦਿਹਾੜਾ ਮਨਾਇਆ ਜਾਵੇਗਾ। ਜਿਹੜੀ ਇਨ੍ਹਾਂ ਨੇ ਗੱਲ ਕੀਤੀ ਹੈ ਉਹ ਆਲਰੇਡੀ ਸਰਕਾਰ ਦੇ ਏਜੰਡੇ ਤੇ ਹੈ। ਜਿੱਥੇ-ਜਿੱਥੇ ਵੀ ਗੁਰੂ ਸਾਹਿਬ ਗਏ ਹਨ, ਜਿੱਥੇ-ਜਿੱਥੇ ਵੀ ਉਹ ਰਹੇ ਹਨ ਅਤੇ ਜਿੱਥੇ ਉਨ੍ਹਾਂ ਦਾ ਪ੍ਰਕਾਸ਼ ਹੋਇਆ ਹੈ, ਉਸ ਭੂਮੀ ਨੂੰ ਸ਼ਿੰਗਾਰਿਆ ਜਾਵੇਗਾ। ਇਹ ਸਾਰੇ ਪ੍ਰਬੰਧ ਕੀਤੇ ਜਾਣਗੇ। ਮੈਂ ਮੈਂਬਰ ਸਾਹਿਬ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਨੇ ਗੱਲ ਕੀਤੀ ਹੈ, ਉਹ ਬਹੁਤ ਅੱਛੀ ਹੈ। ਪੰਜਾਬ ਸਰਕਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 400 ਸਾਲਾ ਪ੍ਰਕਾਸ਼ ਦਿਹਾੜਾ ਮਨਾਉਣ ਜਾ ਰਹੀ ਹੈ। ਜੋ ਜੋ ਵੀ ਮੈਂਬਰ ਸਾਹਿਬ ਨੇ ਗੱਲਾਂ ਕੀਤੀਆਂ ਹਨ, ਉਹ ਆਲਰੇਡੀ ਸਾਡੇ ਏਜੰਡੇ ਤੇ ਹਨ।

**ਮਾਨਯੋਗ ਸਪੀਕਰ :** ਇਆਲੀ ਸਾਹਿਬ।

**ਸਰਦਾਰ ਬਲਦੇਵ ਸਿੰਘ ਕਲਿਆਣ :** ਮੈਂ ਮੰਤਰੀ ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ :** ਧੰਨਵਾਦ ਹੋ ਗਿਆ ਜੀ ਪਰ ਜ਼ੀਰੋ ਆਵਰ ਵਿੱਚ ਧੰਨਵਾਦ ਨਹੀਂ ਹੁੰਦਾ।

**ਸਰਦਾਰ ਮਨਪ੍ਰੀਤ ਸਿੰਘ ਇਆਲੀ :** ਸਪੀਕਰ ਸਾਹਿਬ, ਇੱਕ ਮਸਲਾ ਬਹਿਬਲ ਕਲਾਂ ਗੋਲੀ ਕਾਂਡ ਦਾ ਹੈ। ਉਸ ਵਿੱਚ ਦੋ ਨੌਜਵਾਨ ਮਾਰੇ ਗਏ ਸਨ। ਅੱਜ ਵਿਧਾਨ ਸਭਾ ਤੋਂ ਬਾਹਰ ਸਰਦਾਰ ਸੁਰਜੀਤ ਸਿੰਘ ਜੀ ਦੀ ਧਰਮ ਪਤਨੀ ਬੀਬੀ ਜਸਵੀਰ ਕੌਰ, ਜੈ ਸਾਰੇ ਐਮ.ਐਲ.ਏ. ਸਾਹਿਬਾਨ ਨੂੰ ਮਿਲ ਰਹੇ ਸਨ, ਉਨ੍ਹਾਂ ਨੇ ਸਾਨੂੰ ਇੱਕ ਚਿੱਠੀ ਦਿੱਤੀ ਹੈ ਜਿਸ ਵਿੱਚ ਉਨ੍ਹਾਂ ਨੇ ਮੰਗ ਕੀਤੀ ਹੈ ਕਿ ਮੇਰੇ ਪਤੀ ਇੱਕੋ ਇੱਕ ਗਵਾਹ ਸਨ। ਉਨ੍ਹਾਂ ਨੇ ਕਿਹਾ ਹੈ ਮੈਂ ਜਸਵੀਰ ਕੌਰ ਪਤਨੀ ਸਰਦਾਰ ਸੁਰਜੀਤ ਸਿੰਘ ਵਾਸੀ ਪਿੰਡ ਬਹਿਬਲ ਕਲਾਂ ਦੀ ਰਹਿਣ ਵਾਲੀ ਹਾਂ। ਮੇਰੇ ਪਤੀ ਬਹਿਬਲ ਕਲਾਂ ਗੋਲੀ ਕਾਂਡ ਦੇ ਮੁੱਖ ਗਵਾਹ ਸਨ। ਉਨ੍ਹਾਂ ਦੀ ਮੌਤ 15 ਜਨਵਰੀ, 2020 ਰਾਤ ਨੂੰ ਹੋ ਗਈ ਸੀ। ਮੇਰੇ ਪਤੀ ਦੀ ਮੌਤ ਦੇ ਜ਼ਿੰਮੇਵਾਰ ** ** ਉਕਤ ਦੋਨੋਂ ਰਾਜਸੀ ਆਗੂ ਮੇਰੇ ਪਤੀ ਤੇ ਲਗਾਤਾਰ ਦਬਾਅ ਪਾਉਂਦੇ ਰਹੇ ਕਿ ਉਹ ਬਹਿਬਲ ਕਲਾਂ ਗੋਲੀ ਕਾਂਡ ਕੇਸ ਵਿੱਚ ਗਵਾਹੀ ਤੋਂ ਮੁਕਰ ਜਾਵੇ। ਇਹ ਦੋਨੋਂ ਦੋਸ਼ੀ ਅਨਸਰਾਂ ਦੀ ਮਦਦ ਕਰ ਰਹੇ ਸਨ ਅਤੇ ਉਨ੍ਹਾਂ ਨੂੰ ਬਚਾਉਣਾ ਚਾਹੁੰਦੇ ਸਨ। ਮੰਤਰੀ ਜੀ ਨੇ ਆਪਣੇ ਮਹਿਕਮੇ ਦੀ ਦੁਰਵਰਤੋਂ ਕਰਦਿਆਂ ਸਾਡੇ ਘਰ ਵਿੱਚ ਰੇਡਾਂ ਕਰਵਾਈਆਂ ਅਤੇ ਜ਼ਲੀਲ ਕਰਵਾਇਆ। ਮੇਰੇ ਪਰਿਵਾਰ ਨੂੰ ਬਦਨਾਮ ਕਰਨ ਲਈ ** ** ਬਿਜਲੀ ਬੋਰਡ ਵੱਲੋਂ 20,556 ਰੁਪਏ ਜੁਰਮਾਨਾ ਕਰਵਾਇਆ ਅਤੇ ਮਾਨਸਿਕ ਤੌਰ ਤੇ ਪਰੇਸ਼ਾਨ ਕੀਤਾ ਗਿਆ। (ਵਿਘਨ...ਸ਼ੋਰ)

**ਮਾਨਯੋਗ ਸਪੀਕਰ :** ਬੈਠੋ, ਬੈਠੋ। ਤੁਹਾਡੀ ਗੱਲ ਆ ਗਈ।

**ਸਰਦਾਰ ਮਨਪ੍ਰੀਤ ਸਿੰਘ ਇਆਲੀ :** ਸਰ, ਪਲੀਜ਼, ਇੱਕ ਮਿੰਟ ਮੈਨੂੰ ਗੱਲ ਕਰ ਲੈਣ ਦਿਓ। ਮੈਂ ਨਵਾਂ ਆਇਆ ਹਾਂ। ਕੱਲ੍ਹ ਵੀ ਬੜਾ ਕੁਝ ਹੋਇਆ ਹੈ। ਇਹ ਮੁੱਦਾ ਪੰਜਾਬ ਦਾ ਮੇਨ ਮੁੱਦਾ ਹੈ। ਕੱਲ੍ਹ ਟਰਾਂਸਪੋਰਟ ਦੀ ਗੱਲ ਕੀਤੀ ਗਈ ਹੈ, ਰੇਤੇ ਦੀ ਗੱਲ ਕੀਤੀ ਗਈ ਹੈ, ਨਸ਼ਿਆਂ ਦੀ ਗੱਲ ਕੀਤੀ ਗਈ ਹੈ। ਸਰਕਾਰ ਨੂੰ ਤਿੰਨ ਸਾਲ ਹੋ ਗਏ ਹਨ, ਜੇ ਅਕਾਲੀ ਦਲ ਦਾ ਕੋਈ ਲੀਡਰ, ਕੋਈ ਵੀ ਵਰਕਰ ਦੋਸ਼ੀ ਹੈ ਤਾਂ ਉਸ ਨੂੰ ਫਾਹੇ ਤੇ ਲਾ ਦਿਓ ਪਰ ਰਾਜਨੀਤੀ ਬਹੁਤ ਜ਼ਿਆਦਾ ਹੋ ਚੁੱਕੀ ਹੈ। ਇਨ੍ਹਾਂ ਤੇ ਕਾਰਵਾਈ ਪਰਿਵਾਰ ਨੂੰ ਇਨਸਾਫ ਦਿਵਾਉ ...(ਵਿਘਨ)

**Expunged as ordered by the Chair.

**ਮਾਨਯੋਗ ਸਪੀਕਰ :** ਥੈਂਕ ਯੂ, ਥੈਂਕ ਯੂ। ਤੁਹਾਡਾ ਪੁਆਇੰਟ ਆ ਗਿਆ। (ਵਿਘਨ....ਸ਼ੋਰ) ਬੈਠ ਜਾਓ, ਬੈਠ ਜਾਓ। ਪ੍ਰੋਫੈਸਰ ਬਲਜਿੰਦਰ ਕੌਰ ਜੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਮਨਪ੍ਰੀਤ ਸਿੰਘ ਇਯਾਲੀ ਅਤੇ ਸਰਦਾਰ ਬਿਕਰਮ ਸਿੰਘ ਮਜੀਠੀਆ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਪ੍ਰੋਫੈਸਰ ਬਲਜਿੰਦਰ ਕੌਰ :** ਸਪੀਕਰ ਸਾਹਿਬ, ਤਲਵੰਡੀ ਸਾਬੋ ਵਿੱਚ ਇੱਕ ਰਿਫਾਇਨਰੀ ਚੱਲ ਰਹੀ ਹੈ ਪਰ ਬਹੁਤ ਹੀ ਅਫਸੋਸ ਦੀ ਗੱਲ ਹੈ ਕਿ ਜਿਹੜਾ ਪ੍ਰਾਜੈਕਟ (ਵਿਘਨ ....ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਬਰਗਾੜੀ ਕਾਂਡ ਦੇ ਮੁੱਖ ਗਵਾਹ ਦੀ ਮੌਤ ਦੇ ਮੁੱਦੇ ਤੇ ਨਾ ਬੋਲਣ ਦਿੱਤੇ ਜਾਣ ਦੇ ਰੋਸ ਵਜੋਂ ** ** ਨਾਅਰੇ ਮਾਰਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ। ਚੇਅਰ ਦੀ ਆਗਿਆ ਨਾਲ ਨਾਅਰੇ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ :** ਬਲਜਿੰਦਰ ਕੌਰ ਜੀ, ਤੁਸੀਂ ਬੋਲੋ।

**ਪ੍ਰੋਫੈਸਰ ਬਲਜਿੰਦਰ ਕੌਰ :** ਸਪੀਕਰ ਸਾਹਿਬ, ਇਹ ਇੰਨਾ ਇੰਪਾਟੈਂਟ ਇਸ਼ੂ ਹੈ, ਮੈਂ ਚਾਹੁੰਦੀ ਸੀ ਕਿ ਇਸ ਨੂੰ ਪੂਰਾ ਹਾਊਸ ਚੰਗੀ ਤਰ੍ਹਾਂ ਸੁਣੇ।ਮੈਂ ਕੱਲ੍ਹ ਵੀ ਬੋਲਣ ਲੱਗੀ ਸੀ ਤਾਂ ਰੌਲਾ ਪੈ ਗਿਆ ਤੇ ਅੱਜ ਵੀ। (ਵਿਘਨ...ਸ਼ੋਰ) ਸਰ, ਮੈਂ ਕਹਿ ਰਹੀ ਸੀ ਕਿ ਜਿਹੜੀ ਰਿਫਾਇਨਰੀ ਤਲਵੰਡੀ ਸਾਬੋ ਵਿਖੇ ਚੱਲ ਰਹੀ ਹੈ, ਇਹ ਪ੍ਰਾਜੈਕਟ 16,000/- ਕਰੋੜ ਰੁਪਏ ਦਾ ਤਲਵੰਡੀ ਸਾਬੋ ਵਿਖੇ ਲਿਆਂਦਾ ਗਿਆ। ਜਦੋਂ ਬਾਦਲ ਸਾਹਿਬ ਸਟੇਜ ਤੇ ਬੋਲਦੇ ਹਨ ਤਾਂ ਹਰ ਸਟੇਜ ਤੇ ਕਹਿੰਦੇ ਹਨ ਕਿ ਮੈਂ ਤਲਵੰਡੀ ਸਾਬੋ ਵਿਖੇ ਰਿਫਾਇਨਰੀ ਲੈ ਕੇ ਆਇਆ ਹਾਂ ਪਰ ਜਦੋਂ ਕਾਂਗਰਸ ਦੀ ਸਰਕਾਰ ਆਉਂਦੀ ਹੈ ਤਾਂ ਸੀ.ਐਮ. ਸਾਹਿਬ ਵੀ ਜ਼ਿਕਰ ਕਰ ਦਿੰਦੇ ਹਨ ਕਿ ਤਲਵੰਡੀ ਸਾਬੋ ਰਿਫਾਇਨਰੀ ਦਾ 10 ਹਜ਼ਾਰ ਕਰੋੜ ਰੁਪਏ ਦਾ ਟੈਕਸ ਮੁਆਫ ਕੀਤਾ। ਮੇਰੀ ਇਸ ਵਿੱਚ ਇੰਨੀ ਕੁ ਸਬਮਿਸ਼ਨ ਹੈ ਕਿ ਪੰਜਾਬ ਦੀ ਧਰਤੀ ਤੇ ਰਿਫਾਇਨਰੀ ਹੋਵੇ, ਤਖਤ ਸ੍ਰੀ ਦਮਦਮਾ ਸਾਹਿਬ ਦੀ ਧਰਤੀ ਉਤੇ ਰਿਫਾਇਨਰੀ ਚੱਲ ਰਹੀ ਹੋਵੇ ਪਰ ਬਹੁਤ ਅਫਸੋਸ ਹੈ ਕਿ ਅੱਜ ਉੱਥੇ ਜਿਹੜੇ ਮੁਲਾਜ਼ਮ ਕੰਮ ਕਰਦੇ ਹਨ, ਉਨ੍ਹਾਂ ਦੀ ਗਿਣਤੀ 50 ਹਜ਼ਾਰ ਤੋਂ 70 ਹਜ਼ਾਰ ਹੈ ਅਤੇ ਉਥੇ ਟਾਪ ਦੇ ਇੰਜੀਨੀਅਰ ਹਨ। ਮੈਨੂੰ ਬਹੁਤ ਦੁੱਖ ਹੈ ਕਿ ਇਸ ਵਿੱਚ ਪੰਜਾਬ ਦੇ ਮੁਲਾਜ਼ਮ,

** **Not recorded as ordered by the Chair.

ਪੰਜਾਬ ਦੇ ਇੰਜੀਨੀਅਰ, ਸਾਡੇ ਪਿੰਡਾਂ ਦੇ ਬੰਦੇ ਕਿਉਂ ਨਹੀਂ ਹਨ? ਸਾਡੇ ਵਿੱਚ ਅਜਿਹੀ ਕਿਹੜੀ ਕਮੀ ਹੈ? ਜੇ ਇੰਨਾ ਵੱਡਾ ਪ੍ਰਾਜੈਕਟ ਤਲਵੰਡੀ ਸਾਬੋ ਦੀ ਧਰਤੀ ਨੂੰ ਦਿੱਤਾ ਤਾਂ ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਸੀ ਕਿ ਕੋਈ ਯੂਨੀਵਰਸਿਟੀ ਜਾਂ ਕੋਈ ਕਾਲਜ ਅਜਿਹਾ ਦਿੱਤਾ ਜਾਂਦਾ ਜਿੱਥੇ...... (ਵਿਘਨ)

**ਮਾਨਯੋਗ ਸਪੀਕਰ :** ਬਲਜਿੰਦਰ ਕੌਰ ਜੀ, ਬੈਠ ਜਾਓ। ਘੁਬਾਇਆ ਜੀ, ਬੋਲੋ

**ਸਰਦਾਰ ਦਵਿੰਦਰ ਸਿੰਘ ਘੁਬਾਇਆ :** ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਦਾ ਟਾਈਮ ਦਿੱਤਾ। ਮੈਂ ਸਦਨ ਦਾ ਧਿਆਨ ਫਿਰੋਜ਼ਪੁਰ-ਫਾਜ਼ਿਲਕਾ ਸਟੇਟ ਹਾਈਵੇਅ ਤੇ ਜਿਹੜਾ ਇਲਲੀਗਲ ਟੋਲ ਲੱਗਿਆ ਹੋਇਆ ਹੈ, ਉਸ ਵੱਲ ਦਿਵਾਉਣਾ ਚਾਹੁੰਦਾ ਹਾਂ। ਜਿਹੜਾ ਇਹ ਟੋਲ ਹੈ, ਇਸ ਕੋਲ ਕੰਪਲੀਸ਼ਨ ਸਰਟੀਫਿਕੇਟ ਨਹੀਂ ਹੈ। ਉਹ ਪਿਛਲੇ ਦਸ ਸਾਲਾਂ ਤੋਂ ਪ੍ਰੋਵੀਜ਼ਨਲ ਸਰਟੀਫਿਕੇਟ ਤੇ ਹੀ ਲੱਗਿਆ ਹੋਇਆ ਹੈ। ਸਾਡੇ ਜ਼ਿਲ੍ਹੇ ਦੀ ਜਿਹੜੀ ਗਰੀਵੈਂਸ ਕਮੇਟੀ ਸੀ.... (ਵਿਘਨ...ਸ਼ੋਰ)

-----------

## WALK OUT

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਬਰਗਾੜੀ ਕਾਂਡ ਦੇ ਮੁੱਖ ਗਵਾਹ ਸਰਦਾਰ ਸੁਰਜੀਤ ਸਿੰਘ ਦੀ ਮੌਤ ਦੇ ਮੁੱਦੇ ਤੇ ਨਾ ਬੋਲਣ ਦਿੱਤੇ ਜਾਣ ਦੇ ਰੋਸ ਵਜੋਂ ਵੈੱਲ ਆਫ ਦਿ ਹਾਊਸ ਵਿੱਚੋਂ ** ** ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕ-ਆਊਟ ਕਰ ਗਏ।)

-----------

## MATTERS RAISED DURING ZERO HOUR AND STATEMENTS MADE BY THE MINISTERS THEREON *(RESUMPTION)*

**ਸਰਦਾਰ ਦਵਿੰਦਰ ਸਿੰਘ ਘੁਬਾਇਆ :** ਜਿਹੜੀ ਇਹ ਕਮੇਟੀ ਸੀ, ਇਸ ਵਿੱਚ ਪੀ.ਡਬਲਿਊ.ਡੀ. ਦੇ ਅਫਸਰ ਵੀ ਇਹ ਮੰਨ ਕੇ ਗਏ ਹਨ ਕਿ ਉਨ੍ਹਾਂ ਕੋਲ ਕੰਪਲੀਸ਼ਨ ਸਰਟੀਫਿਕੇਟ ਨਹੀਂ ਹੈ ਤੇ ਉਹ ਪ੍ਰੋਵੀਜ਼ਨਲ ਸਰਟੀਫਿਕੇਟ ਤੇ ਹੀ ਚੱਲ ਰਿਹਾ ਹੈ। ਉਹ ਕੰਡੀਸ਼ਨਾਂ ਪੂਰੀਆਂ ਨਹੀਂ ਕਰਦੇ। ਇਸ ਕਰਕੇ ਮੇਰੀ ਬੇਨਤੀ ਹੈ ਕਿ ਜਿਹੜਾ ਇਹ ਟੋਲ ਹੈ, ਇਸ ਸਬੰਧੀ ਥੱਲੜੇ ਲੈਵਲ ਦੇ ਅਫਸਰ ਮੰਨ ਚੁੱਕੇ ਹਨ। ਮੈਂ ਜਦੋਂ ਇੱਥੇ ਆ ਕੇ ਚੰਡੀਗੜ੍ਹ ਵਿਖੇ ਸੈਕਟਰੀ ਦੇ ਆਫਿਸ ਵਿੱਚ ਮੰਤਰੀ ਸਾਹਿਬ ਨੂੰ ਮਿਲਿਆ, ਮੈਂ ਤਿੰਨ-ਚਾਰ ਵਾਰ ਮਿਲ ਚੁੱਕਿਆ ਹਾਂ ਪਰੰਤੂ ਇਸ ਟੋਲ ਤੇ ਹਾਲੇ ਵੀ ਕੋਈ ਕਾਰਵਾਈ ਨਹੀਂ ਹੋਈ। ਇਸ

** **Not recorded as ordered by the Chair.

[ਸਰਦਾਰ ਦਵਿੰਦਰ ਸਿੰਘ ਘੁਬਾਇਆ]

ਟੋਲ ਨੂੰ ਬੰਦ ਕਰਨਾ ਚਾਹੀਦਾ ਹੈ ਜਿਹੜੀ ਇਨ੍ਹਾਂ ਨੇ ਲੁੱਟ ਮਚਾਈ ਹੋਈ ਹੈ। (ਵਿਘਨ)

**ਮਾਨਯੋਗ ਸਪੀਕਰ :** ਹਾਂ ਜੀ, ਬਲਜਿੰਦਰ ਕੌਰ ਜੀ, ਕੀ ਰਹਿ ਗਿਆ ਹੁਣ?

**ਪ੍ਰੋਫੈਸਰ ਬਲਜਿੰਦਰ ਕੌਰ :** ਸਰ, ਉੱਥੇ ਕੋਈ ਪੈਟਰੋ-ਕੈਮੀਕਲ ਦੀ ਯੂਨੀਵਰਸਿਟੀ ਜਾਂ ਕੋਈ ਕਾਲਜ ਬਣਾ ਦਿੱਤਾ ਜਾਵੇ ਜਿਸ ਨਾਲ ਸਾਡੇ ਮੁੰਡੇ-ਕੁੜੀਆਂ ਪੜ੍ਹ-ਲਿਖ ਕੇ ਉਸ ਰਿਫਾਇਨਰੀ ਵਿੱਚ ਕੰਮ ਕਰਨ ਦੇ ਯੋਗ ਹੋ ਸਕਣ। ਦੂਜੀ ਗੱਲ ਕਿ ਜਿਹੜੇ ਬੰਦੇ ਉੱਥੇ ਸਾਡੇ ਪਿੰਡਾਂ ਦੇ ਕੰਮ ਕਰਦੇ ਹਨ, ਉਹ ਸਿਰਫ ਲੇਬਰ ਜਾਂ ਸਕਿਓਰਟੀ ਵਿੱਚ ਕੰਮ ਕਰਦੇ ਹਨ ਅਤੇ ਉਨ੍ਹਾਂ ਦੀ ਤਨਖਾਹ 8-10 ਹਜ਼ਾਰ ਹੀ ਹੈ। ਉਨ੍ਹਾਂ ਦੀਆਂ ਤਨਖਾਹਾਂ ਦੇ ਵਿੱਚ ਵਾਧਾ ਕੀਤਾ ਜਾਵੇ। ਇਸ ਨਾਲ ਉਨ੍ਹਾਂ ਦਾ ਗੁਜ਼ਾਰਾ ਨਹੀਂ ਹੁੰਦਾ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ :** ਬੈਠੋ, ਬਲਜਿੰਦਰ ਕੌਰ ਜੀ। ਸਰਦਾਰ ਸੁਖਪਾਲ ਸਿੰਘ ਭੁੱਲਰ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਬੈਠੋ, ਬੈਠੋ। ਮੈਂ ਹੁਣ ਸਿਰਫ ਮਨਜੀਤ ਸਿੰਘ ਨੂੰ ਹੀ ਟਾਈਮ ਦੇਣਾ ਹੈ, ਉਨ੍ਹਾਂ ਨੂੰ ਹੀ ਬੁਲਾਉਣਾ ਹੈ। ਬਾਕੀ ਸਾਰੇ ਬੈਠ ਜਾਓ। (ਵਿਘਨ) ਮੀਤ ਜੀ, ਜਿਹੜੇ ਮੈਂਬਰ ਘੱਟ ਬੋਲਦੇ ਹਨ, ਪਹਿਲਾਂ ਉਨ੍ਹਾਂ ਨੂੰ ਬੋਲਣ ਦਿਆ ਕਰੋ, ਤੁਸੀਂ ਤਾਂ ਰੋਜ਼ ਬੋਲਦੇ ਹੋ, ਹੁਣ ਤੁਸੀਂ ਬੈਠੋ। ਬੈਠੋ, ਪਲੀਜ਼। ਹਾਂ ਜੀ, ਸਰਦਾਰ ਸੁਖਪਾਲ ਸਿੰਘ ਭੁੱਲਰ ਜੀ।

**ਸਰਦਾਰ ਸੁਖਪਾਲ ਸਿੰਘ ਭੁੱਲਰ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਸ ਹਾਊਸ ਦੇ ਵਿੱਚ ਬੈਠੇ ਸਾਰੇ ਮੈਂਬਰ ਸਾਹਿਬਾਨਾਂ ਦਾ, ਇਧਰਲੇ ਮੈਂਬਰ ਸਾਹਿਬਾਨਾਂ ਅਤੇ ਉਧਰਲੇ ਮੈਂਬਰ ਸਾਹਿਬਾਨ ਦਾ ਧਿਆਨ ਉਸ ਮਹਾਨ ਸ਼ਹੀਦ ਭਾਈ ਤਾਰੂ ਸਿੰਘ ਜੀ ਵੱਲ ਦਿਵਾਉਣਾ ਚਾਹੁੰਦਾ ਹਾਂ ਜਿਨ੍ਹਾਂ ਨੇ ਆਪਣੇ ਕੇਸ ਨਹੀਂ ਕਟਵਾਏ ਪਰੰਤੂ ਆਪਣੀ ਖੋਪੜੀ ਲੁਹਾ ਦਿੱਤੀ, ਉਨ੍ਹਾਂ ਦਾ ਅਕਤੂਬਰ ਮਹੀਨੇ ਦੇ ਵਿੱਚ 300 ਸਾਲਾ ਜਨਮ ਦਿਹਾੜਾ ਆ ਰਿਹਾ ਹੈ। ਸਪੀਕਰ ਸਾਹਿਬ, ਪੂਹਲੇ ਪਿੰਡ ਵਿੱਚ ਉਨ੍ਹਾਂ ਦਾ ਜਨਮ ਹੋਇਆ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਸਾਹਿਬ ਅਤੇ ਸਾਰੀ ਕੈਬਨਿਟ ਦੇ ਵਜ਼ੀਰ ਸਾਹਿਬਾਨਾਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਵੀ ਉਸ ਪਿੰਡ ਵਿਚ ਕੰਮ ਅਧੂਰੇ ਪਏ ਹਨ, ਚਾਹੇ ਸਕੂਲ ਦੇ ਹਨ, ਚਾਹੇ ਡਿਸਪੈਂਸਰੀਆਂ ਹਨ ਜਾਂ ਸੜਕਾਂ ਦੇ ਕੰਮ ਅਧੂਰੇ ਪਏ ਹਨ, ਉਸ ਪਿੰਡ ਵਿੱਚ ਆਪਾਂ ਕੋਈ ਇਹੋ-ਜਿਹਾ ਕੰਮ ਕਰ ਸਕੀਏ ਤਾਂ ਕਿ ਜਿਹੜੀ ਉਨ੍ਹਾਂ ਨੇ ਸਿੱਖ ਕੌਮ ਵਾਸਤੇ ਮਹਾਨ ਕੁਰਬਾਨੀ ਦਿੱਤੀ ਹੈ, ਉਨ੍ਹਾਂ ਨੂੰ ਉਥੇ ਸ਼ਰਧਾ ਦੇ ਫੁੱਲ ਭੇਂਟ ਕਰ ਸਕੀਏ। ਸਪੀਕਰ ਸਾਹਿਬ, ਦੂਸਰੀ ਗੱਲ ਇਹ ਹੈ ਕਿ ਬੜਾ ਵੱਡਾ ਪ੍ਰੋਗਰਾਮ ਉੱਥੇ ਹੋ ਰਿਹਾ ਹੈ,

ਤਕਰੀਬਨ 250-300 ਕਿੱਲਾ ਜ਼ਮੀਨ ਦਾ ਚਾਹੀਦਾ ਹੈ। ਸੋ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਪੀਕਰ ਸਾਹਿਬ, 15 ਤਰੀਕ ਨੂੰ ਝੋਨਾ ਲਗਾਉਣ ਦੀ ਪਰਮਿਸ਼ਨ ਕਿਸਾਨਾਂ ਨੂੰ ਮਿਲਦੀ ਹੈ, ਅਗਰ ਉਹ 1 ਤਰੀਕ ਤੋਂ ਕਿਸਾਨਾਂ ਨੂੰ ਝੋਨਾ ਲਗਾਉਣ ਦੀ ਪਰਮਿਸ਼ਨ ਮਿਲ ਜਾਵੇ ਤਾਂ ਜੋ ਸਤੰਬਰ ਦੇ ਅਖੀਰ ਵਿਚ ਉਸ ਫਸਲ ਦੀ ਕਟਾਈ ਹੋ ਸਕੇ ਅਤੇ ਉਹ ਜ਼ਮੀਨ ਸਾਨੂੰ ਮਿਲ ਸਕੇ ਅਤੇ ਅਸੀਂ ਉੱਥੇ ਪੰਡਾਲ ਲਗਾ ਕੇ ਪੂਰਾ ਪ੍ਰੋਗਰਾਮ ਕਰ ਸਕੀਏ। ਧੰਨਵਾਦ ਜੀ।

**ਮਾਨਯੋਗ ਸਪੀਕਰ :** ਸਰਦਾਰ ਮਨਜੀਤ ਸਿੰਘ ਬਿਲਾਸਪੁਰ।(ਵਿਘਨ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਆਂਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਹੁਣ ਸਾਰੇ ਤਾਂ ਤੁਸੀਂ ਨਹੀਂ ਬੋਲ ਸਕਦੇ? ਤੁਸੀਂ ਵੀਹ ਦੇ ਵੀਹ ਮੈਂਬਰ ਤਾਂ ਨਹੀਂ ਬੋਲ ਸਕਦੇ?

**ਸਰਦਾਰ ਮਨਜੀਤ ਸਿੰਘ :** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਜੀ। ਸਪੀਕਰ ਸਾਹਿਬ, ਮੇਰਾ ਮੁੱਦਾ ਪੰਜਾਬ ਵਿੱਚ ਕੰਮ ਕਰ ਰਹੀਆਂ ਆਂਗਨਵਾੜੀ ਵਰਕਰਾਂ ਦਾ ਹੈ। ਆਂਗਨਵਾੜੀ ਵਰਕਰਾਂ ਉਹ ਵਰਕਰਾਂ ਹਨ ਜਿਹੜੀਆਂ ਸਮਾਜ ਅਤੇ ਸਰਕਾਰਾਂ, ਚਾਹੇ ਸੂਬੇ ਦੀਆਂ ਹਨ ਜਾਂ ਸੈਂਟਰ ਦੀਆਂ ਹਨ, ਉਨ੍ਹਾਂ ਵਿੱਚ ਕੜੀ ਦਾ ਕੰਮ ਕਰਦੀਆਂ ਹਨ। ਉਨ੍ਹਾਂ ਨੂੰ ਵੱਖਰੀ-ਵੱਖਰੀ ਤਰ੍ਹਾਂ ਦੇ ਬਹੁਤ ਜ਼ਿਆਦਾ ਕੰਮ ਦਿੱਤੇ ਜਾਂਦੇ ਹਨ, ਚਾਹੇ ਜਨਗਣਨਾ ਹੈ ਜਾਂ ਕੋਈ ਹੋਰ ਕੰਮ ਹੈ ਪਰ ਉਨ੍ਹਾਂ ਨੂੰ ਮਿਹਨਤਾਨਾ ਬੜਾ ਘੱਟ ਮਿਲਦਾ ਹੈ। ਪਿਛਲੇ ਸਮੇਂ ਵਿੱਚ ਪੰਜਾਬ ਸਰਕਾਰ ਨੇ 1500/- ਰੁਪਿਆ ਪ੍ਰਤੀ ਮਹੀਨਾ ਵਰਕਰ ਲਈ ਅਤੇ 750/- ਰੁਪਏ ਹੈਲਪਰ ਵਾਸਤੇ ਵਾਧਾ ਕੀਤਾ ਸੀ ਜਿਸ ਦੇ ਵਿੱਚ ਕੇਂਦਰ ਸਰਕਾਰ ਨੇ ਤਾਂ ਆਪਣਾ ਬਣਦਾ ਹਿੱਸਾ ਅਕਤੂਬਰ ਤੋਂ ਦੇ ਦਿੱਤਾ ਹੈ ਲੇਕਿਨ ਪੰਜਾਬ ਸਰਕਾਰ ਨੇ 600/- ਰੁਪਏ ਪ੍ਰਤੀ ਮਹੀਨਾ ਵਰਕਰ ਅਤੇ 300/- ਰੁਪਏ ਹੈਲਪਰ ਵਾਸਤੇ ਨਹੀਂ ਦਿੱਤਾ । ਕਿਰਪਾ ਕਰਕੇ ਇਹ ਵੀ ਦਿਵਾਇਆ ਜਾਵੇ, ਧੰਨਵਾਦ ਜੀ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ :** ਮਾਨਯੋਗ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਸਮਾਂ ਦਿੱਤਾ ਹੈ। ਸਪੀਕਰ ਸਾਹਿਬ, ਕੱਲ੍ਹ ਵੀ ਪੰਜਾਬ ਭਵਨ ਵਿੱਚ ਕਮਰਿਆਂ ਦਾ ਥੋੜ੍ਹਾ ਇਸ਼ੂ ਪਿਆ ਸੀ । ਸਪੀਕਰ ਸਾਹਿਬ, ਮੈਂ ਆਪਣੀ ਗੱਲ ਰੱਖਣੀ ਚਾਹੁੰਦਾ ਹਾਂ ਕਿ ਮੈਂ 22 ਫਰਵਰੀ ਨੂੰ ਪੰਜਾਬ ਭਵਨ ਵਿੱਚ 4 ਤਰੀਕ ਤੋਂ ਲੈ ਕੇ 6 ਤਰੀਕ ਤੱਕ ਦੀ ਬੁਕਿੰਗ ਕਰਵਾਈ ਹੈ। ਸਪੀਕਰ ਸਾਹਿਬ, ਮੈਂ ਅੱਜ ਦਿੱਲੀ ਜਾਣਾ ਹੈ ਲੇਕਿਨ ਅਜੇ ਤੱਕ ਮੈਨੂੰ ਕੋਈ ਕਨਫਰਮੇਸ਼ਨ ਨਹੀਂ ਹੈ ਕਿ ਤੁਹਾਡੀ ਬੁਕਿੰਗ ਹੈ ਜਾਂ ਨਹੀਂ ਹੈ। ਉਸ ਤੋਂ ਬਾਅਦ ਉਥੇ ਕੋਈ ਮਿਸਟਰ ਮੈਣੀ ਹਨ, I do not know his designation

ਉਨ੍ਹਾਂ ਨੂੰ ਮੈਸੇਜ ਵੀ ਕੀਤਾ ਗਿਆ ਔਰ ਪਹਿਲੀ ਗੱਲ ਤਾਂ ਇਹ ਹੈ ਕਿ ਉਹ ਨਾ ਤਾਂ ਫੋਨ ਚੁੱਕਦੇ ਹਨ ਅਤੇ ਨਾ ਹੀ ਰਿਵਰਟ ਕਰਦੇ ਹਨ। ਉਨ੍ਹਾਂ ਦਾ ਹੁਣ ਥੋੜ੍ਹੇ ਦਿਨਾਂ ਬਾਅਦ ਰਿਵਰਟ ਫੋਨ ਆਇਆ ਕਿ ਤੁਹਾਨੂੰ ਦੋ ਦਿਨ ਪਹਿਲਾਂ ਕਨਫਰਮ ਕਰ ਦਿੱਤਾ ਜਾਵੇਗਾ ਲੇਕਿਨ ਅਜੇ ਤੱਕ ਕੋਈ ਕਨਫਰਮੇਸ਼ਨ ਨਹੀਂ ਹੈ। ਸਪੀਕਰ ਸਾਹਿਬ, ਗੱਲ ਕਮਰਿਆਂ ਦੀ ਨਹੀਂ ਹੈ, ਕਮਰਾ ਲੈਣਾ ਮੈਨੂੰ ਆਉਂਦਾ ਹੈ, ਮੈਂ ਚਲਿਆ ਜਾਵਾਂਗਾ ਅਤੇ ਲੈ ਕੇ ਵੀ ਰਹਾਂਗਾ ਪਰ ਗੱਲ ਇਹ ਹੈ ਕਿ ਇਥੇ ਜਿਹੜੇ ਸਾਰੇ ਮੈਂਬਰ ਸਾਹਿਬਾਨ ਬੈਠੇ ਹਨ, ਚਾਹੇ ਉਹ ਸਾਹਮਣੇ ਬੈਠੇ ਹਨ, ਚਾਹੇ ਸੱਜੇ ਪਾਸੇ ਬੈਠੇ ਹਨ, ਇਹ ਗੱਲ ਇੱਕ ਐਮ.ਐਲ.ਏ. ਦੇ ਰੁਤਬੇ ਦੀ ਹੈ। ਜਦੋਂ 1984 ਵਿੱਚ ਰਾਇਟਸ ਹੋਏ, ਸਾਰਾ ਮਸਲਾ ਪਿਆ, ਉਦੋਂ ਰਾਸ਼ਟਰਪਤੀ ਰਾਜ ਲੱਗਿਆ ਸੀ। ਸਰ, ਇਕ ਮਿੰਟ ਜੀ।

**ਮਾਨਯੋਗ ਸਪੀਕਰ :** ਇੱਕ ਮਿੰਟ ਮੇਰੀ ਗੱਲ ਸੁਣੋ।(ਵਿਘਨ) ਪਹਿਲਾਂ ਤੁਸੀਂ ਮੇਰੀ ਗੱਲ ਸੁਣੋ। ਕੱਲ੍ਹ ਇਹ ਇਸ਼ੂ ਉੱਠਿਆ ਸੀ, ਪਹਿਲਾਂ ਤੁਸੀਂ ਮੇਰੀ ਗੱਲ ਸੁਣ ਲਵੋ। ਮੈਂ ਹਾਊਸ ਨੂੰ ਐਸ਼ੋਅਰ ਕੀਤਾ ਸੀ ਅਤੇ ਮੈਂ ਅੱਜ ਚੀਫ ਸੈਕਟਰੀ ਬੁਲਾਇਆ ਸੀ ਲੇਕਿਨ ਉਨ੍ਹਾਂ ਦੀ ਅੱਜ ਸੁਪਰੀਮ ਕੋਰਟ ਵਿੱਚ ਪੇਸ਼ੀ ਹੈ। ਜਿਸ ਤਰ੍ਹਾਂ ਹੀ ਉਹ ਵਾਪਸ ਆਉਣਗੇ, ਸਿੱਧਾ ਆਪਣੇ ਕੋਲ ਆਉਣਗੇ। ਮੈਂ ਹਾਊਸ ਨੂੰ ਵਾਰ-ਵਾਰ ਐਸ਼ੋਅਰ ਕਰਦਾ ਹਾਂ, (ਵਿਘਨ) ਪਹਿਲਾਂ ਮੇਰੀ ਗੱਲ ਪੂਰੀ ਹੋ ਲੈਣ ਦਿਉ। ਇਹ ਮੈਂ ਬਿਲਕੁਲ ਨਹੀਂ ਹੋਣ ਦੇਣਾ, ਇਹ ਬਿਲਕੁਲ ਨਹੀਂ ਹੋ ਸਕਦਾ, ਵਿਧਾਨਕਾਰਾਂ ਦੇ ਹੱਕਾਂ ਦੀ ਰਾਖੀ ਕਰਨਾ ਮੇਰੀ ਜ਼ਿੰਮੇਵਾਰੀ ਹੈ ਔਰ ਇਸ ਦੇ ਵਾਸਤੇ ਜੋ ਵੀ ਕਦਮ ਚੁੱਕਣਾ ਪਿਆ, ਤੁਹਾਡੇ ਸਹਿਯੋਗ ਨਾਲ ਅਸੀਂ ਚੁੱਕਾਂਗੇ, ਥੋੜ੍ਹਾ ਜਿਹਾ ਟਾਈਮ ਦੇ ਦਿਉ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ :** ਸਰ, ਤੁਹਾਡਾ ਧੰਨਵਾਦ ਹੈ। ਸਪੀਕਰ ਸਾਹਿਬ, ਮੇਰੀ ਇੱਕ ਗੱਲ ਹੋਰ ਹੈ। ਸਰ, ਸੈਕਟਰ-39 ਵਿਚ ਕੋਠੀਆਂ ਪਈਆਂ ਹਨ ਜਿਹੜੀਆਂ ਖਾਲੀ ਹਨ, ਸਰ, Chief Secretary and all other officers are entitled to have those houses, Why not MLAs? ਸਰ, ਜੇ ਸਾਡਾ ਰੁਤਬਾ ਉਨ੍ਹਾਂ ਦੇ ਬਰਾਬਰ ਹੈ, ਚੀਫ ਸੈਕਟਰੀ ਤੋਂ ਉਪਰ ਹੈ ਜਾਂ ਬਰਾਬਰ ਹੈ ਤਾਂ why are we not entitled for those houses? ਸਰ, ਮੈਂ ਤਿੰਨ ਸਾਲਾਂ ਤੋਂ ਫਲੈਟ ਮੰਗ ਰਿਹਾ ਹਾਂ, ਤਿੰਨ ਸਾਲਾਂ ਤੋਂ ਨਾ ਮੈਨੂੰ ਰੂਮ ਮਿਲ ਰਿਹਾ ਹੈ ਤੇ ਨਾ ਹੀ ਮੈਨੂੰ ਫਲੈਟ ਮਿਲ ਰਿਹਾ ਹੈ। ਸਰ, ਅਸੀਂ ਦੋ ਲੱਖ ਬੰਦਿਆਂ ਦੇ ਨੁਮਾਇੰਦੇ ਹਾਂ ਤੇ ਇਥੇ ਆ ਕੇ ਹਾਊਸ ਵਿਚ ਬੈਠੇ ਹਾਂ। ਜੇ ਅਸੀਂ ਦਿੱਲੀ ਵੀ ਜਾਂਦੇ ਹਾਂ ਤਾਂ ਲੋਕਾਂ ਦੇ ਕੰਮਾਂ ਲਈ ਜਾਂਦੇ ਹਾਂ। ਉੱਥੇ ਮੇਰੇ ਸਾਹਮਣੇ ਇੱਕ ਐਮ.ਐਲ.ਏ. ਨੂੰ ਜਦ ਤਿੰਨ ਦਿਨ ਤੋਂ ਬਾਅਦ ਚੌਥਾ ਦਿਨ ਕਮਰੇ ਦਾ ਹੋ ਗਿਆ ਤਾਂ ਕਿਹਾ ਗਿਆ ਕਿ ਤੇਰਾ ਸਮਾਨ ਚੁੱਕ ਕੇ ਬਾਹਰ ਰੱਖ ਦਿਆਂਗੇ। ਮੈਂ ਐਮ.ਐਲ.ਏ. ਸਾਹਿਬ ਦਾ ਨਾਂ ਨਹੀਂ ਲੈਣਾ। (ਵਿਘਨ) ਜ਼ੀਰਾ ਸਾਹਿਬ ਬੈਠੇ

ਹਨ, ਜ਼ੀਰਾ ਸਾਹਿਬ ਨੂੰ ਕਿਹਾ ਗਿਆ ਕਿ ਤੇਰਾ ਸਮਾਨ ਚੁੱਕ ਕੇ ਬਾਹਰ ਰੱਖ ਦਿਆਂਗੇ, ਤੁਸੀਂ ਸਮਾਨ ਚੁੱਕ ਲਵੋ (ਸ਼ੇਮ- ਸ਼ੇਮ ਦੀਆਂ ਅਵਾਜ਼ਾਂ) ਸਰ, ਅੱਜ ਇਹ ਹਾਲਾਤ ਹਨ, ਅੱਜ ਬੋਲਣ ਦੀ ਇਸ ਕਰਕੇ ਲੋੜ ਪਈ ਹੈ ਕਿ ਅਸੀਂ ਨੌਜਵਾਨ ਵਿਧਾਇਕ ਪਹਿਲੀ ਵਾਰ ਚੁਣ ਕੇ ਆਏ ਹਾਂ ਜੇਕਰ ਮੈਂ ਅੱਜ ਇਹ ਗੱਲ ਨਹੀਂ ਰੱਖਦਾ, ਅਸੀਂ ਇਕੱਲੇ-ਇਕੱਲੇ ਨੇ ਜਾ ਕੇ ਕਮਰਾ ਲੈਣਾ ਹੈ, ਇਹ ਐਮ.ਐਲ.ਏ ਦੀ dignity ਦਾ ਸਵਾਲ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਪ੍ਰੈਜ਼ੀਡੈਂਟ ਰੂਲ ਲੱਗਿਆ ਸੀ, ਉਦੋਂ ਪੰਜਾਬ ਸਿਰ ਪਹਿਲੀ ਵਾਰ 9,000 ਕਰੋੜ ਦਾ ਕਰਜ਼ਾ ਚੜ੍ਹਿਆ ਸੀ। ਉਸ ਤੋਂ ਪਹਿਲਾਂ ਪੰਜਾਬ ਬਿਲਕੁਲ ਸਰਪਲੱਸ ਸੂਬਾ ਸੀ, ਉਦੋਂ ਅਫ਼ਸਰਾਂ ਨੇ ਪੰਜਾਬ ਸਿਰ 9,000 ਕਰੋੜ ਦਾ ਕਰਜ਼ਾ ਚੜ੍ਹਾਇਆ। ਇਨ੍ਹਾਂ ਨੂੰ ਅਜਿਹਾ ਖ਼ੂਨ ਲੱਗਿਆ, ਉਹ ਕੰਮ ਅੱਜ ਵੀ ਚਲਦਾ ਜਾ ਰਿਹਾ ਹੈ, ਜਿਸ ਕਾਰਨ ਪੰਜਾਬ ਡੁੱਬਦਾ ਜਾ ਰਿਹਾ ਹੈ। ਜੇ ਉਹ ਅਫ਼ਸਰ...

**ਮਾਨਯੋਗ ਸਪੀਕਰ :** ਮਾਣੂਕੇ ਜੀ, ਤੁਸੀਂ ਬੋਲੋ।(ਵਿਘਨ, ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ।)

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ :** ਸਰ, ਇਕ ਮਿੰਟ ਜੀ। ਅਫਸਰਾਂ ਦੀ ਅਕਾਊਂਟੇਬਿਲਟੀ ਬਰਾਬਰ ਦੀ ਹੈ।ਇਕੱਲੇ ਪੁਲੀਟੀਕਲ ਬੰਦਿਆਂ ਦੀ ਅਕਾਊਂਟੇਬਿਲਟੀ ਨਹੀਂ ਹੈ। ਹਰ ਪੰਜ ਸਾਲ ਬਾਅਦ ਇਲੈਕਸ਼ਨਾਂ ਆਉਂਦੀਆਂ ਹਨ, ਅਸੀਂ ਲੋਕਾਂ ਨੂੰ ਜਵਾਬਦੇਹ ਹਾਂ ਪਰ ਅਫਸਰਾਂ ਦੀ ਜਵਾਬਦੇਹੀ ਕਿੱਥੇ ਹੈ?

**ਮਾਨਯੋਗ ਸਪੀਕਰ :** ਮਾਣੂਕੇ ਜੀ, ਤੁਸੀਂ ਬੋਲੋ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਗੁਰੂ ਨਾਨਕ ਕਾਲਜ, ਫਿਰੋਜ਼ਪੁਰ ਵੱਲ ਲਿਆਉਣਾ ਚਾਹੁੰਦੀ ਹਾਂ ਜਿੱਥੇ...(ਵਿਘਨ...ਸ਼ੋਰ)

**ਮਾਨਯੋਗ ਸਪੀਕਰ :** ਪਾਹੜਾ ਸਾਹਿਬ, ਤੁਹਾਡੀ ਗੱਲ ਆ ਗਈ ਹੈ, ਮਾਣੂਕੇ ਜੀ ਨੂੰ ਬੋਲਣ ਦਿਓ। ਇਵੇਂ ਨਾ ਕਰੋ, ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ :** ਮੇਰੀ ਗੱਲ ਨਹੀਂ ਆਈ।

**ਮਾਨਯੋਗ ਸਪੀਕਰ :** ਜੇ ਨਹੀਂ ਆਈ ਤਾਂ ਮੈਂ ਤੁਹਾਡੇ ਮੁਤਾਬਿਕ ਨਹੀਂ ਚੱਲਣਾ।(ਵਿਘਨ...ਸ਼ੋਰ) ਹੁਣ ਬਹਿ ਜਾਓ।(ਵਿਘਨ...ਸ਼ੋਰ) ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ (ਬਿਨਾਂ ਮਾਈਕ ਤੋਂ) :** ਸਪੀਕਰ ਸਾਹਿਬ, ਉਨ੍ਹਾਂ ਦੀ ਗੱਲ ਪੂਰੀ ਨਹੀਂ ਹੋਈ। ਉਨ੍ਹਾਂ ਨੂੰ ਬੋਲ ਲੈਣ ਦਿਓ।(ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਦੱਸੋ ਜੀ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ :** ਸਰ, ਮੈਂ ਇਕ ਲਾਸਟ ਗੱਲ ਕਹਿ ਕੇ ਬੈਠ ਰਿਹਾ ਹਾਂ। ਉਥੇ ਦਿੱਲੀ ਵਿੱਚ ਕੀ ਹੁੰਦਾ ਹੈ, ਤੁਸੀਂ ਮਾਨਯੋਗ ਸਪੀਕਰ ਹੋ ਅਤੇ ਤੁਸੀਂ entitle ਨਹੀਂ ਹੋ ਕਿ ਆਪਣਾ ਕਮਰਾ ਉੱਥੇ ਰੱਖ ਸਕੋ ਅਤੇ ਇਹ ਬੜੀ ਸ਼ਰਮਨਾਕ ਗੱਲ ਹੈ। ਉੱਥੇ ਚੀਫ ਸੈਕਟਰੀ ਸਾਹਿਬ ਦਾ ਆਪਣਾ ਕਮਰਾ ਹੈ, ਉਥੇ ਅਤੁਲ ਨੰਦਾ ਜੀ ਦਾ ਕਮਰਾ ਹੈ, ਮੇਰੀ ਦਰਖਾਸਤ ਹੈ ਕਿ ਤਿੰਨ ਸਾਲ ਦਾ ਕਿਰਾਇਆ ਇਨ੍ਹਾਂ ਤੋਂ ਵਸੂਲਿਆ ਜਾਵੇ। ਮੈਨੂੰ ਨੋਟਿਸ ਆਇਆ ਹੈ, ਇੱਥੇ ਕਈ ਐਮ.ਐਲ.ਏ ਸਾਹਿਬ ਬੈਠੇ ਹਨ, ਜਿਨ੍ਹਾਂ ਨੂੰ 1200/- ਰੁਪਏ ਦੇ ਹਿਸਾਬ ਨਾਲ ਨੋਟਿਸ ਆਇਆ ਹੈ। ਇਨ੍ਹਾਂ ਤੋਂ ਤਿੰਨ ਸਾਲ ਦਾ ਕਿਰਾਇਆ ਵਸੂਲਿਆ ਜਾਵੇ, ਇਹ ਸਾਰੇ ਅਫਸਰ ਦੇਣਦਾਰ ਹਨ। ਅਸੀਂ ਹਾਊਸ ਵਿੱਚ ਆਉਂਦੇ ਹਾਂ, ਅਸੀਂ ਲੋਕਾਂ ਦੇ ਜਵਾਬਦੇਹ ਹਾਂ ਅਤੇ ਇਹ ਸਾਡੇ ਜਵਾਬਦੇਹ ਹਨ। ਅਸੀਂ ਪਬਲਿਕ ਸਰਵੈਂਟ ਹਾਂ ਅਤੇ ਇਹ ਵੀ ਪਬਲਿਕ ਸਰਵੈਂਟ ਹਨ, ਇਹ ਤਨਖਾਹ ਲੈਂਦੇ ਹਨ। ਮੇਰੀ ਬੇਨਤੀ ਹੈ ਕਿ ਇਸ ਨੂੰ ਵਿਚਾਰਿਆ ਜਾਵੇ, ਨਹੀਂ ਤਾਂ ਮੈਂ ਇਸ ਮੁੱਦੇ ਨੂੰ ਹੋਰ ਚੁੱਕਾਂਗਾ।(ਵਿਘਨ...ਸ਼ੋਰ)

**ਮਾਨਯੋਗ ਸਪੀਕਰ :** ਮਾਣੂਕੇ ਜੀ, ਤੁਸੀਂ ਬੋਲੋ। ਸਰਦਾਰ ਫਤਿਹਜੰਗ ਸਿੰਘ ਜੀ, ਬੈਠ ਜਾਓ।(ਵਿਘਨ...ਸ਼ੋਰ) ਸਰਦਾਰ ਫਤਿਹਜੰਗ ਸਿੰਘ ਜੀ, ਬਹਿ ਜਾਓ, ਪਲੀਜ਼, ਬਹਿ ਜਾਓ। ਮਾਣੂਕੇ ਜੀ, ਬੋਲੋ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਸਰ, ਮੈਂ ਤੁਹਾਡਾ ਧਿਆਨ ਗੁਰੂ ਨਾਨਕ ਕਾਲਜ, ਫਿਰੋਜ਼ਪੁਰ ਵੱਲ ਦਿਵਾਉਣਾ ਚਾਹੁੰਦੀ ਹਾਂ। ਬੜੀ ਹੈਰਾਨੀ ਵਾਲੀ ਗੱਲ ਹੈ ਕਿ ਜਿਸ ਕਾਲਜ ਵਿੱਚ 5600 ਬੱਚਾ ਪੜ੍ਹਦਾ ਹੈ ਉਸ ਕਾਲਜ ਦੀ ਤਿੰਨ ਏਕੜ ਜ਼ਮੀਨ ਹੈ ਅਤੇ ਪੰਜਾਬ ਯੂਨੀਵਰਸਿਟੀ, ਜਿਸ ਵਿੱਚ 4900 ਬੱਚਾ ਪੜ੍ਹਦਾ ਹੈ ਉਸ ਕੋਲ 100 ਏਕੜ ਜ਼ਮੀਨ ਹੈ। ਮੈਂ ਕਹਿਣਾ ਚਾਹੁੰਦੀ ਹਾਂ ਕਿ ਗੁਰੂ ਨਾਨਕ ਕਾਲਜ ਵਿੱਚ ਕਲਾਸਿਜ਼ ਨਹੀਂ ਹੁੰਦੀਆਂ ਕਿਉਂਕਿ ਰੂਮਜ਼ ਨਹੀਂ ਹਨ, ਟੀਚਰਜ਼ ਨਹੀਂ ਹਨ। ਟੀਚਰਜ਼ ਨੂੰ ਸੈਲਰੀ ਵਾਸਤੇ exploit ਕੀਤਾ ਜਾ ਰਿਹਾ ਹੈ, ਇਸ ਦੇ ਕੀ ਕਾਰਨ ਹਨ? ਤਿੰਨ ਏਕੜ ਵਿੱਚ 5600 ਬੱਚਾ ਐਸਟੈਬਲਿਸ਼ ਕਰ ਰਹੇ ਹਨ। ਸਪੀਕਰ ਸਾਹਿਬ, ਇਹ ਕਰਦੇ ਕੀ ਹਨ ਕਿ ਆਪ ਹਾਜ਼ਰੀ ਲਗਾ ਕੇ ਬੱਚਿਆਂ ਨੂੰ ਪਰਮੋਟ ਕਰ ਰਹੇ ਹਨ ਕਿ ਤੁਸੀਂ ਭਾਵੇਂ ਆਓ ਜਾਂ ਨਾ ਆਓ, ਤੁਹਾਨੂੰ ਸਰਟੀਫਿਕੇਟ ਮਿਲੇਗਾ। ਸਭ ਤੋਂ ਵੱਡੀ ਗੱਲ ਅਨਇੰਪਲਾਇਮੈਂਟ ਹੈ, ਇਸ ਤਰੀਕੇ ਨਾਲ ਅਸੀਂ ਪੜ੍ਹੇ-ਲਿਖੇ ਬੇਰੁਜ਼ਗਾਰ ਪੈਦਾ ਕਰ ਰਹੇ ਹਾਂ ਜਿਸ ਕਾਰਨ ਸਾਨੂੰ ਪ੍ਰਾਬਲਮ ਆ ਰਹੀ ਹੈ। ਮੇਰੀ ਇਕੋ ਇਕ ਦਰਖਾਸਤ ਹੈ ਕਿ ਇਸ ਚੀਜ਼ ਦੀ ਇਨਕੁਆਇਰੀ ਕਰਕੇ ਜਿਹੜਾ ਵੀ ਬੰਦਾ ਇਸ ਵਿੱਚ ਜ਼ਿੰਮੇਵਾਰ ਹੈ, ਜਿਹੜਾ ਵੀ ਇਸ ਵਿੱਚ ਸ਼ਾਮਲ ਹੈ, ਉਸ ਤੇ ਪਰਾਪਰ ਇਨਕੁਆਇਰੀ ਕਰਕੇ ਉਸ ਨੂੰ ਸਜ਼ਾ ਦਿੱਤੀ ਜਾਵੇ।

**ਸਰਦਾਰ ਪਰਮਿੰਦਰ ਸਿੰਘ ਪਿੰਕੀ :** ਸਰ, ਮੇਰੇ ਹਲਕੇ ਦਾ ਸਵਾਲ ਹੈ।

**ਮਾਨਯੋਗ ਸਪੀਕਰ :** ਪਿੰਕੀ ਜੀ, ਬਹਿ ਜਾਓ। ਚੀਮਾ ਜੀ, ਬੋਲੋ। (ਵਿਘਨ....) ਪਹਿਲਾਂ ਇਨ੍ਹਾਂ ਨੂੰ ਬੋਲ ਲੈਣ ਦਿਓ, ਬਾਅਦ ਵਿੱਚ ਤੁਸੀਂ ਬੋਲ ਲੈਣਾ।

**ਸਰਦਾਰ ਹਰਪਾਲ ਸਿੰਘ ਚੀਮਾ :** ਸਰ, ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਉਸ ਦਿਨ ਗੱਲ ਮਾਈਨਿੰਗ ਦੀ ਹੋ ਰਹੀ ਸੀ। ਸਪੀਕਰ ਸਾਹਿਬ, ਇਹ ਤੁਹਾਡੇ ਜ਼ਿਲ੍ਹੇ ਦਾ ਮਾਮਲਾ ਹੈ। ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਆਰਡਰ ਨਾਲ ਪਿੰਡ ਸਵਾੜਾ, ਪਿੰਡ ਬੇਈਹਾੜਾ, ਪਿੰਡ ਹਰਸਾਬੇਲਾ ਵਿੱਚ ਤਿੰਨ ਖੱਡਾਂ ਬੰਦ ਹੋ ਚੁੱਕੀਆਂ ਹਨ। ਉਨ੍ਹਾਂ ਦਾ ਲਗਭਗ 632 ਕਰੋੜ ਰੁਪਿਆ ਠੇਕੇਦਾਰ ਕੋਲ ਬਕਾਇਆ ਪਿਆ ਹੈ। ਪਤਾ ਨਹੀਂ ਮਨਿਸਟਰ ਸਾਹਿਬ ਜਾਂ ਪੰਜਾਬ ਸਰਕਾਰ ਕਿਉਂ ਨਹੀਂ ਲੈ ਰਹੀ? ਦਿਨੇਸ਼ ਚੱਢਾ, ਐਕਟੀਵਿਸਟ ਜਿਹੜੇ ਕਿ ਤੁਹਾਡੇ ਇਲਾਕੇ ਦੇ ਹਨ, ਤੁਹਾਨੂੰ ਪਤਾ ਹੋਵੇਗਾ, ਉਨ੍ਹਾਂ ਨੇ NGT ਵਿੱਚ execution ਪਾਈ ਹੈ ਕਿ ਪੰਜਾਬ ਸਰਕਾਰ ਉਸ ਤੋਂ ਪੈਸਾ ਲਵੇ। ਇਕ ਪ੍ਰਾਈਵੇਟ ਵਿਅਕਤੀ execution ਪਾ ਰਿਹਾ ਹੈ ਕਿ ਪੰਜਾਬ ਸਰਕਾਰ ਪੈਸਾ ਲਵੇ ਪਰੰਤੂ ਪੰਜਾਬ ਸਰਕਾਰ ਸੁੱਤੀ ਪਈ ਹੈ। ਐਫ.ਐਮ. ਸਾਹਿਬ ਕਹਿੰਦੇ ਹਨ, ਖਜ਼ਾਨਾ ਖਾਲੀ ਹੈ। ਇਹ ਖਜ਼ਾਨਾ ਤਾਂ ਹੀ ਭਰੇਗਾ ਜੇਕਰ ਅਸੀਂ ਆਪਣੇ ਪੈਸੇ ਵਸੂਲ ਕਰਾਂਗੇ। ਮੈਂ ਸਮਝਦਾ ਹਾਂ ਕਿ ਇਹ ਬਹੁਤ ਹੀ ਮਾੜੀ ਗੱਲ ਹੈ। ਤਿੰਨ ਖੱਡਾਂ, ਜੋ ਕਿ ਬੰਦ ਹੋ ਚੁੱਕੀਆਂ ਹਨ, ਦੇ 632 ਕਰੋੜ ਰੁਪਏ ਬਕਾਇਆ ਪਏ ਹਨ। ਇਹ ਬਹੁਤ ਹੀ ਅਹਿਮ ਮਾਮਲਾ ਹੈ।

ਇਸ ਤੋਂ ਇਲਾਵਾ ਇਕ ਹੋਰ ਗੱਲ ਕਹਿਣੀ ਚਾਹੁੰਦਾ ਹਾਂ। ਸਪੀਕਰ ਸਾਹਿਬ, ਨਵਾਂ ਮਾਫੀਆ ਪੰਜਾਬ ਸਰਕਾਰ ਵਿੱਚ ਪੈਦਾ ਹੋ ਗਿਆ ਹੈ। ਉਹ ਮਾਫੀਆ ਇੰਟਰਲਾਕਿੰਗ ਟਾਈਲਾਂ ਦਾ ਹੈ। ਸਪੀਕਰ ਸਾਹਿਬ, ਹਰੇਕ ਸ਼ਹਿਰ ਵਿਚ, ਹਰੇਕ ਜ਼ਿਲ੍ਹੇ ਵਿਚ ਲੱਖਾਂ-ਕਰੋੜਾਂ ਰੁਪਏ ਦੀਆਂ ਇੰਟਰਲੌਕ ਟਾਇਲਾਂ ਲੱਗ ਰਹੀਆਂ ਹਨ, ਉਨ੍ਹਾਂ ਦਾ ਜੋ ਰੇਟ ਹੈ, ਜਦੋਂ ਆਪਾਂ ਓਪਨ ਮਾਰਕੀਟ ਵਿਚ ਜਾਂਦੇ ਹਾਂ, ਆਪਾਂ ਆਪਣੇ ਘਰ ਲਈ ਲੈਂਦੇ ਹਾਂ, ਸਾਰੇ ਹੀ ਲੈਂਦੇ ਹਨ, ਹਰ ਕੋਈ ਘਰ ਪਾਉਂਦਾ ਹੈ ਤਾਂ ਉਸ ਦਾ ਰੇਟ ਕੋਈ ਪੰਜ-ਛੇ ਜਾਂ ਸੱਤ ਰੁਪਏ ਲੈ ਲੈਂਦਾ ਹੈ ਪਰ ਪੰਜਾਬ ਸਰਕਾਰ ਦੇ ਅਧਿਕਾਰੀ ਇਹ ਕਿੰਨੇ ਰੇਟ ਤੇ ਲੈਂਦੇ ਹਨ? ਉਹ 13-14 ਰੁਪਏ ਦੀ ਟਾਈਲ ਲੈਂਦੇ ਹਨ। ਕੀ ਇਹ ਪੰਜਾਬ ਦੇ ਖਜ਼ਾਨੇ ਦੀ ਲੁੱਟ ਨਹੀਂ ਹੈ?ਜਦੋਂ ਐਫ.ਐਮ. ਸਾਹਿਬ ਅੰਕੜੇ ਪੇਸ਼ ਕਰਦੇ ਹਨ ਤਾਂ ਉਦੋਂ ਵੱਡੇ ਵੱਡੇ ਅੰਕੜੇ ਪੇਸ਼ ਕਰਦੇ ਹਨ। ਸੋ, ਇਹ ਖਜ਼ਾਨੇ ਦੀ ਲੀਕੇਜ ਅਫ਼ਸਰ ਸਾਹਿਬਾਨ ਕਰਦੇ ਹਨ। ਮੈਂ ਸਮਝਦਾ ਹਾਂ ਕਿ ਜਿਹੜੀਆਂ ਪਾਲੇਟੀਸ਼ਨਾਂ ਨੇ ਫੈਕਟਰੀਆਂ ਲਗਾ ਲਈਆਂ ਹਨ,ਇਸ ਪ੍ਰਕਰ ਦੀ ਲੀਕੇਜ ਬੰਦ ਹੋਣ ਨਾਲ ਖਜ਼ਾਨਾ ਭਰ ਸਕਦਾ ਹੈ। ਸੋ, ਮੈਂ ਸਮਝਦਾ ਹਾਂ ਕਿ ਇਸ 'ਤੇ ਬਹੁਤ ਧਿਆਨ ਦੇਣ ਦੀ ਲੋੜ ਹੈ।

[ਸਰਦਾਰ ਹਰਪਾਲ ਸਿੰਘ ਚੀਮਾ]

ਸਪੀਕਰ ਸਾਹਿਬ, ਇਸ ਤੋਂ ਬਿਨਾਂ ਇੱਕ ਹੋਰ ਬੜਾ ਛੋਟਾ ਜਿਹਾ ਮਾਮਲਾ ਹੈ ਕਿ ਪੰਜਾਬ ਵਿਚ ਆਈਲੈਟਸ ਸੈਂਟਰ ਬਹੁਤ ਖੁੱਲ੍ਹੇ ਹੋਏ ਹਨ। ਸਰ, ਪੰਜਾਬ ਵਿਚ ਲਗਭਗ 52 ਕਰੋੜ ਰੁਪਿਆ ਪ੍ਰਤੀ ਮਹੀਨਾ ਵਜੋਂ ਆਈਲੈਟਸ ਦੀ ਫੀਸ ਭਰੀ ਜਾਂਦੀ ਹੈ ਪਰ ਪੰਜਾਬ ਸਰਕਾਰ ਇਸ ਵਿਚ ਆਪਣਾ ਕੋਈ ਵੀ ਰੈਵੇਨਿਊ ਜਨਰੇਟ ਨਹੀਂ ਕਰ ਰਹੀ। ਪੰਜਾਬ ਸਰਕਾਰ ਇਸ ਪਾਸੇ ਵੱਲ ਕੋਈ ਵੀ ਧਿਆਨ ਨਹੀਂ ਦੇ ਰਹੀ। ਇਹ ਵੀ ਬਹੁਤ ਜ਼ਰੂਰੀ ਮਸਲਾ ਹੈ।

ਸਪੀਕਰ ਸਾਹਿਬ, ਇਸ ਤੋਂ ਇਲਾਵਾ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 400 ਸਾਲਾ ਪ੍ਰਕਾਸ਼ ਸਮਾਗਮ ਮਨਾ ਰਹੇ ਹਾਂ ਅਤੇ ਅਸੀਂ ਜੈਨ ਧਰਮ ਨਾਲ ਸਬੰਧਿਤ ਜੈਨ ਮੁਨੀ ਜੀ ਦਾ ਸਮਾਗਮ ਵੀ ਮਨਾ ਰਹੇ ਹਾਂ ਪਰ ਜੋ ਅਸੀਂ ਜੈਨ ਸਮਾਜ ਦਾ ਸਮਾਗਮ ਮਨਾਉਣਾ ਹੈ, ਉਸ ਵਾਸਤੇ ਐਫ.ਐਮ. ਸਾਹਿਬ ਅਤੇ ਸੀ.ਐਮ. ਸਾਹਿਬ ਨੇ ਇੱਕ ਸਿੰਗਲ ਰੁਪਿਆ ਵੀ ਬਜਟ ਵਿਚ ਨਹੀਂ ਰੱਖਿਆ। ਸਰ, ਉਸ ਸਮਾਜ ਦੀ ਮੰਗ ਹੈ ਕਿ ਉਸ ਵਾਸਤੇ ਵੀ ਰਾਖਵੀਂ ਰਾਸ਼ੀ ਰੱਖੀ ਜਾਵੇ ਤਾਂ ਕਿ ਉਹ ਵੀ ਸੈਲੀਬਰੇਸ਼ਨ ਕਰ ਸਕਣ।

(ਇਸ ਸਮੇਂ ਆਮ ਆਦਮੀ ਪਾਰਟੀ ਦੇਂ ਕਈ ਮੈਂਬਰ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਧੰਨਵਾਦ ਜੀ। ਸਰਦਾਰ ਸ਼ਰਨਜੀਤ ਸਿੰਘ ਢਿੱਲੋਂ ਸਾਹਿਬ ਨੂੰ ਬੋਲ ਲੈਣ ਦਿਉ। ਇਹ ਬਹੁਤ ਦੇਰ ਤੋਂ ਖੜ੍ਹੇ ਹਨ।(ਵਿਘਨ) ਚੀਮਾ ਜੀ, ਤੁਹਾਡੀ ਪਾਰਟੀ ਦੇ ਲੀਡਰ ਹਨ। ਤੁਹਾਡੀ ਪਾਰਟੀ ਦੇ ਲੀਡਰ ਬੁਲਾ ਦਿੱਤੇ ਹਨ। ਉਹ ਆਪਣੀ ਪਾਰਟੀ ਦੇ ਲੀਡਰ ਹਨ ਜੀ। ਬੈਠ ਜਾਵੋ ਜੀ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਸਪੀਕਰ ਸਾਹਿਬ, ਮੇਰੇ ਹਲਕੇ ਦਾ ਬਹੁਤ ਹੀ ਸੀਰੀਅਸ ਮਸਲਾ ਹੈ ਅਤੇ ਇਹ ਦਿਲ ਦਹਿਲਾਉਣ ਵਾਲਾ ਮਸਲਾ ਹੈ। ਮੇਰੇ ਹਲਕੇ ਵਿਚ ਦੀਪਕ ਸ਼ੁਕਲਾ ਨਾਮ ਦੇ ਲੜਕੇ ਦੀ ਮੌਤ ਹੋਈ ਹੈ। ਉਸ ਦੀ ਸਿਰਫ 23-24 ਸਾਲ ਦੀ ਉਮਰ ਸੀ।

**ਮਾਨਯੋਗ ਸਪੀਕਰ:** ਇਹ ਮਸਲਾ ਤਾਂ ਤੁਸੀਂ ਪਹਿਲਾਂ ਵੀ ਉਠਾ ਚੁੱਕੇ ਹੋ ਜੀ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਜੀ ਤੁਸੀਂ ਇਹ ਮਸਲਾ ਧਿਆਨ ਨਾਲ ਤਾਂ ਸੁਣ ਲਵੋ ਜੀ। ਉਸ ਦੀ ਮੌਤ ਹੋਈ ਨੂੰ 10 ਦਿਨ ਹੋ ਗਏ ਹਨ ਪਰ ਉਸ ਦੀ ਬਾੱਡੀ ਦਾ ਹਾਲੇ ਤੱਕ ਸਸਕਾਰ ਨਹੀਂ ਕੀਤਾ ਗਿਆ। ਮੈਂ ਪੁਲਿਸ ਨੂੰ ਵੀ ਜਾ ਕੇ ਬੇਨਤੀ ਕੀਤੀ ਕਿ ਤੁਸੀਂ ਕਿਸੇ ਨਾ ਕਿਸੇ ਤਰੀਕੇ ਨਾਲ ਪਰਿਵਾਰ

ਦੀ ਗੱਲ ਸੁਣ ਲਵੋ ਪਰਿਵਾਰ ਕਹਿੰਦਾ ਹੈ ਕਿ ਇਨ੍ਹਾਂ-ਇਨ੍ਹਾਂ ਅਫ਼ਸਰਾਂ ਨੇ ਉਸ ਲੜਕੇ 'ਤੇ ਤਸ਼ੱਦਦ ਕੀਤਾ ਹੈ, ਉਨ੍ਹਾਂ ਅਫ਼ਸਰਾਂ ਦੇ ਖਿਲਾਫ ਐਕਸ਼ਨ ਲੈ ਲਵੋ। ਉਸ ਤੋਂ ਬਾਅਦ ਇਸ ਮਾਮਲੇ ਸਬੰਧੀ ਕੋਈ SIT ਬਿਠਾ ਦਿਉ, ਕੁਝ ਬਣਦੀ ਕਾਰਵਾਈ ਕਰ ਦਿਉ ਕਿਉਂਕਿ ਜੋ ਉਸ ਦਾ ਪਰਿਵਾਰ ਹੈ, ਸਾਰਾ ਪਰਿਵਾਰ ਡਿਪਰੈਸ਼ਨ ਵਿਚ ਚਲਾ ਗਿਆ ਹੈ, ਉਨ੍ਹਾਂ ਦੀ ਬਹੁਤ ਭੈੜੀ ਹਾਲਤ ਹੋ ਗਈ ਹੈ। ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ ਔਰ ਉਹ ਪਰਿਵਾਰ ਧਰਨਿਆਂ ਉੱਤੇ ਬੈਠਾ ਹੈ ਅਤੇ ਉਸ ਦਿਨ ਦੇ ਰੋਟੀ ਨਹੀਂ ਖਾ ਰਹੇ। ਇਸ ਕੇਸ ਨੂੰ ਨਾ ਪੁਲਿਸ ਸੁਣ ਰਹੀ ਹੈ ਸਪੀਕਰ ਸਾਹਿਬ, ਜੇ ਪਰਿਵਾਰ ਇਹ ਗੱਲ ਕਹਿੰਦਾ ਹੈ ਕਿ ਸਾਡੇ ਮੁੰਡੇ ਨੂੰ ਫਲਾਣੇ ਫਲਾਣੇ ਅਫ਼ਸਰ ਨੇ ਕੁੱਟ ਕੇ ਮਾਰਿਆ ਹੈ ਤਾਂ ਉਨ੍ਹਾਂ ਦੀ ਸੁਣਵਾਈ ਕਿਉਂ ਨਹੀਂ ਹੁੰਦੀ? ਮੈਂ ਪੁਲਿਸ ਕਮਿਸ਼ਨਰ ਨੂੰ ਵੀ ਕਹਿ ਚੁੱਕਿਆ ਹਾਂ ਅਤੇ ਐਸ.ਪੀ. ਲੈਵਲ ਤੇ ਵੀ ਕਹਿ ਚੁੱਕਿਆ ਹਾਂ। ਮੈਂ ਉਨ੍ਹਾਂ ਦਾ ਸਮਝੌਤਾ ਕਰਵਾਉਣ ਦੀ ਕੋਸ਼ਿਸ਼ ਵੀ ਕੀਤੀ ਹੈ ਪਰ ਉਲਟਾ ਉਨ੍ਹਾਂ ਨੂੰ ਧੱਕੇ ਨਾਲ ਇਹ ਗੱਲ ਕਹਿੰਦੇ ਹਨ ਕਿ ਸਾਡੇ ਕੋਲ ਇੱਥੇ ਆਉ ਅਤੇ ਜੋ ਅਸੀਂ ਬਿਆਨ ਕਹਿੰਦੇ ਹਾਂ, ਉਹ ਬਿਆਨ ਤੁਸੀਂ ਲਿਖਵਾਉ ਅਤੇ ਜਾ ਕੇ ਬਾੱਡੀ ਦਾ ਸਸਕਾਰ ਕਰ ਦਿਉ। ਸਪੀਕਰ ਸਾਹਿਬ, ਕੀ ਇਸ ਤਰੀਕੇ ਨਾਲ ਸਸਕਾਰ ਹੋ ਜਾਵੇਗਾ? ਸਪੀਕਰ ਸਾਹਿਬ, ਇਸ ਮਸਲੇ ਸਬੰਧੀ ਕੋਈ ਥੋੜ੍ਹੀ ਬਹੁਤੀ ਐਸ਼ੋਰੈਂਸ ਦਿਵਾਉ ਕਿ ਉਸ ਪਰਿਵਾਰ ਨੂੰ ਇਨਸਾਫ ਮਿਲੇ ਅਤੇ ਜੋ ਪਰਿਵਾਰ ਕਹਿੰਦਾ ਹੈ, ਉਨ੍ਹਾਂ ਦੀ ਗੱਲ ਮੰਨੀ ਜਾਵੇ। ਉਸ ਤੋਂ ਬਾਅਦ ਹੀ ਉਨ੍ਹਾਂ ਨੇ ਸਸਕਾਰ ਕਰਨਾ ਹੈ, ਨਹੀਂ ਤਾਂ ਸਸਕਾਰ ਨਹੀਂ ਹੋਣਾ। ਇਹ ਮਸਲਾ ਉਥੇ ਦਾ ਹੀ ਨਹੀਂ ਰਹਿਣਾ ਸਗੋਂ ਇਹ ਪੰਜਾਬ ਦਾ ਮਸਲਾ ਬਣ ਜਾਣਾ ਹੈ, ਮੇਰੀ ਇਹ ਬੇਨਤੀ ਹੈ।

**ਸਰਦਾਰ ਪਰਗਟ ਸਿੰਘ ਪੋਆਰ:** ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਅਤੇ ਮੈਂ ਪਾਵਰ ਪਰਚੇਜ਼ ਐਗਰੀਮੈਂਟ ਦੀ ਗੱਲ ਕਹਿਣੀ ਚਾਹੁੰਦਾ ਹਾਂ। ਇੱਥੇ ਸਾਡੇ ਇਹੋ-ਜਿਹੇ ਹਾਲਾਤ ਬਣ ਗਏ ਹਨ ਕਿ ਕਦੇ ਕਮੇਟੀ ਬਣਾ ਦਿਉ, ਕਦੇ ਸਬ-ਕਮੇਟੀ ਬਣਾ ਦਿਉ, ਜਦੋਂ ਕੋਈ ਕੰਮ ਨਾ ਕਰਨਾ ਹੋਵੇ, ਕਦੇ ਵਾਈਟ ਪੇਪਰ ਲੈ ਆਉ (ਥੰਪਿੰਗ) ਪਰ ਇਹ ਬੜਾ ਸੀਰੀਅਸ ਇਸ਼ੂ ਹੈ। ਮਾਮਲਾ ਆਉਣ ਵਾਲੇ ਪੰਜਾਂ-ਸੱਤਾਂ ਸਾਲਾਂ ਤੱਕ ਲਟਕ ਜਾਂਦਾ ਹੈ। ਸਰਕਾਰ ਜਿਹੜੀ ਪਾਵਰ ਪਰਚੇਜ਼ ਐਗਰੀਮੈਂਟ ਕਰਕੇ ਗਈ ਹੈ, ਅੱਜ ਉਹ ਸੀ.ਬੀ.ਆਈ. ਇਨਕੁਆਰੀ ਮੰਗਣ ਲੱਗ ਪਈ ਹੈ। ਪਹਿਲਾਂ ਅਫ਼ਸਰਾਂ ਦੀ ਕਮੇਟੀ ਬਣਾ ਦਿੰਦੇ ਹਨ, ਫਿਰ ਉਸ ਦੇ ਵਿਚੋਂ ਰਿੜਕਣ ਲੱਗ ਪੈਂਦੇ ਹਨ ਕਿ ਇਸ ਵਿਚ ਇਹ ਹੋਇਆ, ਇਹ ਹੋਇਆ ਕਿਉਂਕਿ ਹੁਣ ਪੁਲੀਟੀਕਲ ਬੰਦੇ ਦੀ ਫੇਸ ਵੈਲਿਊ ਨਹੀਂ ਰਹਿ ਗਈ। ਆਪਾਂ ਸਾਰੇ ਹੀ ਇੱਥੇ ਬੈਠੇ ਹਾਂ। ਇਸ ਨੂੰ ਪਵਿੱਤਰ ਸਦਨ ਕਹਿੰਦੇ ਹਨ ਪਰ ਜਦੋਂ ਕੰਮ ਦੀ ਗੱਲ ਆਉਂਦੀ ਹੈ ਤਾਂ ਉਦੋਂ ਕਿਤੇ ਨਾ ਕਿਤੇ ਉਸ ਦੇ ਵਿਚ ਸਾਰਾ ਹੀ ਘਾਲ਼ਾ-ਮਾਲ਼ਾ ਹੋ ਜਾਂਦਾ ਹੈ। ਸਪੀਕਰ ਸਾਹਿਬ,

[ਸਰਦਾਰ ਪਰਗਟ ਸਿੰਘ ਪੋਆਰ]

ਮੇਰੀ ਤੁਹਾਨੂੰ ਬੇਨਤੀ ਹੈ ਕਿ ਭਾਵੇਂ ਇੱਥੇ ਹਾਊਸ ਦੀ ਕਮੇਟੀ ਬਣਾ ਦਿਉ ਔਰ ਸਮਾਂਬੱਧ ਬਣਾ ਦਿਉ ਤਾਂ ਕਿ ਪਤਾ ਲੱਗ ਸਕੇ ਕਿ ਪਾਵਰ ਪਰਚੇਜ਼ ਐਗਰੀਮੈਂਟ ਕਿਸ ਨੇ ਮਾੜੇ ਕੀਤੇ ਹਨ ਅਤੇ ਕਿਸ-ਕਿਸ ਦੀ ਇਨਵਾਲਵਮੈਂਟ ਉਸ ਵਿਚ ਹੈ, ਭਾਵੇਂ ਉਹ ਇਨਵਾਲਮੈਂਟ ਸਰਕਾਰ ਦੀ ਹੋਵੇ ਜਾਂ ਭਾਵੇਂ ਆਪੋਜ਼ੀਸ਼ਨ ਦੀ ਹੋਵੇ। (ਥੰਪਿੰਗ)

ਸਪੀਕਰ ਸਾਹਿਬ, ਮੈਂ ਦੂਸਰੀ ਗੱਲ ਇਹ ਕਹਿਣੀ ਚਾਹੁੰਦਾ ਹਾਂ ਕਿ ਬਹਿਬਲ ਕਲਾਂ, ਜਿੱਥੇ ਗੁਰੂ ਸਾਹਿਬ ਦੇ ਅੰਗ ਪਾੜ ਕੇ ਗਲ਼ੀ ਗਲ਼ੀ ਵਿਚ ਬਿਖੇਰੇ ਗਏ। ਪੰਜ ਸਾਲ ਹੋ ਗਏ ਹਨ, ਅਜੇ ਤੱਕ ਕਿਸੇ ਦੇ ਖਿਲਾਫ ਚਾਰਜਿਜ਼ ਫਰੇਮ ਨਹੀਂ ਹੋਏ। ਦੁਨੀਆਂ ਦੇ ਉਤੇ ਕਦੇ ਇਹੋ ਜਿਹੀ ਗੱਲ ਨਹੀਂ ਹੁੰਦੀ, ਅਸੀਂ ਸਾਰੇ ਹੀ ਕਹਿੰਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਹੋਵੇ ਪਰ ਜਦੋਂ ਐਕਟ ਕਰਨ ਦੀ ਗੱਲ ਆਉਂਦੀ ਹੈ ਤਾਂ ਅਸੀਂ ਪੰਜ ਸਾਲਾਂ ਵਿਚ ਚਾਰਜਿਜ਼ ਫਰੇਮ ਨਹੀਂ ਕਰ ਸਕੇ। ਸੋ, ਮੇਰੀ ਤੁਹਾਨੂੰ ਬੇਨਤੀ ਹੈ ਕਿਉਂਕਿ ਤੁਸੀਂ ਹਾਊਸ ਦੇ ਕਸਟੋਡੀਅਨ ਹੋ, ਤੁਹਾਡੇ ਰਾਹੀਂ ਸਰਕਾਰ ਚਲਦੀ ਹੈ,ਤੁਸੀਂ ਹੀ ਇਸ ਦਾ ਕੋਈ ਵਾਇਆ ਮੀਡੀਆ ਕੱਢੋ ਕਿਉਂਕਿ ਅਲਟੀਮੇਟਲੀ ਸਾਰਿਆਂ ਨੂੰ ਭੁਲੇਖਾ ਇਹ ਹੈ ਕਿ ਅਸੀਂ ਪਤਾ ਨਹੀਂ ਕਿੰਨਾ ਕੁ ਚਿਰ ਪਾਵਰ ਵਿਚ ਰਹਿਣਾ ਹੈ, ਜਾਣਾ ਤਾਂ ਸਾਰਿਆਂ ਨੇ ਹੈ। ਜਦੋਂ ਗੱਲ ਅਫਸਰਾਂ ਕੋਲ ਚਲੀ ਜਾਂਦੀ ਹੈ ਤਾਂ ਉਹ ਇੰਟਰਸਟ ਵਾਚ ਕਰਨ ਲੱਗ ਜਾਂਦੇ ਹਨ, ਉਹ ਪੁਰਾਣਿਆਂ ਦਾ ਵੀ ਅਤੇ ਨਵਿਆਂ ਦਾ ਵੀ ਇੰਟਰਸਟ ਵਾਚ ਕਰਨ ਲੱਗ ਪੈਂਦੇ ਹਨ। ਇਸ ਲਈ ਖਾਸ ਕਰਕੇ ਜਿਹੜੇ ਪੀ.ਪੀ.ਏ. ਹੋਏ ਹਨ, ਇਸ ਵਾਸਤੇ ਕਮੇਟੀ ਬਣਾ ਦਿਓ ਜਿਹੜੀ ਤਿੰਨ ਹਫਤਿਆਂ ਵਿਚ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਕਰਕੇ ਇਸ ਹਾਊਸ ਵਿਚ ਆਪਣੀ ਰਿਪੋਰਟ ਰੱਖ ਦੇਵੇ ਤਾਂ ਕਿ ਪਤਾ ਲੱਗ ਸਕੇ ਕਿ ਕਿਸ ਨੇ ਕੀ ਕੀਤਾ ਅਤੇ ਕਿਸ ਨੇ ਕੀ ਕੀਤਾ। (ਥੰਪਿੰਗ)

**ਮਾਨਯੋਗ ਸਪੀਕਰ:** ਨਾਭਾ ਜੀ।

(ਇਸ ਸਮੇਂ ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਤੇ ਬੋਲਣ ਲਈ ਸਮਾਂ ਮੰਗ ਰਹੇ ਸਨ।)

**ਮਾਨਯੋਗ ਸਪੀਕਰ :** ਨਾਭਾ ਜੀ ਨੂੰ ਬੋਲ ਲੈਣ ਦਿਓ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਧੰਨਵਾਦ ਤੁਸੀਂ ਮੈਨੂੰ ਬਹੁਤ ਅਹਿਮ ਮੁੱਦੇ ਬਾਰੇ ਹਾਊਸ ਨੂੰ ਜਾਗਰੂਕ ਕਰਨ ਦਾ ਮੌਕਾ ਦਿੱਤਾ ਹੈ। ਅੱਜ 'ਹਿੰਦੁਸਤਾਨ ਟਾਈਮਜ਼' ਅਖਬਾਰ ਵਿਚ ਖਬਰ ਵੀ ਲੱਗੀ ਹੈ ਔਰ ਬਕਾਇਦਾ ਟੀ.ਵੀ. ਚੈਨਲਾਂ ਤੇ ਵੀ ਕਰੋਨਾ ਵਾਇਰਸ ਦੀ ਚਰਚਾ ਚੱਲ ਰਹੀ ਹੈ। ਚੰਡੀਗੜ੍ਹ ਵਿਚ ਪੀ.ਜੀ.ਆਈ. ਵਿਖੇ

ਦੋ ਸਸਪੈਕਟਿਡ ਕੇਸ ਆਏ ਹਨ। ਮੈਂ ਕਿਸੇ ਤੇ ਅੱਜ ਤੱਕ ਕਿੰਤੂ ਪ੍ਰੰਤੂ ਨਹੀਂ ਕੀਤਾ ਲੇਕਿਨ ਅੱਜ ਇਹ ਬਹੁਤ ਚਿੰਤਾ ਦਾ ਵਿਸ਼ਾ ਹੈ। ਅਸੀਂ ਸਾਰੇ ਹੀ ਆਪਣੇ ਹਲਕੇ ਦੇ ਲੋਕਾਂ ਦੀ ਨੁਮਾਇੰਦਗੀ ਕਰਦੇ ਹਾਂ ਤੇ ਉਨ੍ਹਾਂ ਲੋਕਾਂ ਦੀਆਂ ਜਾਨਾਂ ਸਾਡੇ ਤੇ ਨਿਰਭਰ ਹਨ। ਮੈਨੂੰ ਹੈਰਾਨਗੀ ਹੋਈ, ਜਿਸ ਦਿਨ ਸਾਡੇ ਵਿਰੋਧੀ ਧਿਰ ਦੇ ਲੀਡਰ ਮਾਸਕ ਪਾ ਕੇ ਹਾਊਸ ਵਿਚ ਆਏ। ਚੰਗਾ ਕੀਤਾ ਕਿ ਤੁਸੀਂ ਜਾਗਰੂਕ ਕੀਤਾ। ਮੁੱਖ ਮੰਤਰੀ ਜੀ ਨੇ ਗਵਰਨਰ ਅਡਰੈੱਸ ਤੇ ਬੋਲਦਿਆਂ ਅਨਾਊਂਸਮੈਂਟ ਕੀਤੀ ਕਿ ਅਸੀਂ ਕਰੋਨਾ ਵਾਇਰਸ ਕਰਕੇ ਸਮਾਰਟ ਫੋਨ ਨਹੀਂ ਦੇ ਸਕੇ ਲੇਕਿਨ ਵਿੱਤ ਮੰਤਰੀ ਜੀ ਨੇ ਹਾਊਸ ਵਿਚ ਐਸ਼ੋਰੈਂਸ ਦਿੱਤੀ ਹੈ ਔਰ ਬਕਾਇਦਾ 100 ਕਰੋੜ ਰੁਪਏ ਦਾ ਪ੍ਰਬੰਧ ਬਜਟ ਵਿਚ ਕੀਤਾ ਹੈ। ਇਨ੍ਹਾਂ ਦਾ ਧੰਨਵਾਦ ਹੈ ਜਿਨ੍ਹਾਂ ਨੇ ਸਮਾਰਟ ਫੋਨ ਦੇਣ ਦਾ ਐਲਾਨ ਕੀਤਾ ਹੈ।ਜਿਸ ਦਿਨ ਚੀਨ ਵਿਚ ਹਾਲਾਤ ਸੁਧਰਨਗੇ ਤਾਂ ਅਸੀਂ ਦੇ ਦਿਆਂਗੇ। ਮੈਨੂੰ ਇਹ ਡਰ ਪੈ ਗਿਆ ਕਿਉਂਕਿ ਮੈਂ ਸ਼ੁੱਕਰਵਾਰ ਬਿਮਾਰ ਹੋ ਗਿਆ, ਮੈਨੂੰ ਘਬਰਾਹਟ ਹੋ ਗਈ ਕਿ ਕਿਤੇ ਮੈਨੂੰ ਕਰੋਨਾ ਵਾਇਰਸ ਇਥੋਂ ਤਾਂ ਨਹੀਂ ਹੋ ਗਿਆ। ਉਸ ਚਿੰਤਾ ਨੂੰ ਲੈ ਕੇ ਅੱਜ ਅਖਬਾਰ ਪੜ੍ਹਿਆ ਤਾਂ ਅਖਬਾਰ ਵਿਚ ਜ਼ਿਕਰ ਕੀਤਾ ਗਿਆ ਕਿ 73 ਦੇਸ਼ਾਂ ਵਿਚ ਕਰੋਨਾ ਵਾਇਰਸ ਫੈਲ ਚੁੱਕਿਆ ਹੈ। ਹੈਰਾਨਗੀ ਦੀ ਗੱਲ ਹੈ ਕਿ 90 ਹਜ਼ਾਰ ਲੋਕ ਦੁਨੀਆਂ ਵਿਚ ਇਸ ਵਾਇਰਸ ਤੋਂ ਪੀੜਤ ਹਨ, ਬਕਾਇਦਾ ਚੀਨ ਨੂੰ ਛੱਡ ਕੇ ਜਿਥੇ ਇਸ ਦੀ ਸ਼ੁਰੂਆਤ ਹੋਈ ਹੈ। ਇਹ ਵਰਲਡ ਹੈਲਥ ਆਰਗਨਾਈਜੇਸ਼ਨ ਦੀ ਆਫੀਸ਼ੀਅਲ ਰਿਪੋਰਟ ਹੈ ਕਿ ਸਾਊਥ ਕੋਰੀਆ ਵਿਚ 5186 ਕੇਸ ਡਿਟੈਕਟ ਹੋਏ ਹਨ, ਜਿਸ ਵਿਚੋਂ 29 ਮੌਤਾਂ ਹੋ ਗਈਆਂ ਹਨ। ਇਰਾਨ ਵਿਚ 1501 ਕੇਸ ਡਿਟੈਕਟ ਹੋਏ ਹਨ ਅਤੇ 66 ਮੌਤਾਂ ਹੋ ਗਈਆਂ ਹਨ। ਇਟਲੀ ਵਿਚ 2036 ਕੇਸ ਡਿਟੈਕਟ ਹੋਏ ਅਤੇ 52 ਮੌਤਾਂ ਹੋਈਆਂ ਅਤੇ ਹੁਣ ਸਾਡੇ ਪੀ.ਜੀ.ਆਈ. ਵਿਚ 2 ਕੇਸ ਡਿਟੈਕਟ ਹੋਏ ਹਨ। ਮੈਂ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਪੰਜਾਬੀ ਕਮਿਊਨਿਟੀ ਸਭ ਤੋਂ ਵੱਡੀ assiduous ਕਮਿਊਨਿਟੀ ਹੈ। ਜਿੰਨੀ ਪੰਜਾਬੀ ਮਿਹਨਤ ਕਰਦਾ ਹੈ, ਹਿੰਦੁਸਤਾਨ ਦਾ ਕੋਈ ਨਾਗਰਿਕ ਐਸਾ ਨਹੀਂ ਜੋ ਇੰਨੀ ਮਿਹਨਤ ਕਰਦਾ ਹੋਵੇ। ਪੰਜਾਬੀਆਂ ਦੀਆਂ ਰਿਸ਼ਤੇਦਾਰੀਆਂ, ਉਨ੍ਹਾਂ ਦੀਆਂ ਸਾਂਝਾਂ ਵਿਦੇਸ਼ਾਂ ਵਿਚ ਹਨ। ਸਭ ਤੋਂ ਵੱਧ ਟਰੈਵਲ ਵੀ ਪੰਜਾਬੀ ਹੀ ਕਰਦੇ ਹਨ। ਮੇਰੀ ਹੱਥ ਜੋੜ ਕੇ ਬੇਨਤੀ ਹੈ ਕਿ ਘੱਟੋ-ਘੱਟ ਜਿਹੜੇ ਸਾਡੇ ਅੰਤਰਰਾਸ਼ਟਰੀ ਏਅਰਪੋਰਟ ਹਨ, ਉੱਥੇ ਡਿਟੈਕਸ਼ਨ ਜ਼ਰੂਰ ਕਰ ਦਿੱਤੀ ਜਾਵੇ। ਕੱਲ੍ਹ ਵੀ ਦਿੱਲੀ ਵਿਚ ਦਿੱਲੀ ਦੇ ਮੁੱਖ ਮੰਤਰੀ ਅਤੇ ਪ੍ਰਧਾਨ ਮੰਤਰੀ ਜੀ ਦੀ ਇਕ ਮੀਟਿੰਗ ਹੋਈ ਹੈ। ਇਸ ਦੀ ਡਿਟੈਕਸ਼ਨ ਕਰਨ ਦਾ ਇਕੋ ਜ਼ਰੀਆ ਹੈ, ਥਰਮਲ ਸਕਰੀਨਿੰਗ ਤਹਿਤ ਉਸ ਦੀ ਸਕਰੂਟਨਾਈਜ਼ੇਸ਼ਨ ਕੀਤੀ ਜਾਂਦੀ ਹੈ। ਜੇਕਰ ਅਸੀਂ ਕੇਂਦਰ ਸਰਕਾਰ ਨਾਲ ਇਹ ਗੱਲਬਾਤ ਕਰਕੇ, ਹੈਲਥ ਮਨਿਸਟਰੀ ਨਾਲ ਮਿਲ ਕੇ ਗੱਲ ਕਰੀਏ ਕਿ ਅੰਤਰਾਸ਼ਟਰੀ ਏਅਰਪੋਰਟ ਤੇ ਕਰੋਨਾ ਵਾਇਰਸ ਦੀ ਥਰਮਲ ਸਕਰੀਨਿੰਗ ਰਾਹੀਂ ਡਿਟੈਕਸ਼ਨ ਕਰਕੇ ਬਕਾਇਦਾ ਉਨ੍ਹਾਂ ਨੂੰ quarantine ਕਰੀਏ ਤੇ ਇਲਾਜ ਕਰਵਾ ਸਕੀਏ।

**ਮਾਨਯੋਗ ਸਪੀਕਰ:** ਥੋੜ੍ਹਾ brief ਕਰ ਦਿਓ, ਇਹ ਜ਼ੀਰੋ ਆਵਰ ਹੈ, brief ਕਰ ਦਿਓ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਮੈਂ ਇਸ ਬਾਰੇ ਇਕ ਰੈਜ਼ੋਲਿਊਸ਼ਨ ਮੂਵ ਕਰਨਾ ਚਾਹਾਂਗਾ। ਮੈਂ ਚਾਹੁੰਦਾ ਹਾਂ ਕਿ ਸਾਰਾ ਹਾਊਸ ਇਸ ਦਾ ਸਮਰਥਨ ਕਰੇ ਤਾਂ ਕਿ ਜਿਨ੍ਹਾਂ ਲੋਕਾਂ ਦੀ ਅਸੀਂ ਨੁਮਾਇੰਦਗੀ ਕਰਦੇ ਹਾਂ, ਉਨ੍ਹਾਂ ਦੀ ਜ਼ਿੰਦਗੀ ਸੁਰੱਖਿਅਤ ਕਰ ਸਕੀਏ। ਘੱਟੋ-ਘੱਟ ਉਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਤਾਂ ਕਰੀਏ, ਜਿਹੜਾ ਸਾਡਾ ਫਰਜ਼ ਹੈ। ਇਕੱਲੇ ਅਖਬਾਰਾਂ ਦੀਆਂ ਸੁਰਖੀਆਂ ਬਣਨ ਵਾਸਤੇ ਮਾਸਕ ਪਾ ਕੇ ਅਸੀਂ ਕੋਈ ਪ੍ਰਾਪਤੀ ਨਹੀਂ ਕਰ ਸਕਦੇ।

**ਮਾਨਯੋਗ ਸਪੀਕਰ :** ਜ਼ੀਰੋ ਆਵਰ ਹੈ, ਰੈਜ਼ੋਲਿਊਸ਼ਨ ਇਸ ਦੇ ਵਿੱਚ ਪੇਸ਼ ਨਹੀਂ ਹੋ ਸਕਦਾ ਹੈ ਲੇਕਿਨ ਜੇ ਹਾਊਸ ਦੀ ਸਹਿਮਤੀ ਹੋਵੇ ਫਿਰ ਮੈਂ ਕਾਲ ਅਟੈਂਸ਼ਨ ਤੋਂ ਬਾਅਦ ਇਹ ਰੈਜ਼ੋਲਿਊਸ਼ਲ ਮੂਵ ਕਰਵਾ ਸਕਦਾ ਹਾਂ। ਜੇ ਹਾਊਸ ਦੀ ਸਹਿਮਤੀ ਹੋਵੇ। ਹਾਂ ਜੀ, ਸ਼੍ਰੀ ਬ੍ਰਹਮ ਮਹਿੰਦਰਾ ਜੀ, ਦੱਸੋ।

**ਸੰਸਦੀ ਮਾਮਲੇ ਮੰਤਰੀ :** ਸਰ, ਹਾਊਸ ਦੀ ਸਹਿਮਤੀ ਲੈ ਲਓ ਜੀ।

**ਸਰਦਾਰ ਹਰਪਾਲ ਸਿੰਘ ਚੀਮਾ :** ਸਾਡੀ ਸਹਿਮਤੀ ਹੈ ਜੀ।

**ਮਾਨਯੋਗ ਸਪੀਕਰ :** ਫਿਰ ਕਾਲ ਅਟੈਂਸ਼ਨ ਤੋਂ ਬਾਅਦ ਤੁਸੀਂ ਮੂਵ ਕਰ ਲੈਣਾ। ਮੈਨੂੰ ਕਾਲ ਅਟੈਂਸ਼ਨ ਲੈ ਲੈਣ ਦਿਓ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ):** ਸਪੀਕਰ ਸਾਹਿਬ, ਅਸੀਂ day one ਤੋਂ ਆਪਣੇ ਦੋਵੇਂ ਏਅਰਪੋਰਟ ਮੋਹਾਲੀ ਤੇ ਅੰਮ੍ਰਿਤਸਰ ਅਤੇ ਤੀਸਰਾ ਦਿੱਲੀ ਏਅਰਪੋਰਟ ਵਿਖੇ ਆਪਣੀਆਂ ਮੈਡੀਕਲ ਟੀਮਾਂ ਲਗਾਈਆਂ ਹੋਈਆਂ ਹਨ। ਬਕਾਇਦਾ ਪੂਰੀ preparation ਹੈ। ਸਾਰੇ District Hospitals ਦੇ ਵਿੱਚ isolation ward ਬਣਾਏ ਗਏ ਹਨ। ਚਾਹੇ ਅਟਾਰੀ ਬਾਰਡਰ ਹੈ, ਉੱਥੇ ਵੀ medical screening ਹੁੰਦੀ ਹੈ। ਦਿੱਲੀ ਤੋਂ ਜਿਹੜੇ ਬੰਦੇ ਲੈਂਡ ਕਰਦੇ ਹਨ, ਏਅਰਪੋਰਟ ਅਥਾਰਿਟੀ ਤੋਂ ਲਿਸਟ ਮਿਲਦੀ ਹੈ। ਇੱਕਲੇ-ਇੱਕਲੇ ਪਿੰਡ ਜਾ ਕੇ ਸਕਰੀਨਿੰਗ ਹੁੰਦੀ ਹੈ। ਪ੍ਰਮਾਤਮਾ ਦੀ ਕਿਰਪਾ ਰਹੀ ਹੈ, 70,000 ਦੇ ਕਰੀਬ ਲੋਕਾਂ ਦੀ ਸਕਰੀਨਿੰਗ ਹੋ ਚੁੱਕੀ ਹੈ। ਸਾਰੇ ਕੇਸ ਨੈਗੇਟਿਵ ਪਾਏ ਗਏ ਹਨ। ਜਿਹੜੇ 2 ਪੀ.ਜੀ.ਆਈ ਵਿੱਚ suspected ਬੰਦੇ ਹਨ, ਉਨ੍ਹਾਂ ਦੀ ਕੱਲ੍ਹ ਸ਼ਾਮ ਤੱਕ ਰਿਪੋਰਟ ਆ ਜਾਵੇਗੀ। ਜੇਕਰ ਉਹ ਪਾਜ਼ੀਟਿਵ ਪਾਏ ਗਏ ਤਾਂ ਉਨ੍ਹਾਂ ਦੇ ਇਲਾਜ ਲਈ isolation ward ਹਨ। ਕੋਈ ਬੰਦਾ ਜਿਹੜਾ

ਬਾਹਰੋਂ ਆਉਂਦਾ ਹੈ, ਟਰੈਵਲ ਕਰਦਾ ਹੈ, ਮੈਂਬਰ ਸਾਹਿਬ ਵੱਲੋਂ ਤਕਰੀਬਨ 67 ਮੁਲਕਾਂ ਦੀ ਗੱਲ ਕੀਤੀ ਗਈ ਹੈ, ਹੁਣ 73 ਹੋ ਗਏ ਹਨ। ਕੱਲ੍ਹ ਇਟਲੀ ਤੋਂ ਜਹਾਜ਼ ਆਇਆ ਹੈ, ਤਿੰਨ ਬੰਦੇ ਕਪੂਰਥਲਾ, ਜਲੰਧਰ ਅਤੇ ਹੁਸ਼ਿਆਰਪੁਰ ਦੇ ਸਨ। ਉਨ੍ਹਾਂ ਦੀ ਮੌਕੇ ਤੇ ਸਕਰੀਨਿੰਗ ਕੀਤੀ ਗਈ ਹੈ। ਉਨ੍ਹਾਂ ਨੂੰ isolation ward ਵਿੱਚ ਰੱਖਿਆ ਗਿਆ ਹੈ। ਉਨ੍ਹਾਂ ਨੂੰ ਤਿੰਨ ਦਿਨ ਵਾਸਤੇ ਹੋਰ ਰੱਖਾਂਗੇ। ਜੇ ਉਨ੍ਹਾਂ ਵਿੱਚ ਕੋਈ ਡਿਫੈਕਟ ਪਾਇਆ ਗਿਆ ਤਾਂ ਉਨ੍ਹਾਂ ਦੇ ਟੈਸਟ ਭੇਜਾਂਗੇ।

**ਮਾਨਯੋਗ ਸਪੀਕਰ :** ਕਾਲ ਅਟੈਂਸ਼ਨ ਜੀ।

(ਇਸ ਸਮੇਂ ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਵਿੱਚ ਬੋਲਣ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਹਾਂ ਜੀ, ਅਮਨ ਜੀ, ਦੱਸੋ।

**ਸ਼੍ਰੀ ਅਮਨ ਅਰੋੜਾ :** ** **

**ਮਾਨਯੋਗ ਸਪੀਕਰ :** ਇਹ ਐਕਸਪੰਜ ਕਰ ਦਿਓ।

**ਸ਼੍ਰੀ ਅਮਨ ਅਰੋੜਾ :** ਸਪੀਕਰ ਸਾਹਿਬ, ਮੇਰੇ ਵੱਡੇ ਵੀਰ ਸਰਦਾਰ ਪਰਗਟ ਸਿੰਘ ਨੇ ਬੜਾ ਇੰਪਾਰਟੈਂਟ ਬਿਜਲੀ ਦਾ ਮਸਲਾ ਚੁੱਕਿਆ ਹੈ। ਸਾਰਾ ਪੰਜਾਬ ਇਸ ਗੱਲ ਦੇ ਨਾਲ ਸਹਿਮਤ ਹੈ। ਅਸੀਂ ਕੰਮ ਰੋਕੂ ਪ੍ਰਸਤਾਵ ਲੈ ਕੇ ਆਏ ਸੀ। ਤੁਸੀਂ ਉਹ ਕਿਸੇ ਨਾ ਕਿਸੇ ਕਾਰਨ ਰਿਜੈਕਟ ਕਰ ਦਿੱਤਾ ਹੈ। ਕੱਲ੍ਹ ਮਾਨਯੋਗ ਸੀ.ਐਮ ਸਾਹਿਬ ਵਾਈਟ ਪੇਪਰ ਲੈ ਕੇ ਤਾਂ ਆਏ ਸੀ, ਉਨ੍ਹਾਂ ਨੇ ਕਿਹਾ ਸੀ ਅਸੀਂ ਲੈ ਕੇ ਆਵਾਂਗੇ ਪਰ ਇਹ ਨਹੀਂ ਦੱਸਿਆ ਸੀ ਕਿ ਜਿਵੇਂ ਲੈ ਕੇ ਆਏ ਸੀ, ਉਵੇਂ ਹੀ ਵਾਪਸ ਲੈ ਕੇ ਮੁੜ ਜਾਵਾਂਗੇ। ਮੇਰੀ ਇਹ ਬੇਨਤੀ ਹੈ ਕਿ ਸਰਕਾਰ ਤੋਂ ਇਹ ਹੋਣਾ ਨਹੀਂ ਹੈ। ਆਮ ਆਦਮੀ ਪਾਰਟੀ ਨੇ ਇੱਕ ਵਾਈਟ ਪੇਪਰ ਤਿਆਰ ਕੀਤਾ ਹੈ, ਇਹ ਇਕੱਲਾ ਵਾਈਟ ਪੇਪਰ ਨਹੀਂ ਹੈ। ਇਸ ਦੇ ਨਾਲ way forward ਕੀ ਹੈ, ਕਿਵੇਂ ਪੰਜਾਬ ਵਿੱਚ 3/- ਤੋਂ 4/- ਰੁਪਏ ਬਿਜਲੀ ਪਰ ਯੂਨਿਟ ਸਸਤੀ ਕੀਤੀ ਜਾ ਸਕਦੀ ਹੈ। ਇਹ ਡਾਕੂਮੈਂਟ ਅਸੀਂ ਤਿਆਰ ਕੀਤਾ ਹੈ। ਇਸ ਦੇ ਵਿੱਚ ਇਕੱਲਾ ਇਨ੍ਹਾਂ ਦੇ ਫੇਲੀਅਰਜ਼ ਨਹੀਂ, ਇਨ੍ਹਾਂ ਦੇ (ਸ਼੍ਰੋਮਣੀ ਅਕਾਲੀ ਪਾਰਟੀ ਵੱਲ ਇਸ਼ਾਰਾ) ਫੇਲੀਅਰਜ਼ ਵੀ ਦਰਜ ਹਨ। ਮੇਰੀ ਤੁਹਾਨੂੰ ਹੱਥ ਬੰਨ ਕੇ ਬੇਨਤੀ ਹੈ ਕਿ ਜੇ ਪੰਜਾਬ ਨੂੰ ਅਤੇ ਪੰਜਾਬ ਦੇ ਲੋਕਾਂ ਨੂੰ ਬਚਾਉਣਾ ਹੈ ਤਾਂ ਸਾਨੂੰ ਵਾਈਟ ਪੇਪਰ ਟੇਬਲ ਕਰਨ ਦੀ ਇਜਾਜ਼ਤ ਦਿਓ। 3/- ਤੋਂ 4/- ਰੁਪਏ ਪ੍ਰਤੀ ਯੂਨਿਟ ਮੈਂ ਗਾਰੰਟੀ ਕਰਦਾ ਹਾਂ ਪੰਜਾਬ ਦੇ ਵਿੱਚ ਬਿਜਲੀ ਸਸਤੀ ਹੋ ਜਾਏਗੀ।

**Expunged as ordered by the Chair.

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸ਼੍ਰੀ ਪਵਨ ਕੁਮਾਰ ਟੀਨੂ ਆਪਣੀ ਸੀਟ ਤੋਂ ਥੋੜ੍ਹਾ ਅੱਗੇ ਵੱਧ ਕੇ ਸਖਤ ਲਹਿਜ਼ੇ ਵਿੱਚ ਹੱਥ ਦੇ ਇਸ਼ਾਰੇ ਨਾਲ ਚੇਅਰ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਨੂੰ ਵੀ ਜ਼ੀਰੋ ਆਵਰ ਵਿੱਚ ਬੋਲਣ ਦੀ ਇਜਾਜ਼ਤ ਦੇਣ ਲਈ ਕਹਿ ਰਹੇ ਸਨ।)

**ਸ਼੍ਰੀ ਪਵਨ ਕੁਮਾਰ ਟੀਨੂ :** ** **

**ਮਾਨਯੋਗ ਸਪੀਕਰ :** ਟੀਨੂ ਜੀ, ਤੁਹਾਡੀ ਵਕਾਲਤ ਦੀ ਲੋੜ ਨਹੀਂ ਹੈ। ਮੈਨੂੰ ਉਹ ਦਿਖਦੇ ਹਨ। ਤੁਸੀਂ ਬੈਠ ਜਾਓ। ਤੁਸੀਂ ਬੈਠ ਜਾਓ। ਮੈਂ ਆਪੇ ਬੁਲਾਵਾਂਗਾ। ਮੈਂ ਆਪਣੀ ਮਰਜ਼ੀ ਨਾਲ ਬੁਲਾਵਾਂਗਾ, ਹੋਰ ਦੱਸੋ। ਤੁਹਾਡੇ ਕਹੇ ਤੇ ਨਹੀਂ ਬੁਲਵਾਉਣਾ। ਬੈਠ ਜਾਓ। ਜੋ ਕੁਝ ਵੀ ਬੋਲਿਆ ਗਿਆ ਹੈ, ਕੁਝ ਵੀ ਰਿਕਾਰਡ ਨਾ ਕੀਤਾ ਜਾਵੇ। ਤੁਸੀਂ ਹਮੇਸ਼ਾ ਗਰਮੀ ਕਰਦੇ ਹੋ। ਜ਼ਰੂਰਤ ਤੋਂ ਜ਼ਿਆਦਾ ਗਰਮੀ ਨਾ ਦਿਖਾਇਆ ਕਰੋ। ਬਿਲਕੁਲ ਗਰਮੀ ਨਾ ਕਰਿਆ ਕਰੋ। ਮੈਨੂੰ ਤੁਹਾਡੇ ਸਰਟੀਫਿਕੇਟ ਦੀ ਲੋੜ ਨਹੀਂ ਹੈ।(ਵਿਘਨ) ਮੈਨੂੰ ਤੁਹਾਡੇ ਸਰਟੀਫਿਕੇਟ ਦੀ ਲੋੜ ਨਹੀਂ ਹੈ। ਬੋਲੋ, ਅਮਨ ਜੀ। ਬੋਲੋ ਅਮਨ ਜੀ।

**ਸ਼੍ਰੀ ਅਮਨ ਅਰੋੜਾ :** ਮੈਨੂੰ ਇਹ ਟੇਬਲ ਕਰਨ ਦੀ ਇਜਾਜ਼ਤ ਦਿਓ।

**ਮਾਨਯੋਗ ਸਪੀਕਰ :** ਟੇਬਲ ਨਹੀਂ ਹੋ ਸਕਦਾ ਹੈ। ਤੁਹਾਡੀ ਗੱਲ ਆ ਗਈ ਹੈ। ਟੇਬਲ ਨਹੀਂ ਹੋ ਸਕਦਾ ਹੈ। ਤੁਹਾਡੀ ਗੱਲ ਆ ਗਈ ਹੈ।

**ਸ਼੍ਰੀ ਅਮਨ ਅਰੋੜਾ :** ** **

(ਇਸ ਸਮੇਂ ਸ਼੍ਰੀ ਕੰਵਰ ਸੰਧੂ, ਸਰਦਾਰ ਅਮਰਜੀਤ ਸਿੰਘ ਸੰਦੋਆ, ਸਰਦਾਰ ਪਿਰਮਲ ਸਿੰਘ ਧੌਲਾ, ਸਰਦਾਰ ਜਗਦੇਵ ਸਿੰਘ, ਸਰਦਾਰ ਨਾਜਰ ਸਿੰਘ ਮਾਨਸ਼ਾਹੀਆ ਅਤੇ ਸਰਦਾਰ ਜੈ ਕ੍ਰਿਸ਼ਨ ਸਿੰਘ ਨੂੰ ਛੱਡ ਕੇ ਸਦਨ ਵਿੱਚ ਹਾਜ਼ਰ ਆਮ ਆਦਮੀ ਪਾਰਟੀ ਦੇ ਮੈਂਬਰ ਬੈਨਰਜ਼ ਲਹਿਰਾਉਂਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ :** ਹੋ ਗਿਆ ਜੀ। ਮਜੀਠੀਆ ਸਾਹਿਬ, ਤੁਸੀਂ ਬੋਲੋ। (ਵਿਘਨ) (ਸ਼ੋਰ)

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਅਤਿ ਜ਼ਰੂਰੀ ਮੁੱਦੇ ਵੱਲ ਦਿਵਾਉਣਾ ਚਾਹੁੰਦਾ ਹਾਂ ਸਪੀਕਰ ਸਾਹਿਬ, 12ਵੀਂ ਕਲਾਸ ਦੇ ਗੁਰਸਿੱਖ ਮੁੰਡੇ ਦੀ ਮੱਧ ਪ੍ਰਦੇਸ਼ ਵਿੱਚ ਪੱਗ ਲਾਹ ਦਿੱਤੀ ਗਈ। (ਵਿਘਨ) (ਸ਼ੋਰ) ਮੈਂ ਚਾਹੁੰਦਾ ਹਾਂ ਕਿ

---

**Not recorded as ordered by the Chair.

ਤੁਸੀਂ ਤੁਹਾਡੀ ਇੰਟੈਲੀਜੈਂਸ ਤਹਿਤ ਪਤਾ ਕਰਵਾ ਲਵੋ (ਵਿਘਨ) (ਸ਼ੋਰ) ਉੱਥੇ ਸਰਕਾਰ ਵਿੱਚ ਮੁੱਖ ਮੰਤਰੀ ਉਹ ਇਨਸਾਨ ਹੈ, ਜਿਸ ਦਾ 1984 ਦੇ ਜੈਨੋਸਾਈਡ ਵਿੱਚ ਨਾਂ ਹੈ ਅਤੇ ਉਦੋਂ 500 ਪਰਿਵਾਰ ਵੀ ਉਜਾੜੇ ਹਨ ਅਤੇ ਮੈਂ ਚਾਹੁੰਦਾ ਹਾਂ ਕਿ ਇੱਕ ਰੈਜ਼ੋਲਿਊਸ਼ਨ ਪੰਜਾਬ ਦੀ ਵਿਧਾਨ ਸਭਾ ਵਿੱਚ......(ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ** ** ਨਾਅਰੇ ਰਿਕਾਰਡ ਨਾ ਕੀਤੇ ਜਾਣ। (ਵਿਘਨ) (ਸ਼ੋਰ) ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਿਨਾ ਕਿਹਾ ਜਾ ਰਿਹਾ ਹੈ, ਰਿਕਾਰਡ ਨਾ ਕੀਤਾ ਜਾਵੇ। (ਵਿਘਨ) (ਸ਼ੋਰ)

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਇਹ ਕੰਡੈਮ ਕੀਤਾ ਜਾਵੇ, ਇਹ ਕੰਡੈਮਨੇਬਲ ਹੈ। ਕਾਂਗਰਸ ਸਰਕਾਰ ਦੇ ਉੱਥੇ ਜਿਹੜੇ ਐਕਸ਼ਨ ਹਨ, ਉਨ੍ਹਾਂ ਨੂੰ ਕੰਡੈਮ ਕੀਤਾ ਜਾਵੇ।(ਵਿਘਨ) (ਸ਼ੋਰ) ਮੇਰੀ ਤੁਹਾਡੇ ਕੋਲ ਗੁਜ਼ਾਰਿਸ਼ ਹੈ ਕਿ ਜਦੋਂ ਗੁਰਸਿੱਖਾਂ ਦੀ ਪੱਗ ਉਛਾਲੀ ਜਾਵੇ ਤਾਂ ਪੰਜਾਬ ਦੀ ਵਿਧਾਨ ਸਭਾ ਚੁੱਪ ਨਾ ਬੈਠੇ, ਸਾਰੇ ਰਲ਼-ਮਿਲ ਕੇ ਇਸ ਗੱਲ ਦੀ ਕੰਡੈਮਨੇਸ਼ਨ ਕਰੀਏ ਕਿ ਜੋ ਮੱਧ ਪ੍ਰਦੇਸ਼ ਵਿੱਚ ਹੋਇਆ, ਉਹ ਕੰਡੈਮਨੇਬਲ ਹੈ ਅਤੇ ਉੱਥੇ ਇਸ ਤੇ ਐਕਸ਼ਨ ਹੋਵੇ ਅਤੇ the Chief Minister of that State must resign for his action. (ਵਿਘਨ) (ਸ਼ੋਰ) 1984 ਦੇ ਜੈਨੋਸਾਈਡ ਵਿੱਚ ਇਨ੍ਹਾਂ ਨੇ 500 ਪਰਿਵਾਰ ਉਜਾੜੇ ਹਨ, ਇਹ ਬਖਸ਼ੇ ਨਹੀਂ ਜਾ ਸਕਦੇ।

**ਮਾਨਯੋਗ ਸਪੀਕਰ:** ਧੰਨਵਾਦ, ਕਾਲ ਅਟੈਂਸ਼ਨ। ਸਰਦਾਰ ਜੈ ਕ੍ਰਿਸ਼ਨ ਸਿੰਘ ਰੋੜੀ ਜੀ, ਧਿਆਨ ਦਿਵਾਊ ਮਤਾ ਪੇਸ਼ ਕਰੋ।

-----------

## CALLING ATTENTION NOTICES UNDER RULE 66

### (ਕ੍ਰਮ ਨੰਬਰ:62)

**ਸਰਦਾਰ ਜੈ ਕ੍ਰਿਸ਼ਨ ਸਿਘ :** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ। ਇੱਥੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕਿਆਂ ਦੀ ਫੁੱਟਬਾਲ ਅਕੈਡਮੀ ਚੱਲ ਰਹੀ ਹੈ। (ਵਿਘਨ) ਜਿਸ ਨੇ ਓਲੰਪੀਅਨ ਜਰਨੈਲ ਸਿੰਘ ਅਤੇ ਹੋਰ ਕਈ ਉੱਘੇ ਖਿਡਾਰੀ ਦੇਸ਼ ਨੂੰ ਦਿੱਤੇ ਹਨ ਪਰ ਜੋ ਮਿਤੀ 29.02.2020 ਨੂੰ ਅੰਡਰ 19 ਟਰਾਇਲ ਰੱਖੇ ਗਏ ਸਨ, ਉਸ ਵਿੱਚ ਮਾਹਿਲਪੁਰ ਵਿੱਚ ਚੱਲ ਰਹੀ ਅਕੈਡਮੀ ਦਾ ਜ਼ਿਕਰ ਨਹੀਂ ਹੈ ਜਿਸ ਕਾਰਨ ਉਕਤ ਅਕੈਡਮੀ ਦੇ ਖਿਡਾਰੀਆਂ ਵਿੱਚ ਕਾਫੀ ਰੋਸ ਪਾਇਆ ਜਾ ਰਿਹਾ ਹੈ। ਸੋ, ਅਕੈਡਮੀ ਦੀ ਪੰਜਾਬ ਤੇ ਦੇਸ਼ ਨੂੰ ਦਿੱਤੀ ਦੇਣ ਨੂੰ ਵੇਖਦੇ ਹੋਏ ਮਾਹਿਲਪੁਰ ਅਕੈਡਮੀ ਦੇ ਖਿਡਾਰੀਆਂ ਦੇ ਨਾਮ ਵੀ ਅੰਡਰ 19 ਲਿਸਟ ਵਿੱਚ ਦਰਜ ਕੀਤੇ ਜਾਣ।

---

**Not recorded as ordered by the Chair.

[ਸਰਦਾਰ ਜੈ ਕ੍ਰਿਸ਼ਨ ਸਿਘ ]

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸ਼੍ਰੀ ਪਵਨ ਕੁਮਾਰ ਟੀਨੂ ਚੇਅਰ ਵਿਰੋਧੀ ਨਾਅਰੇ ਲਿਖ ਕੇ ਆਪਣੇ ਹੱਥਾਂ ਵਿੱਚ ਬੈਨਰ ਲਹਿਰਾਉਂਦੇ ਹੋਏ ਅਤੇ ਚੇਅਰ ਵਿਰੁੱਧ ** ** ਨਾਅਰੇ ਲਗਾਉਂਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ। ਨਾਅਰੇ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ)

**ਉਚੇਰੀ ਸਿੱਖਿਆ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ) :** ਸਪੀਕਰ ਸਾਹਿਬ, ਉਸ ਅਕੈਡਮੀ ਦੇ 10 ਕੈਂਡੀਡੇਟਸ ਚੁਣੇ ਗਏ ਹਨ। (ਵਿਘਨ)

**ਮਾਨਯੋਗ ਸਪੀਕਰ :** ਤੁਸੀਂ ਬੈਠ ਜਾਉ। ਬ੍ਰਹਮ ਮਹਿੰਦਰਾ ਜੀ (ਵਿਘਨ) (ਸ਼ੋਰ)

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸਰ, ਸਤਿਕਾਰਯੋਗ ਮੈਂਬਰ ਸਾਹਿਬ ਦਾ ਜਿਹੜਾ ਹਾਊਸ ਵਿੱਚ ਬਿਹੇਵੀਅਰ ਹੈ, ਜਿਹੜਾ ਤੁਹਾਡੇ ਪ੍ਰਤੀ ਅਤੇ ਚੇਅਰ ਦੇ ਖਿਲਾਫ ਕਿਹਾ ਜਾ ਰਿਹਾ ਹੈ, ਇਹ ਐਕਸੈਪਟੇਬਲ ਨਹੀਂ ਹੈ। ਇਹ ਨਿੰਦਣਯੋਗ ਹੈ। ਜੋ ਵੀ ਤੁਸੀਂ ਠੀਕ ਸਮਝਦੇ ਹੋ, ਉਹ ਕਾਰਵਾਈ ਕਰੋ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਕਰ ਲੈਣ ਦਿਓ।।(ਵਿਘਨ) (ਸ਼ੋਰ)

-----------

## WALK OUT

(ਇਸ ਸਮੇਂ ਸ਼੍ਰੀ ਕੰਵਰ ਸੰਧੂ, ਸਰਦਾਰ ਅਮਰਜੀਤ ਸਿੰਘ ਸੰਦੋਆ, ਸਰਦਾਰ ਪਿਰਮਲ ਸਿੰਘ ਧੌਲਾ, ਸਰਦਾਰ ਜਗਦੇਵ ਸਿੰਘ, ਸਰਦਾਰ ਨਾਜਰ ਸਿੰਘ ਮਾਨਸ਼ਾਹੀਆ ਅਤੇ ਸਰਦਾਰ ਜੈ ਕ੍ਰਿਸ਼ਨ ਸਿੰਘ ਨੂੰ ਛੱਡ ਕੇ ਸਦਨ ਵਿੱਚ ਹਾਜ਼ਰ ਆਮ ਆਦਮੀ ਪਾਰਟੀ ਦੇ ਮੈਂਬਰ ਮਹਿੰਗੀ ਬਿਜਲੀ ਦੇ ਮੁੱਦੇ ਤੇ ਬੋਲਣ ਲਈ ਸਮਾਂ ਨਾਂ ਦਿੱਤੇ ਜਾਣ ਦੇ ਰੋਸ ਵਜੋਂ ਵੈੱਲ ਆਫ ਦਿ ਹਾਊਸ ਵਿੱਚੋਂ ** ** ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕਆਊਟ ਕਰ ਗਏ।)

-----------

** **Not recorded as ordered by the Chair.

## CALLING ATTENTION NOTICES UNDER RULE 66 *(RESUMPTION)*

**ਮਾਨਯੋਗ ਸਪੀਕਰ :** ਹਾਂ ਜੀ, ਬਾਜਵਾ ਸਾਹਿਬ...(ਵਿਘਨ) (ਸ਼ੋਰ)

**ਉਚੇਰੀ ਸਿੱਖਿਆ ਮੰਤਰੀ :** ਇਸ ਅਕੈਡਮੀ ਦੇ 10 ਕੈਂਡੀਡੇਟਸ ਚੁਣੇ ਗਏ ਹਨ। ਉਹ ਜਰਨੈਲ ਸਿੰਘ ਅਕੈਡਮੀ, ਮਾਹਿਲਪੁਰ ਹੀ ਪੜ੍ਹਨਗੇ। ਇਹ ਅਕੈਡਮੀ ਵਧੀਆ ਤਰੀਕੇ ਨਾਲ ਚੱਲੇਗੀ। (ਵਿਘਨ) (ਸ਼ੋਰ)

**ਸਰਦਾਰ ਜੈ ਕ੍ਰਿਸ਼ਨ ਸਿੰਘ :** ਟਰਾਇਲ ਨਹੀਂ ਹੋਏ ਜੀ। (ਵਿਘਨ) (ਸ਼ੋਰ)

**ਮੰਤਰੀ :** ਟਰਾਇਲ ਹੋਏ ਹਨ, 10 ਕੈਂਡੀਡੇਟਸ ਚੁਣੇ ਵੀ ਗਏ ਹਨ। (ਵਿਘਨ) (ਸ਼ੋਰ)

**ਸਰਦਾਰ ਜੈ ਕ੍ਰਿਸ਼ਨ ਸਿੰਘ :** ਨਹੀਂ ਜੀ, ਜਿਹੜੇ ਅੰਡਰ 19 ਹਨ, ਉਨ੍ਹਾਂ ਦੇ ਟਰਾਇਲ ਨਹੀਂ ਹੋਏ।

**ਮੰਤਰੀ :** 10 ਚੁਣੇ ਗਏ ਹਨ ਜੀ। ਉਹ ਉਸੇ ਅਕੈਡਮੀ ਵਿੱਚ ਪੜ੍ਹਨਗੇ। (ਵਿਘਨ) (ਸ਼ੋਰ)

**ਸਰਦਾਰ ਜੈ ਕ੍ਰਿਸ਼ਨ ਸਿੰਘ :** ਇਹ ਜਿਹੜਾ ਸਟੇਡੀਅਮ ਹੈ, ਇਸ ਦਾ 1 ਕਰੋੜ 96 ਲੱਖ ਰੁਪਿਆ ਬਕਾਇਆ ਹੈ। ਕਿਰਪਾ ਕਰਕੇ ਤੁਸੀਂ ਮੈਨੂੰ ਦੱਸੋਗੇ ਕਿ ਜਿਹੜੇ ਸਟੇਡੀਅਮ ਦੇ ਬਕਾਇਆ ਪੈਸੇ ਹਨ, ਉਹ ਕਿੰਨੇ ਸਮੇਂ ਵਿੱਚ ਦਿਉਗੇ? (ਵਿਘਨ) (ਸ਼ੋਰ)

**ਮੰਤਰੀ :** ਜਿਹੜੀ ਅਕੈਡਮੀ ਹੈ, ਉਹ ਵਧੀਆ ਤਰੀਕੇ ਨਾਲ ਚੱਲੇਗੀ। ਜੋ ਵੀ ਹੋਰ ਲੋੜ ਹੋਵੇਗੀ, ਉਹ ਕਰਾਂਗੇ। ਵਧੀਆ ਤਰੀਕੇ ਨਾਲ ਚਲਾਵਾਂਗੇ। (ਵਿਘਨ) (ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸ਼੍ਰੀ ਪਵਨ ਕੁਮਾਰ ਟੀਨੂ ਆਪਣੇ ਹੱਥਾਂ ਵਿੱਚ ਚੇਅਰ ਵਿਰੋਧੀ ਨਾਅਰੇ ਲਿਖੇ ਬੈਨਰਜ਼ ਲਹਿਰਾਉਂਦੇ ਹੋਏ ਮਾਨਯੋਗ ਵਿੱਤ ਮੰਤਰੀ ਜੀ ਦੀ ਸੀਟ ਵੱਲ ਵਧਦੇ ਹੋਏ ਕੁਝ ਬੋਲ ਰਹੇ ਸਨ ਜੋ ਕਿ ਸ਼ੋਰ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ। ਸ਼ੋਮਣੀ ਅਕਾਲੀ ਦਲ ਦੇ ਮੈਂਬਰ ਦੇ ਅੱਗੇ ਵੱਧਣ ਕਾਰਨ ਮਾਨਯੋਗ ਵਿੱਤ ਮੰਤਰੀ ਜੀ ਵੀ ਗੁੱਸੇ ਵਿੱਚ ਖੜ੍ਹੇ ਹੋ ਗਏ।ਇਸ ਉਪਰੰਤ ਟਰੇਜ਼ਰੀ ਬੈਂਚਿਜ਼ ਦੇ ਕਈ ਮੈਂਬਰ ਅਤੇ ਮੰਤਰੀ ਆਪਣੀਆਂ ਸੀਟਾਂ ਛੱਡ ਕੇ ਸ਼੍ਰੀ ਪਵਨ ਕੁਮਾਰ ਟੀਨੂ ਵੱਲ ਵਧੇ।ਇਸ ਉਪਰੰਤ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਡਾਕਟਰ ਸੁਖਵਿੰਦਰ ਕੁਮਾਰ ਅਤੇ ਸ਼੍ਰੀ ਬਲਦੇਵ ਸਿੰਘ ਖਹਿਰਾ ਵੀ ਉਨ੍ਹਾਂ ਦੀ ਮਦਦ ਲਈ ਆ ਗਏ ਅਤੇ ਸਦਨ ਵਿੱਚ ਹੰਗਾਮਾ ਭਰਪੂਰ ਸਥਿਤੀ ਉਤਪੰਨ ਹੋ ਗਈ। ਇਸ ਸਮੇਂ ਸਦਨ ਵਿੱਚ ਕਾਫੀ ਸ਼ੋਰ ਸੀ ਅਤੇ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

-----------

## SHORT ADJOURNMENT OF THE HOUSE

**ਮਾਨਯੋਗ ਸਪੀਕਰ :** ਹਾਂ ਜੀ, ਬੈਠ ਜਾਉ, ਬੈਠ ਜਾਉ।(ਵਿਘਨ) (ਸ਼ੋਰ) ਇਸ ਤਰ੍ਹਾਂ ਨਾ ਕਰੋ। (ਵਿਘਨ) (ਸ਼ੋਰ) ਬੈਠ ਜਾਉ। ਜ਼ੀਰਾ ਜੀ, ਜ਼ੀਰਾ ਜੀ। (ਵਿਘਨ) (ਸ਼ੋਰ) ਮੈਂ ਹਾਊਸ ਨੂੰ 15 ਮਿੰਟ ਲਈ ਐਡਜਰਨ ਕਰਦਾ ਹਾਂ।

*11.34 ਵਜੇ ਪੂਰਵ ਦੁਪਹਿਰ) (*ਇਸ ਸਮੇਂ ਸਦਨ 11.49 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੋ ਗਿਆ।

-----------

*11.49 ਵਜੇ ਪੂਰਵ ਦੁਪਹਿਰ) (*ਇਸ ਸਮੇਂ ਸਦਨ ਮੁੜ ਇਕੱਤਰ ਹੋਇਆ।)

-----------

## MOTION REGARDING BREACH OF PRIVILEGE

**ਮਾਨਯੋਗ ਸਪੀਕਰ :** ਰੋੜੀ ਸਾਹਿਬ, ਤੁਹਾਡੀ ਕਾਲ ਅਟੈਨਸ਼ਨ ਚੱਲ ਰਹੀ ਸੀ, ਰੌਲਾ-ਰੱਪਾ ਪੈ ਗਿਆ ਸੀ।

(ਇਸ ਸਮੇਂ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ, ਸਰਦਾਰ ਚਰਨਜੀਤ ਸਿੰਘ ਚੰਨੀ ਅਤੇ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਸਿਮਰਜੀਤ ਸਿੰਘ ਬੈਂਸ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਨਯੋਗ ਸਪੀਕਰ :** ਬੈਂਸ ਸਾਹਿਬ, ਇਨ੍ਹਾਂ ਦੀ ਕਾਲ ਅਟੈਨਸ਼ਨ ਚਲਦੀ ਹੈ। ਹਾਂ ਜੀ, ਚੰਨੀ ਜੀ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ):** ਸਪੀਕਰ ਸਾਹਿਬ, ਮੈਂ ਆਪ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਸ ਤਰੀਕੇ ਦੇ ਐਕਸ਼ਨ ਵਿਧਾਨ ਸਭਾ ਵਿੱਚ ਹੋ ਰਹੇ ਹਨ, ਇਹ ਚੰਗੇ ਲੀਡਰਾਂ ਵਾਸਤੇ, ਚੰਗੇ ਮੈਂਬਰਾਂ ਵਾਸਤੇ, ਚੰਗੇ ਸਦਨ ਵਾਸਤੇ ਕੋਈ ਬਹੁਤ ਅੱਛਾ ਸ਼ਗਨ ਨਹੀਂ ਹੈ। ਸਪੀਕਰ ਸਾਹਿਬ, ਮੈਂ 13 ਸਾਲਾਂ ਤੋਂ ਇਸ ਹਾਊਸ ਦਾ ਮੈਂਬਰ ਹਾਂ। ਮੈਂ ਇਸ ਵਾਰ ਦਾ ਇਹ ਪਹਿਲਾ ਸੈਸ਼ਨ ਦੇਖਿਆ ਹੈ ਜਿਹੜਾ ਸਾਰਿਆਂ ਨਾਲੋਂ ਲੰਬਾ ਚੱਲਿਆ ਹੈ, ਜਿਹੜਾ ਤੁਸੀਂ ਚਲਾ ਰਹੇ ਹੋ। ਮੈਂ ਪਹਿਲੀ ਵਾਰੀ ਦੇਖਿਆ ਹੈ ਕਿ ਸਪੀਕਰ ਦੀ ਚੇਅਰ ਤੋਂ ਸਭ ਤੋਂ ਜ਼ਿਆਦਾ ਟਾਈਮ ਆਪੋਜ਼ੀਸ਼ਨ ਨੂੰ ਜ਼ੀਰੋ ਆਵਰ ਵਿੱਚ ਦਿੱਤਾ ਜਾ ਰਿਹਾ ਹੈ। ਬਜਟ ਅਤੇ ਗਵਰਨਰ ਐਡਰੈਸ ਤੇ ਵੀ ਤਿੰਨ-ਤਿੰਨ ਦਿਨ ਦੀ ਡਿਬੇਟ ਹੋਈ ਹੈ ਲੇਕਿਨ ਜਿਸ ਤਰ੍ਹਾਂ ਦੇ ਐਕਸ਼ਨ ਅੱਜ ਸਾਡੇ ਮੈਂਬਰ ਨੇ ਕੀਤੇ ਹਨ, ਪਹਿਲਾਂ ਤਾਂ ਮਜੀਠੀਆ ਜੀ ਉਨ੍ਹਾਂ ਦੀ ਸੀਟ ਤੇ ਆ ਕੇ ਟਾਈਮ ਮੰਗ ਰਹੇ ਸਨ, ਕੀ ਉਹ ਇਨ੍ਹਾਂ ਦੇ ਹਾਊਸ ਦਾ ਲੀਡਰ ਹੈ? ਉਨ੍ਹਾਂ ਦਾ ਬੰਦਾ

ਵੀ ਉਨ੍ਹਾਂ ਦੀ ਸਪੋਰਟ ਵਿੱਚ ਬਾਹਰ ਨਹੀਂ ਗਿਆ। ਮੈਂ ਐਫ.ਐਮ. ਸਾਹਿਬ ਨੂੰ ਬੜੇ ਲੰਮੇ ਸਮੇਂ ਤੋਂ ਸੈਸ਼ਨ ਵਿੱਚ ਦੇਖ ਰਿਹਾ ਹਾਂ, ਮੈਂ ਇਨ੍ਹਾਂ ਦੇ ਨਾਲ ਹਾਂ। ਅੱਜ ਤੱਕ ਕੋਈ ਰਿਕਾਰਡ ਵਿੱਚ ਇਹੋ-ਜਿਹੀ ਗੱਲ ਨਹੀਂ ਹੈ ਕਿ ਇਨ੍ਹਾਂ ਨੇ ਕਿਸੇ ਨੂੰ ਉੱਚੇ ਸ਼ਬਦ ਬੋਲੇ ਹੋਣ। ਉਨ੍ਹਾਂ ਦੇ ਟੇਬਲ ਤੇ ਜਾ ਕੇ ਉਨ੍ਹਾਂ ਨੂੰ ਐਸੀ ਭੱਦੀ ਸ਼ਬਦਾਵਲੀ ਅਤੇ ਪ੍ਰਸਨਲ ਕੁਮੈਂਟਸ ਕਰਨੇ, ਇਹ ਬਹੁਤ ਹੀ ਸ਼ਰਮਨਾਕ ਹੈ। ਹਾਲਾਂਕਿ ਅੱਜ ਆਖਰੀ ਦਿਨ ਹੈ, ਅਸੀਂ ਤੁਹਾਨੂੰ ਰਿਕੁਐਸਟ ਕਰਾਂਗੇ ਕਿ ਇਸ ਵਾਸਤੇ lenient view ਲਓ ਲੇਕਿਨ ਇਹ ਨਿੰਦਣਯੋਗ ਜ਼ਰੂਰ ਹੈ ਕਿ ਇੱਕ ਬੰਦਾ ਬਿਨਾਂ ਮਤਲਬ ਤੋਂ ਇਸ ਤਰ੍ਹਾਂ ਐਕਸ਼ਨ ਕਰੇ, ** ** ਇੱਥੇ ਕੋਈ ਤਰੀਕਾਕਾਰ ਹੈ, ਸੈਸ਼ਨ ਚਲਾਉਣ ਲਈ ਇੱਕ ਸਮਝਦਾਰੀ ਦੇ ਨਾਲ ਕਾਨੂੰਨ ਬਣਿਆ ਹੋਇਆ ਹੈ, ਕਾਨੂੰਨ ਦੇ ਅੰਦਰ ਰਹਿਣਾ ਹੈ। ਅਸੀਂ ਆਪੋਜ਼ੀਸ਼ਨ ਵਿੱਚ ਵੀ ਰਹੇ ਹਾਂ, 10 ਸਾਲ ਇਨ੍ਹਾਂ ਦੇ ਨਾਲ ਰਹੇ ਹਾਂ। ਲੇਕਿਨ ਕਦੇ ਇਸ ਤਰ੍ਹਾਂ ਨਹੀਂ ਕੀਤਾ।

**ਮਾਨਯੋਗ ਸਪੀਕਰ :** ਇੱਕ ਮਿੰਟ ਬੈਠੋ ਜੀ। ਬ੍ਰਹਮ ਮਹਿੰਦਰਾ ਜੀ, ਤੁਸੀਂ ਕੁਝ ਕਹਿਣਾ ਹੈ? (ਵਿਘਨ..ਸ਼ੋਰ) ਇੱਕ ਮਿੰਟ ਜੀ।

**ਸੰਸਦੀ ਮਾਮਲੇ ਮੰਤਰੀ (ਸ੍ਰੀ ਬ੍ਰਹਮ ਮਹਿੰਦਰਾ):** ਸਪੀਕਰ ਸਾਹਿਬ....

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਕੀ ਤੁਸੀਂ ਇਸ ਸਬੰਧ ਵਿੱਚ ਕੁਝ ਕਹਿਣਾ ਹੈ?

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਮੈਂ ਇਸ ਵਿਸ਼ੇ ਤੇ ਕੁਝ ਕਹਿਣਾ ਚਾਹੁੰਦਾ ਹਾਂ ਕਿ ਉਹ ਮੈਂਬਰ ਅੱਗੇ ਗਿਆ ਸੀ, ਸਾਰੇ ਜਾਂਦੇ ਹਨ, ਤੁਸੀਂ ਇਕ ਸੀਟ ਤੇ ਤਿੰਨ-ਤਿੰਨ ਬੈਠੇ ਹੋ....

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਨਹੀਂ, ਫਿਰ ਦੂਸਰੇ ਦੀ ਸੀਟ ਤੇ ਆ ਕੇ ਕਦੇ ਗਲਤ ਸ਼ਬਦ ਬੋਲਦੇ ਹਾਂ? ਕੀ ਅਸੀਂ ਕਦੇ ਅੱਜ ਤੱਕ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਦੇ ਟੇਬਲ ਤੇ ਆ ਕੇ ਬੋਲੇ? (ਵਿਘਨ..ਸ਼ੋਰ)

**ਮਾਨਯੋਗ ਸਪੀਕਰ :** ਹਾਂ ਜੀ, ਬ੍ਰਹਮ ਮਹਿੰਦਰਾ ਜੀ। ਬ੍ਰਹਮ ਮਹਿੰਦਰਾ ਜੀ।

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਅੱਜ ਜੋ ਕੁਝ ਹਾਊਸ ਵਿੱਚ ਹੋਇਆ...(ਵਿਘਨ..ਸ਼ੋਰ)

---

**Expunged as ordered by the Hon'ble Speaker.

**ਮਾਨਯੋਗ ਸਪੀਕਰ :** ਚੰਦੂਮਾਜਰਾ ਜੀ, ਕਿਸੇ ਨੂੰ ਕੋਈ ਹੱਕ ਨਹੀਂ। ਕਿਸੇ ਨੂੰ ਕੋਈ ਹੱਕ ਨਹੀਂ ਕਿ ਦੂਜੇ ਦੇ ਟੇਬਲ ਤੇ ਜਾ ਕੇ ਬਦਤਮੀਜ਼ੀ ਕਰੇ। ਬੋਲੋ ਜੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਕੁਝ ਬੋਲ ਰਹੇ ਸਨ ਪਰ ਉਨ੍ਹਾਂ ਦਾ ਮਾਈਕ ਬੰਦ ਹੋਣ ਕਾਰਨ ਕੁੱਝ ਸੁਣਾਈ ਨਹੀਂ ਦੇ ਰਿਹਾ ਸੀ।)

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਅੱਜ ਜੋ ਕੁਝ ਹਾਊਸ ਵਿੱਚ ਹੋਇਆ ਹੈ, ਇਹ ਬੜਾ unfortunate ਹੈ।ਅਕਾਲੀ ਦਲ ਦੇ ਮੈਂਬਰ ਟੀਨੂ ਜੀ ਵੱਲੋਂ ਇੱਕ ਵਾਇਲੇਸ਼ਨ ਇਹ ਹੋਈ ਹੈ ਕਿ, ਉਹ ਆਪਣੀ ਸੀਟ ਦੀ ਬਜਾਏ ਦੂਜੇ ਦੀ ਸੀਟ ਤੇ ਜਾ ਕੇ ਬੈਠੇ ਬੋਲ ਰਹੇ ਸੀ, ਜਿਹੜਾ ਬਿਲਕੁਲ ਹੀ ਹਾਊਸ ਦੀ ਇਨਸਲਟ ਹੈ। ਦੂਜਾ, ਉਨ੍ਹਾਂ ਨੇ ਉੱਥੇ ਬੈਠ ਕੇ ਸਪੀਕਰ ਦੀ ਚੇਅਰ ਵੱਲ, ਤੁਹਾਡੇ ਵੱਲ ਉਂਗਲੀਆਂ ਕੀਤੀਆਂ, ਤੁਹਾਡੇ ਪ੍ਰਤੀ ਜਿਹੜਾ behaviour ਸੀ, ਉਹ ਵੀ intolerable ਹੈ। ਜਿਹੜੀ ਸਭ ਤੋਂ ਵੱਡੀ ਗੱਲ ਹੋਈ, he crossed the floor ਔਰ ਇੱਥੇ ਖੜ੍ਹ ਕੇ ਫਾਈਨਾਂਸ ਮਨਿਸਟਰ ਸਾਹਿਬ ਤੇ ਪਰਸਨਲ ਟਿੱਪਣੀਆਂ ਕਰਕੇ ਗਏ ਹਨ, ਕਰੀਟੀਸਿਜ਼ਮ ਕਰਕੇ ਗਏ ਹਨ। (ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਮੈਂ ਸੁਣ ਰਿਹਾ ਸੀ, ਇੰਨੀ ਭੱਦੀ ਲੈਂਗੁਏਜ ਯੂਜ਼ ਕੀਤੀ ਗਈ ਹੈ, ਮੈਂ ਉਸ ਨੂੰ ਰਿਪੀਟ ਨਹੀਂ ਕਰ ਸਕਦਾ। ਅੱਜ ਤੱਕ ਫਾਈਨਾਂਸ ਮਨਿਸਟਰ ਸਾਹਿਬ ਕਦੇ ਇੰਨੇ ਜ਼ਿਆਦਾ provocation ਵਿੱਚ ਨਹੀਂ ਆਏ ਜਿੰਨਾ ਉਨ੍ਹਾਂ ਨੂੰ ਇਕਦਮ ਰਿਐਕਟ ਕਰਨਾ ਪਿਆ ਤੁਸੀਂ ਅੰਦਾਜ਼ਾ ਲਗਾ ਲਓ ਕਿ ਕੋਈ ਐਸੀ ਗੱਲ ਕਹੀ ਗਈ ਹੋਣੀ ਹੈ ਕਿ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੂੰ ਉੱਠ ਕੇ ਰਿਐਕਟ ਕਰਨਾ ਪਿਆ। ਸੋ, ਮੈਂ ਚਾਹਾਂਗਾ ਕਿ ਹਾਊਸ ਦੀ ਮਰਿਆਦਾ ਕਾਇਮ ਹੋਵੇ, ਸਾਡੀਆਂ ਅੱਛੀਆਂ ਟਰੈਡੀਸ਼ਨਜ਼ ਬਣਨ। ਉਨ੍ਹਾਂ ਤੇ ਕਾਰਵਾਈ ਕੀਤੀ ਜਾਵੇ, ਮੈਂ ਮੂਵ ਕਰਦਾ ਹਾਂ ਕਿ ਇਹ ਸਾਰਾ ਮਾਮਲਾ ਪ੍ਰਿਵਿਲੇਜ ਕਮੇਟੀ ਨੂੰ ਦਿੱਤਾ ਜਾਵੇ। ਮੈਂ ਪ੍ਰਸਤਾਵ ਕਰਦਾ ਹਾਂ -

"ਕਿ ਅੱਜ ਮਿਤੀ 4 ਮਾਰਚ, 2020 ਨੂੰ ਸਦਨ ਵਿੱਚ ਜੋ ਹੋਇਆ, ਇਹ ਬੜਾ ਅਨਫਾਰਚੂਨੇਟ ਹੈ। ਸ਼੍ਰੀ ਪਵਨ ਕੁਮਾਰ ਟੀਨੂ, ਐਮ.ਐਲ.ਏ. ਦੂਜੀ ਸੀਟ ਤੋਂ ਜਾ ਕੇ ਬੋਲੇ, ਜਿਹੜੀ ਕਿ ਰੂਲਜ਼ ਦੀ ਵਾਇਲੇਸ਼ਨ ਹੈ ਅਤੇ ਸਦਨ ਦੀ ਇਨਸਲਟ ਹੈ। ਉਸੇ ਸੀਟ ਤੋਂ ਉਨ੍ਹਾਂ ਵੱਲੋਂ ਸਪੀਕਰ ਦੀ ਚੇਅਰ ਤੇ ਉਂਗਲੀਆਂ ਕੀਤੀਆਂ ਗਈਆਂ, ਉਨ੍ਹਾਂ ਦਾ ਇਹ ਵਿਵਹਾਰ ਸਹਿਣਯੋਗ ਨਹੀਂ ਹੈ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਸਦਨ ਦੀ ਫਲੋਰ ਕਰੌਸ ਕਰਕੇ ਵਿੱਤ ਮੰਤਰੀ ਤੇ ਨਿੱਜੀ ਟਿੱਪਣੀਆਂ ਕੀਤੀਆਂ ਗਈਆਂ, ਉਨ੍ਹਾਂ ਦਾ ਕ੍ਰਿਟੀਸਿਜ਼ਮ ਕੀਤਾ

ਗਿਆ ਅਤੇ ਉਨ੍ਹਾਂ ਪ੍ਰਤੀ ਭੱਦੀ ਲੈਂਗੂਏਜ਼ ਯੂਜ਼ ਕੀਤੀ ਗਈ, ਜਿਹੜੀ ਕਿ ਰਿਪੀਟ ਨਹੀਂ ਕੀਤੀ ਜਾ ਸਕਦੀ। ਸ਼੍ਰੀ ਪਵਨ ਕੁਮਾਰ ਟੀਨੂ ਦਾ ਇਹ ਵਿਵਹਾਰ ਸਦਨ, ਮਾਨਯੋਗ ਸਪੀਕਰ ਅਤੇ ਮੰਤਰੀ ਸਾਹਿਬ ਦੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਦਾ ਮਾਮਲਾ ਹੈ। ਸਦਨ ਇਸ ਦੀ ਭਰਪੂਰ ਨਿੰਦਾ ਕਰਦਾ ਹੈ ਅਤੇ ਸਿਫਾਰਸ਼ ਕਰਦਾ ਹੈ ਕਿ ਇਹ ਮਾਮਲਾ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪਿਆ ਜਾਵੇ।''

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

''ਕਿ ਅੱਜ ਮਿਤੀ 4 ਮਾਰਚ, 2020 ਨੂੰ ਸਦਨ ਵਿੱਚ ਜੋ ਹੋਇਆ, ਇਹ ਬੜਾ ਅਨਫਾਰਚੂਨੇਟ ਹੈ। ਸ਼੍ਰੀ ਪਵਨ ਕੁਮਾਰ ਟੀਨੂ, ਐਮ.ਐਲ.ਏ. ਦੂਜੀ ਸੀਟ ਤੋਂ ਜਾ ਕੇ ਬੋਲੇ, ਜਿਹੜੀ ਕਿ ਰੂਲਜ਼ ਦੀ ਵਾਇਲੇਸ਼ਨ ਹੈ ਅਤੇ ਸਦਨ ਦੀ ਇਨਸਲਟ ਹੈ। ਉਸੇ ਸੀਟ ਤੋਂ ਉਨ੍ਹਾਂ ਵੱਲੋਂ ਸਪੀਕਰ ਦੀ ਚੇਅਰ ਤੇ ਉਂਗਲੀਆਂ ਕੀਤੀਆਂ ਗਈਆਂ, ਉਨ੍ਹਾਂ ਦਾ ਇਹ ਵਿਵਹਾਰ ਸਹਿਣਯੋਗ ਨਹੀਂ ਹੈ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਸਦਨ ਦੀ ਫਲੋਰ ਕਰੌਸ ਕਰਕੇ ਵਿੱਤ ਮੰਤਰੀ ਤੇ ਨਿੱਜੀ ਟਿੱਪਣੀਆਂ ਕੀਤੀਆਂ ਗਈਆਂ, ਉਨ੍ਹਾਂ ਦਾ ਕ੍ਰਿਟੀਸਿਜ਼ਮ ਕੀਤਾ ਗਿਆ ਅਤੇ ਉਨ੍ਹਾਂ ਪ੍ਰਤੀ ਭੱਦੀ ਲੈਂਗੂਏਜ਼ ਯੂਜ਼ ਕੀਤੀ ਗਈ, ਜਿਹੜੀ ਕਿ ਰਿਪੀਟ ਨਹੀਂ ਕੀਤੀ ਜਾ ਸਕਦੀ। ਸ਼੍ਰੀ ਪਵਨ ਕੁਮਾਰ ਟੀਨੂ ਦਾ ਇਹ ਵਿਵਹਾਰ ਸਦਨ, ਮਾਨਯੋਗ ਸਪੀਕਰ ਅਤੇ ਮੰਤਰੀ ਸਾਹਿਬ ਦੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਦਾ ਮਾਮਲਾ ਹੈ। ਸਦਨ ਇਸ ਦੀ ਭਰਪੂਰ ਨਿੰਦਾ ਕਰਦਾ ਹੈ ਅਤੇ ਸਿਫਾਰਸ਼ ਕਰਦਾ ਹੈ ਕਿ ਇਹ ਮਾਮਲਾ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪਿਆ ਜਾਵੇ।''

**ਮਾਨਯੋਗ ਸਪੀਕਰ:** ਜੇਕਰ ਹਾਊਸ ਦੀ ਸਹਿਮਤੀ ਹੋਵੇ ਤਾਂ ਇਹ ਮਾਮਲਾ ਪ੍ਰਿਵਿਲੇਜ ਕਮੇਟੀ ਨੂੰ ਸੌਂਪ ਦਿੱਤਾ ਜਾਵੇ।....(ਵਿਘਨ..ਸ਼ੋਰ)........

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਬਲਵਿੰਦਰ ਸਿੰਘ ਬੈਂਸ ਅਤੇ ਸਰਦਾਰ ਸਿਮਰਜੀਤ ਸਿੰਘ ਬੈਂਸ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਕੁਝ ਬੋਲ ਰਹੇ ਸਨ ਪਰ ਉਨ੍ਹਾਂ ਦਾ ਮਾਈਕ ਬੰਦ ਹੋਣ ਕਰਕੇ ਕੁਝ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ:** (ਵਿਘਨ..ਸ਼ੋਰ) ਬੈਂਸ ਸਾਹਿਬ, ਬੈਠ ਜਾਓ। ਬੈਂਸ ਸਾਹਿਬ, ਪਲੀਜ਼ ਬੈਠ ਜਾਓ।(ਵਿਘਨ) ਪਲੀਜ਼, ਬੈਠ ਜਾਓ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ** **

**ਮਾਨਯੋਗ ਸਪੀਕਰ :** ਇਸ ਤਰ੍ਹਾਂ ਨਹੀਂ ਚੱਲਣਾ ਹੈ, ਮਤਾ ਪੇਸ਼ ਹੋ ਰਿਹਾ ਹੈ। (ਵਿਘਨ..ਸ਼ੋਰ) ਬੈਠ ਜਾਓ, ਬੈਠ ਜਾਓ, ਬੈਠ ਜਾਓ, ਬੈਠ ਜਾਓ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

> "ਕਿ ਅੱਜ ਮਿਤੀ 4 ਮਾਰਚ, 2020 ਨੂੰ ਸਦਨ ਵਿੱਚ ਜੋ ਹੋਇਆ, ਇਹ ਬੜਾ ਅਨਫਾਰਚੂਨੇਟ ਹੈ। ਸ਼੍ਰੀ ਪਵਨ ਕੁਮਾਰ ਟੀਨੂ, ਐਮ.ਐਲ.ਏ. ਦੂਜੀ ਸੀਟ ਤੋਂ ਜਾ ਕੇ ਬੋਲੇ, ਜਿਹੜੀ ਕਿ ਰੂਲਜ਼ ਦੀ ਵਾਇਲੇਸ਼ਨ ਹੈ ਅਤੇ ਸਦਨ ਦੀ ਇਨਸਲਟ ਹੈ। ਉਸੇ ਸੀਟ ਤੋਂ ਉਨ੍ਹਾਂ ਵੱਲੋਂ ਸਪੀਕਰ ਦੀ ਚੇਅਰ ਤੇ ਉਂਗਲੀਆਂ ਕੀਤੀਆਂ ਗਈਆਂ, ਉਨ੍ਹਾਂ ਦਾ ਇਹ ਵਿਵਹਾਰ ਸਹਿਣਯੋਗ ਨਹੀਂ ਹੈ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਸਦਨ ਦੀ ਫਲੋਰ ਕਰੌਸ ਕਰਕੇ ਵਿੱਤ ਮੰਤਰੀ ਤੇ ਨਿੱਜੀ ਟਿੱਪਣੀਆਂ ਕੀਤੀਆਂ ਗਈਆਂ, ਉਨ੍ਹਾਂ ਦਾ ਕ੍ਰਿਟੀਸਿਜ਼ਮ ਕੀਤਾ ਗਿਆ ਅਤੇ ਉਨ੍ਹਾਂ ਪ੍ਰਤੀ ਭੱਦੀ ਲੈਂਗੂਏਜ਼ ਯੂਜ਼ ਕੀਤੀ ਗਈ, ਜਿਹੜੀ ਕਿ ਰਿਪੀਟ ਨਹੀਂ ਕੀਤੀ ਜਾ ਸਕਦੀ। ਸ਼੍ਰੀ ਪਵਨ ਕੁਮਾਰ ਟੀਨੂ ਦਾ ਇਹ ਵਿਵਹਾਰ ਸਦਨ, ਮਾਨਯੋਗ ਸਪੀਕਰ ਅਤੇ ਮੰਤਰੀ ਸਾਹਿਬ ਦੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਦਾ ਮਾਮਲਾ ਹੈ। ਸਦਨ ਇਸ ਦੀ ਭਰਪੂਰ ਨਿੰਦਾ ਕਰਦਾ ਹੈ ਅਤੇ ਸਿਫਾਰਸ਼ ਕਰਦਾ ਹੈ ਕਿ ਇਹ ਮਾਮਲਾ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪਿਆ ਜਾਵੇ।"

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹਾਂ ਜੀ, ਸਰਦਾਰ ਜੈ ਕ੍ਰਿਸ਼ਨ ਸਿੰਘ ਜੀ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਸਪੀਕਰ ਸਾਹਿਬ, ਇੱਕ ਮਿੰਟ ਜੋ ਇਹ ਘਟਨਾਕ੍ਰਮ ਹੋਇਆ ਹੈ, ਉਸ ਤੇ ਇੱਕ ਮਿੰਟ ਲਈ ਜ਼ਰੂਰ ਬੋਲਣਾ ਚਾਹੁੰਦਾ ਹਾਂ। ਸਰ, ਮਸਲਾ ਇਹ ਹੈ ਕਿ ਮੇਰੇ ਹਲਕੇ ਦੇ ਵਿੱਚ ਕੁਝ.....

**ਮਾਨਯੋਗ ਸਪੀਕਰ :** ਵੈਸੇ ਕਨਕਲੂਡ ਹੋ ਗਿਆ ਸੀ ਜੀ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਸਪੀਕਰ ਸਾਹਿਬ, ਬਸ ਇੱਕ ਮਿੰਟ ਬੋਲਣਾ ਹੈ ਜੀ। ਮੇਰੇ ਹਲਕੇ ਵਿੱਚ ਕੁਝ ਸੁਸਾਇਟੀਆਂ ਸਨ, ਉਨ੍ਹਾਂ ਵਿੱਚ ਕੁਝ ਘੁਟਾਲਾ ਹੋਇਆ ਸੀ ਕਿਉਂਕਿ ਇਹ ਸਾਡੇ ਸੁਖਜਿੰਦਰ ਸਿੰਘ ਰੰਧਾਵਾ ਜੀ ਨਾਲ ਰਿਲੇਟਿਡ ਹੈ ਅਤੇ ਸਾਡੇ ਮੰਤਰੀ ਜੀ ਇੱਥੇ ਬੈਠੇ ਹਨ।

---

**Expunged as ordered by the Hon'ble Speaker.

**ਮਾਨਯੋਗ ਸਪੀਕਰ :** ਤੁਸੀਂ ਕਾਲ ਅਟੈਂਸ਼ਨ ਤੇ ਬੋਲੋ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਸਪੀਕਰ ਸਾਹਿਬ, ਬਸ ਇੱਕ ਮਿੰਟ ਜੀ। ਮੈਂ ਉਥੇ ਖੜ੍ਹ ਕੇ ਇੱਕ ਵੀਡੀਓ ਪਾ ਦਿੱਤੀ ਕਿ ਇਹ ਘੁਟਾਲਾ ਇੱਥੇ ਹੋਇਆ ਹੈ। ਮੰਤਰੀ ਸਾਹਿਬ ਤੋਂ ਕਈ ਵਾਰ ਜਵਾਬ ਮਿਲਦੇ ਹਨ ਕਿ ਸਾਡੇ ਕਮਰੇ ਵਿੱਚ ਆ ਜਾਓ, ਸਾਡੇ ਨਾਲ ਫੋਨ ਤੇ ਗੱਲ ਕਰ ਲਓ। ਸਾਡੇ ਨਾਲ ਬੈਠ ਕੇ ਗੱਲ ਕਰ ਲੈਣਾ ਪਰ ਮੈਂ ਮੰਤਰੀ ਸਾਹਿਬ ਦੀ ਇਸ ਗੱਲ ਲਈ ਸਿਫਤ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਮੇਰੀ ਫੇਸਬੁੱਕ ਵੀਡਿਓ ਦੇਖ ਕੇ, ਮੈਨੂੰ ਇਨ੍ਹਾਂ ਦਾ ਵਟਸਐਪ ਆ ਗਿਆ ਕਿ ਕਾਕਾ, ਜਿਨ੍ਹਾਂ ਨੇ ਘੁਟਾਲਾ ਕੀਤਾ ਹੈ, ਉਨ੍ਹਾਂ ਦੀ ਜਿਹੜੀ ਪ੍ਰਾਪਰਟੀ ਹੈ, ਉਹ ਵੀ ਸੁਸਾਇਟੀ ਦੇ ਨਾਲ ਅਟੈਚ ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਸਰਦਾਰ ਮਨਪ੍ਰੀਤ ਸਿੰਘ ਬਾਦਲ ਬਾਰੇ ਕਹਾਂ ਤਾਂ ਜਦੋਂ ਦੇ ਅਸੀਂ ਇੱਥੇ ਆਏ ਹਾਂ ਤਾਂ ਅਸੀਂ ਇਨ੍ਹਾਂ ਤੋਂ ਸਿੱਖ ਰਹੇ ਹਾਂ ਕਿ ਸਾਨੂੰ ਕੋਈ ਵੀ ਚੰਗਾ ਬੋਲ ਜਾਵੇ, ਕੋਈ ਮਾੜਾ ਬੋਲ ਜਾਵੇ, ਆਪਾਂ ਸਹਿਣਸ਼ੀਲਤਾ ਰੱਖਣੀ ਹੈ। ਆਪਣੇ ਅੰਦਰ ਠਰੰਮਾ ਲੈ ਕੇ ਆਉਣਾ ਹੈ ਪਰ ਅੱਜ ਕੀ ਹੋਇਆ ਔਰ ਪਿਛਲੇ ਸਮੇਂ ਤੋਂ ਰੰਧਾਵਾ ਜੀ ਨਾਲ ਕੀ ਹੋ ਰਿਹਾ ਹੈ? ਮੈਂ ਆਪਣੇ ਕਾਂਗਰਸ ਦੇ ਐਮ.ਐਲ.ਏ ਵੀਰਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਇਨ੍ਹਾਂ ਨਾਲ ਇਸ ਤਰ੍ਹਾਂ ਹੁੰਦਾ ਹੈ, ਉਹ ਪਿੱਛੋਂ ਕਿਉਂ ਨਹੀਂ ਬੋਲਦੇ ਹਨ? ਇਨਾਂ ਦੀ ਕੀ ਮਜਬੂਰੀ ਹੈ? ਸਪੀਕਰ ਸਾਹਿਬ, ਇੱਕ ਹੋਰ ਮੇਨ ਗੱਲ ਹੈ ਜੀ...

**ਮਾਨਯੋਗ ਸਪੀਕਰ :** ਤੁਸੀਂ ਗੱਲ ਤੇ ਆ ਜਾਓ। ਤੁਸੀਂ ਗੱਲ ਤੇ ਆ ਜਾਓ।

**ਸਰਦਾਰ ਜੈ ਕ੍ਰਿਸ਼ਨ ਸਿੰਘ:** ਸਰ, ਮੇਰੀ ਬੇਨਤੀ ਹੈ ਕਿ ਜਿਹੜਾ ਪੰਜਵੇਂ ਨੰਬਰ ਤੇ ਬੈਂਚ ਹੈ, ਉਸ ਦੇ ਵਿੱਚ ਇੱਕ ਸੈਂਸਰ ਲੱਗਿਆ ਹੋਇਆ ਹੈ। ਜਦੋਂ ਵੀ ਕੋਈ ਬੰਦਾ ਉਥੇ ਖੜ੍ਹਾ ਹੁੰਦਾ ਹੈ, ਉਥੇ ਆਪਣੇ ਆਪ ਮਾਈਕ ਆਨ ਹੋ ਜਾਂਦਾ ਹੈ ਅਤੇ ਬਾਕੀਆਂ ਨੂੰ ਕਹਿਣਾ ਪੈਂਦਾ ਹੈ। ਉਹ ਜਿਹੜਾ ਸੈਂਸਰ ਹੈ, ਉਹ ਵੀ ਠੀਕ ਕਰਵਾ ਦਿਓ। ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਮੰਤਰੀ ਸਾਹਿਬ ਨੇ ਸਟੇਡੀਅਮ ਦੀ ਗੱਲ ਕੀਤੀ ਸੀ। ਸਾਡੇ ਸਟੇਡੀਅਮ ਦੇ 1 ਕਰੋੜ 96 ਲੱਖ ਰੁਪਏ ਦੇ ਪੈਸੇ ਬਕਾਇਆ ਪਏ ਹਨ ਔਰ ਉਹ ਸਟੇਡੀਅਮ ਹੁਣ ਖੰਡਰ ਬਣ ਰਿਹਾ ਹੈ। ਉਸ ਸਟੇਡੀਅਮ ਵਿੱਚ ਜਿਹੜੇ ਆਲੇ-ਦੁਆਲੇ ਦੇ ਨਸ਼ੇੜੀ ਲੋਕ ਹਨ, ਜਿਹੜੇ ਚੋਰ ਹਨ, ਉਹ ਉਥੇ ਆ ਕੇ ਬੈਠਦੇ ਹਨ, ਉਥੇ ਸਰਿੰਜਾਂ ਪਈਆਂ ਹਨ...

**ਮਾਨਯੋਗ ਸਪੀਕਰ :** ਰੋੜੀ ਜੀ, ਇਹ ਜ਼ੀਰੋ ਆਵਰ ਨਹੀਂ ਹੈ, ਇਹ ਜ਼ੀਰੋ ਆਵਰ ਨਹੀਂ ਹੈ।

-----------

## CALLING ATTENTION NOTICES UNDER RULE 66 (*RESUMPTION*)

**ਸਰਦਾਰ ਜੈ ਕ੍ਰਿਸ਼ਨ ਸਿੰਘ :** ਸਰ, ਮੈਂ ਕਾਲ ਅਟੈਂਸ਼ਨ ਦੇ ਉੱਤੇ ਹੀ ਗੱਲ ਕਰ ਰਿਹਾ ਹਾਂ....

**ਮਾਨਯੋਗ ਸਪੀਕਰ :** ਰੋੜੀ ਜੀ, ਤਾਂ ਫਿਰ ਤੁਸੀਂ ਨਿਬੇੜੋ। ਸਵਾਲ ਪੁੱਛੋ। ਕਾਲ ਅਟੈਂਸ਼ਨ ਤੇ ਸਵਾਲ ਪੁੱਛੋ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਦਸ ਭਰਤੀ ਕੀਤੇ ਹਨ। ਬੱਚਿਆਂ ਨੇ ਸਟੇਡੀਅਮ ਵਿੱਚ ਖੇਡਣਾ ਵੀ ਹੈ, ਉਹ ਸਟੇਡੀਅਮ ਕਦੋਂ ਤੱਕ ਪੂਰਾ ਕਰ ਦਿੱਤਾ ਜਾਵੇਗਾ?

**ਮਾਨਯੋਗ ਸਪੀਕਰ :** ਸਟੇਡੀਅਮ ਕਦੋਂ ਤੱਕ ਪੂਰਾ ਹੋ ਜਾਵੇਗਾ?

**ਉਚੇਰੀ ਸਿੱਖਿਆ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ):** ਸਪੀਕਰ ਸਾਹਿਬ, 1 ਕਰੋੜ 96 ਲੱਖ ਰੁਪਿਆ ਰਿਲੀਜ਼ ਕਰ ਰਹੇ ਹਾਂ ਅਤੇ ਇੱਕ ਸਾਲ ਦੇ ਵਿੱਚ ਕੰਪਲੀਟ ਹੋ ਜਾਵੇਗਾ।

**ਸਰਦਾਰ ਜੈ ਕ੍ਰਿਸ਼ਨ ਸਿੰਘ:** ਸਰ, ਬਹੁਤ-ਬਹੁਤ ਧੰਨਵਾਦ ਜੀ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਪੀਕਰ ਸਾਹਿਬ, ਧੰਨਵਾਦ ਜੀ। ਮਾਨਯੋਗ ਚੰਨੀ ਜੀ ਕਹਿ ਰਹੇ ਸਨ ਕਿ ਇਸ ਵਾਰੀ ਸਮਾਂ ਬਹੁਤ ਦਿੱਤਾ ਹੈ ਪਰ ਬਹੁਤ ਅਹਿਮ ਮੁੱਦੇ ਸਨ, ਕਿਸਾਨ ਖੁਦਕੁਸ਼ੀਆਂ ਵਰਗਾ ਮੁੱਦਾ ਸੀ, ਜਿਸ ਉੱਤੇ ਆਪਾਂ ਹੁਣ ਤੱਕ ਦੋ ਮਿੰਟ ਵੀ ਚਰਚਾ ਨਹੀਂ ਕਰ ਸਕੇ।

**ਮਾਨਯੋਗ ਸਪੀਕਰ:** ਮੇਰੇ ਕੋਲ ਸਾਰਾ ਰਿਕਾਰਡ ਹੈ। ਚੰਦੂਮਾਜਰਾ ਜੀ, ਮੇਰੇ ਕੋਲ ਸਾਰਾ ਰਿਕਾਰਡ ਹੈ ਕਿ ਪਿਛਲੇ 15 ਸਾਲ ਤੋਂ ਕਿਹੋ ਜਿਹੇ ਸੈਸ਼ਨ ਹੁੰਦੇ ਰਹੇ ਹਨ, ਇਸ ਟੌਪਿਕ ਨੂੰ ਨਾ ਟੱਚ ਕਰੋ। ਮੈਂ ਸਾਰਾ ਰਿਕਾਰਡ ਰੱਖ ਸਕਦਾ ਹਾਂ ਕਿ ਤੁਸੀਂ ਪਿਛਲੇ ਦਸ ਸਾਲਾਂ ਤੋਂ ਕਿਹੋ ਜਿਹੇ ਸੈਸ਼ਨ ਕਰਦੇ ਰਹੇ ਹੋ। ਮੈਨੂੰ ਬੁਲਾਓ ਨਾ, ਇਸ ਕਰਕੇ ਆਪਣੀ ਗੱਲ ਤੇ ਆਓ (ਥੰਪਿੰਗ)

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਸਰ, ਮੈਂ ਫਸਟ ਟਾਈਮ ਆਇਆ ਹਾਂ, ਪਰ ਸਰ, ਇਸ ਤਰ੍ਹਾਂ ** **

**ਮਾਨਯੋਗ ਸਪੀਕਰ:** ਤੁਸੀਂ ਕਾਲ ਅਟੈਂਸ਼ਨ ਤੇ ਆਓ। ਕਾਲ ਅਟੈਂਸ਼ਨ ਤੇ ਆਓ।

**Expunged as ordered by the Hon'ble Speaker.

**(ਕ੍ਰਮ ਨੰ: 69)**

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਡੇਰਾਬੱਸੀ, ਜ਼ੀਰਕਪੁਰ, ਅੰਬਾਲਾ ਆਦਿ ਸ਼ਹਿਰਾਂ ਦੇ ਇੰਡਸਟਰੀਅਲ ਯੂਨਿਟਾਂ ਵੱਲੋਂ ਆਪਣੀਆਂ ਫੈਕਟਰੀਆਂ ਦਾ ਵੇਸਟ, ਜਿਸ ਵਿੱਚ ਕਈ ਖਤਰਨਾਕ ਕੈਮੀਕਲ ਮਿਲੇ ਹੋਏ ਹੁੰਦੇ ਹਨ, ਘੱਗਰ ਦਰਿਆ ਵਿੱਚ ਸੁੱਟਿਆ ਜਾ ਰਿਹਾ ਹੈ। ਇਨ੍ਹਾਂ ਇੰਡਸਟਰੀਅਲ ਯੂਨਿਟਾਂ ਦਾ ਪ੍ਰਦੂਸ਼ਿਤ ਪਾਣੀ ਘੱਗਰ ਦਰਿਆ ਵਿੱਚ ਮਿਕਸ ਹੋ ਜਾਂਦਾ ਹੈ, ਜੋ ਧਰਤੀ ਹੇਠਲੇ ਪਾਣੀ ਨੂੰ ਪ੍ਰਦੂਸ਼ਿਤ ਕਰਦਾ ਹੈ ਤੇ ਇਹ ਪ੍ਰਦੂਸ਼ਿਤ ਪਾਣੀ ਫਸਲਾਂ ਨੂੰ ਵੀ ਭਾਰੀ ਨੁਕਸਾਨ ਕਰਦਾ ਹੈ, ਲੋਕਾਂ ਦੀ ਸਿਹਤ ਲਈ ਬਹੁਤ ਖਤਰਨਾਕ ਸਾਬਤ ਹੁੰਦਾ ਹੈ ਅਤੇ ਕੈਂਸਰ ਵਰਗੀਆਂ ਕਈ ਭਿਆਨਕ ਬਿਮਾਰੀਆਂ ਦਾ ਕਾਰਨ ਬਣ ਰਿਹਾ ਹੈ।

ਇਸ ਕਰਕੇ ਘੱਗਰ ਦਰਿਆ ਦੇ ਆਲੇ ਦੁਆਲੇ ਦੇ ਪਿੰਡਾਂ ਵਿੱਚ ਖਾਸ ਕਰਕੇ ਹਲਕਾ ਸਨੌਰ ਦੇ ਪਿੰਡਾਂ ਵਿੱਚ ਭਿਆਨਕ ਬਿਮਾਰੀਆਂ ਫੈਲ ਰਹੀਆਂ ਹਨ ਜਿਸ ਕਾਰਨ ਇੱਥੇ ਦੇ ਲੋਕਾਂ ਵਿੱਚ ਦਹਿਸ਼ਤ, ਮਾਯੂਸੀ ਤੇ ਅਸੰਤੁਸ਼ਟਤਾ ਦਾ ਮਾਹੌਲ ਬਣਿਆ ਹੋਇਆ ਹੈ।

ਇਸ ਲੋਕ ਹਿਤ ਦੇ ਮਾਮਲੇ ਤੇ ਗੰਭੀਰਤਾ ਨਾਲ ਤੁਰੰਤ ਸੋਚਣ ਦੀ ਤੇ ਫੌਰੀ ਕਾਰਵਾਈ ਕਰਨ ਦੀ ਸਖਤ ਲੋੜ ਹੈ। ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਸ ਮਾਮਲੇ ਵੱਲ ਤੁਰੰਤ ਧਿਆਨ ਦਿੱਤਾ ਜਾਵੇ ਅਤੇ ਇਸ ਸਮੱਸਿਆ ਤੋਂ ਲੋਕਾਂ ਨੂੰ ਰਾਹਤ ਦਿਵਾਈ ਜਾਵੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ):** ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਬੜੀ ਵਧੀਆ ਕਾਲ ਅਟੈਂਸ਼ਨ ਲਿਆਂਦੀ ਹੈ। ਵੈਸੇ ਇਹ ਚਿੰਤਾ ਦਾ ਵਿਸ਼ਾ ਹੈ ਪਰ ਸਰਕਾਰ ਇਸ ਤੇ ਪੂਰੀ ਤਰ੍ਹਾਂ ਜਾਗਰੂਕ ਹੈ। 30 ਸ਼ਹਿਰ ਅਜਿਹੇ ਹਨ, ਜੋ ਇਸ ਵਿੱਚ ਸਾਰਾ ਗੰਦ ਪਾ ਰਹੇ ਹਨ।ਅਸੀਂ 48 ਐਸ.ਟੀ.ਪੀ. ਪਲਾਂਟ ਉੱਥੇ ਲਗਾ ਰਹੇ ਹਾਂ, ਜਿਨ੍ਹਾਂ ਵਿੱਚੋਂ 22 ਲੱਗ ਚੁੱਕੇ ਹਨ। 7-8 ਪ੍ਰੋਸੈਸ ਵਿੱਚ ਹਨ। ਬਾਕੀਆਂ ਦਾ ਸਿਸਟਮ ਲੱਗ ਰਿਹਾ ਹੈ। ਸਾਲ 2022 ਤੱਕ ਇਹ ਸਾਰਾ ਕੁਝ ਠੀਕ ਕਰ ਦਿੱਤਾ ਜਾਵੇਗਾ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਪਲੀਮੈਂਟਰੀ। ਸਰ, ਮੈਂ ਬੇਨਤੀ ਕਰਦਾ ਹਾਂ ਕਿ STP ਤੁਸੀਂ ਲਗਾ ਰਹੇ ਹੋਵੋਗੇ ਜਿਨ੍ਹਾਂ ਵਿੱਚ ਕਈ ਪਿੰਡਾਂ ਦਾ ਸੀਵਰੇਜ ਦਾ ਵਾਟਰ ਪੈ ਰਿਹਾ ਹੈ। ਇਸ ਵਿੱਚ ਵੱਡਾ ਹਿੱਸਾ ਇੰਡਸਟਰੀ ਦਾ ਹੈ ਜਿਸ ਵਿੱਚ ਕੈਮੀਕਲਜ਼ ਹੁੰਦੇ ਹਨ। ਜਿੱਥੇ ਪੰਜਾਬ ਦੀ ਇੰਡਸਟਰੀ ਹੈ, ਉਸ ਦੇ ਨਾਲ ਹਰਿਆਣੇ ਦੀ ਵੀ ਬਹੁਤ ਵੱਡੀ ਇੰਡਸਟਰੀ ਹੈ। ਜਦੋਂ ਪਿੱਛੇ ਜਿਹੇ ਜੂਨ ਦੇ ਵਿੱਚ ਹੜ੍ਹ ਆਏ ਸਨ, ਉਸ ਵੇਲੇ ਮਾਨਯੋਗ ਜਲ ਸਰੋਤ ਮੰਤਰੀ, ਕੇਂਦਰ ਸਰਕਾਰ ਕੋਲ ਗਏ ਸਨ। ਉਨ੍ਹਾਂ ਨੇ ਸਾਡੇ ਸਾਹਮਣੇ NGT ਨਾਲ ਕਾਫੀ ਗੰਭੀਰਤਾ ਨਾਲ ਇਸ ਮੁੱਦੇ ਬਾਰੇ ਗੱਲ ਕੀਤੀ ਸੀ। ਉਸ ਤੋਂ ਬਾਅਦ ਸਖਤੀ ਵੀ ਹੋਈ ਹੈ। ਮੈਂ ਪਹਿਲਾਂ ਵੀ ਇਹ ਇਸ਼ੂ ਟੇਕਅੱਪ ਕੀਤਾ ਸੀ ਕਿ ਇਸ ਵਿੱਚ ਬਹੁਤ ਗੈਰ-ਸੰਜੀਦਗੀ ਨਜ਼ਰ ਆਉਂਦੀ ਹੈ। ਬਾਜਵਾ ਸਾਹਿਬ, ਇਹ ਲੰਮੇ ਸਮੇਂ ਤੋਂ ਲਟਕ ਰਿਹਾ ਹੈ। ਮੇਰੀ ਇਹੀ ਬੇਨਤੀ ਹੈ ਕਿਉਂਕਿ ਹਰਿਆਣੇ ਵਾਲਾ ਵੀ ਇਸ਼ੂ ਟੇਕਅੱਪ ਕਰਨ ਵਾਲਾ ਹੈ। ਹਰਿਆਣੇ ਵਿੱਚ ਵੀ ਜਿਹੜੇ ਘੱਗਰ ਦੇ ਨਾਲ ਲੱਗਦੇ ਲੋਕ ਹਨ, ਉਹ ਵੀ ਇਸ ਦੇ ਨਾਲ ਪੀੜਤ ਹਨ। ਘੱਗਰ ਦੇ ਨਾਲ ਜਿਹੜੇ ਇਲਾਕੇ ਲੱਗਦੇ ਹਨ, ਜਿਹੜੇ ਉੱਥੇ ਦੇ ਮੈਂਬਰ ਹਨ, ਤੁਸੀਂ ਹਾਊਸ ਵਿੱਚ ਉਨ੍ਹਾਂ ਦੀ ਕਮੇਟੀ ਬਣਾ ਦਿਓ। ਜਿਹੜੀ ਵਿਜ਼ਿਟ ਵੀ ਕਰੇ ਅਤੇ ਹਰਿਆਣੇ ਨਾਲ ਵੀ ਇਸ਼ੂ ਟੇਕਅੱਪ ਕਰ ਲਵੇ।

**ਮਾਨਯੋਗ ਸਪੀਕਰ :** ਸਵਾਲ ਪੁੱਛੋ ਜੀ, ਸਵਾਲ ਪੁੱਛੋ। ਸਵਾਲ ਪੁੱਛੋ। ਸਪਲੀਮੈਂਟਰੀ ਕਰੋ। ਸਵਾਲ ਪੁੱਛਣਾ ਹੁੰਦਾ ਹੈ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਰ, ਸਵਾਲ ਹੀ ਪੁੱਛ ਰਿਹਾ ਹਾਂ ਜੀ।ਕੀ ਇਸ ਦੇ ਨਾਲ ਕੋਈ ਨੋਡਲ ਅਫਸਰ ਪੁਆਇੰਟ ਹੋ ਜਾਵੇਗਾ ਤਾਂ ਕਿ ਇਸ ਨੂੰ ਅਸੀਂ ਪ੍ਰੈਕਟੀਕਲੀ ਕਰੀਏ? ਇਹ ਬਹੁਤ ਹੀ ਗੰਭੀਰ ਮੁੱਦਾ ਹੈ। ਹੁਣ ਇਹ ਗੱਲਾਂ ਤੱਕ ਹੀ ਸੀਮਤ ਹੋ ਕੇ ਰਹਿ ਗਿਆ।

**ਮੰਤਰੀ :** ਸਪੀਕਰ ਸਾਹਿਬ, ਵੈਸੇ ਤਾਂ ਪ੍ਰਦੂਸ਼ਣ ਕੰਟਰੋਲ ਬੋਰਡ ਆਪਣਾ ਕੰਮ ਬਾਖੂਬੀ ਕਰ ਰਿਹਾ ਹੈ। ਜਿੱਥੇ ਕਿਤੇ ਸ਼ਿਕਾਇਤ ਆਉਂਦੀ ਹੈ ਤਾਂ ਉਨ੍ਹਾਂ ਦੇ ਖਿਲਾਫ ਐਕਸ਼ਨ ਵੀ ਲਿਆ ਜਾਂਦਾ ਹੈ। ਜਿਹੜੀ ਇਹ ਕਮੇਟੀ ਦੀ ਗੱਲ ਕਰਦੇ ਹਨ ਸਰਕਾਰ ਇਸ ਬਾਰੇ ਵਿਚਾਰ ਕਰ ਲਵੇਗੀ।

**ਮਾਨਯੋਗ ਸਪੀਕਰ :** ਵਿਚਾਰ ਕਰ ਲਵੋ, ਵਿਚਾਰ ਕਰ ਲਵੋ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਇੱਕ ਹੋਰ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ)

**ਮਾਨਯੋਗ ਸਪੀਕਰ :** ਕਾਲ ਅਟੈਂਸ਼ਨ ਨੋਟਿਸ 'ਤੇ ਇੱਕੋ ਹੀ ਸਪਲੀਮੈਂਟਰੀ ਹੁੰਦੀ ਹੈ।

-----------

## MOTION UNDER RULE 16

**ਮਾਨਯੋਗ ਸਪੀਕਰ :** ਸ਼੍ਰੀ ਬ੍ਰਹਮ ਮਹਿੰਦਰਾ ਜੀ, ਸੰਸਦੀ ਮਾਮਲਿਆਂ ਬਾਰੇ ਮੰਤਰੀ ਨਿਯਮ 16 ਅਧੀਨ ਪ੍ਰਸਤਾਵ ਪੇਸ਼ ਕਰਨ ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

> ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

> ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

> ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ ।

***ਪ੍ਰਸਤਾਵ ਪ੍ਰਵਾਨ ਹੋਇਆ ।***

-----------

## PAPERS LAID ON THE TABLE OF THE HOUSE

**ਮਾਨਯੋਗ ਸਪੀਕਰ:** ਸੰਸਦੀ ਮਾਮਲੇ ਮੰਤਰੀ ਸਦਨ ਦੀ ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸ਼੍ਰੀਮਾਨ ਜੀ, ਮੈਂ ਸਾਲ 2015-16 ਅਤੇ 2016-17 ਲਈ ਪੰਜਾਬ ਰਾਜ ਖੁਰਾਕ ਕਮਿਸ਼ਨ ਦੀਆਂ ਸਾਲਾਨਾ ਰਿਪੋਰਟਾਂ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਨੈਸ਼ਨਲ ਫੂਡ ਸਕਿਉਰਿਟੀ ਐਕਟ, 2013 ਦੀ ਧਾਰਾ 16 ਦੀ ਉਪ-ਧਾਰਾ 6(ਕ) ਅਧੀਨ ਲੋੜੀਂਦਾ ਹੈ।

-----------

## PRESENTATION OF REPORT OF THE COMMITTEE

**ਮਾਨਯੋਗ ਸਪੀਕਰ :** ਸ਼੍ਰੀ ਨੱਥੂ ਰਾਮ ਜੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਸਬੰਧੀ ਕਮੇਟੀ ਦੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਸਬੰਧੀ ਕਮੇਟੀ (ਸ਼੍ਰੀ ਨੱਥੂ ਰਾਮ):** ਸਪੀਕਰ ਸਾਹਿਬ, ਮੈਂ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਸਬੰਧੀ ਕਮੇਟੀ ਦੁਆਰਾ ਇਹ ਅਧਿਕਾਰ ਦਿੱਤੇ ਜਾਣ ਤੇ ਕਮੇਟੀ ਦੀ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਚਲਾਈਆਂ ਜਾ ਰਹੀਆਂ ਕੇਂਦਰੀ ਪ੍ਰਯੋਜਿਤ ਅਤੇ ਸਟੇਟ ਭਲਾਈ ਸਕੀਮਾਂ ਦੇ ਲਾਭ ਦਿਵਾਉਣ ਬਾਰੇ ਅਤੇ ਰਾਜਸਥਾਨ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਟੇਟ ਭਲਾਈ ਸਕੀਮਾਂ ਨੂੰ ਰਾਜਸਥਾਨ ਸਰਕਾਰ ਦੇ ਪੈਟਰਨ ਤੇ ਲਾਗੂ ਕਰਨ ਸਬੰਧੀ ਸਾਲ 2019-20 ਲਈ ਕਮੇਟੀ ਦੀ 45ਵੀਂ ਰਿਪੋਰਟ ਸਦਨ ਵਿੱਚ ਪੇਸ਼ ਕਰਦਾ ਹਾਂ।

------------

## FINANCIAL BUSINESS

## DISCUSSION AND VOTING ON DEMANDS FOR THE GRANTS RELATING TO THE BUDGET ESTIMATES FOR THE YEAR 2020-21

**ਮਾਨਯੋਗ ਸਪੀਕਰ :** ਅੱਜ ਦੀ ਕਾਰਜਸੂਚੀ ਵਿੱਚ ਸਦਨ ਦੀ ਬਹਿਸ ਅਤੇ ਵੋਟਿੰਗ ਲਈ ਕੁੱਲ 42 ਬਜਟ ਅਨੁਮਾਨਾਂ ਸਬੰਧੀ ਗ੍ਰਾਂਟਾਂ ਲਈ ਮੰਗਾਂ ਹਨ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਸਾਰੀਆਂ ਮੰਗਾਂ ਇਕੱਠੀਆਂ ਹੀ ਪੜ੍ਹੀਆਂ ਅਤੇ ਪ੍ਰਸਤਾਵ ਕੀਤੀਆਂ ਗਈਆਂ ਸਮਝੀਆਂ ਜਾਣ ਅਤੇ ਇਨ੍ਹਾਂ ਨੂੰ ਇਕੱਠੀਆਂ ਹੀ ਬਹਿਸ ਲਈ ਲੈ ਲਿਆ ਜਾਵੇ।

**(ਅਵਾਜ਼ਾਂ :** ਹਾਂ ਜੀ, ਹਾਂ ਜੀ)

### ਮੰਗ ਨੰ:1

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 1,16,76,12,68,000 ਰੁਪਏ ਅਤੇ ਪੂੰਜੀਗਤ ਲੇਖੇ ਤੇ 33,22,28,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਖੇਤੀਬਾੜੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 2**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 5,86,37,70,000 ਰੁਪਏ ਅਤੇ ਪੂੰਜੀਗਤ ਲੇਖੇ ਤੇ 32,66,03,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:3**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 1,57,22,22,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,91,43,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਸਹਿਕਾਰਤਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 4**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 1,26,50,09,000 ਰੁਪਏ ਅਤੇ ਪੂੰਜੀਗਤ ਲੇਖੇ ਤੇ 22,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਰੱਖਿਆਂ ਸੇਵਾਵਾਂ ਦੀ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:5**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 1,23,10,47,32,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,77,38,54,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਸਿੱਖਿਆ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:6**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 1,29,06,50,000 ਰੁਪਏ ਅਤੇ ਪੂੰਜੀਗਤ ਲੇਖੇ ਤੇ 42,35,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਚੋਣਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:7**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 2,21,45,41,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਆਬਕਾਰੀ ਤੇ ਕਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:8**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 3,66,13,89,32,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,79,68,25,10,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:9**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 2,52,63,11,000 ਰੁਪਏ ਅਤੇ ਪੂੰਜੀਗਤ ਲੇਖੇ ਤੇ 6,50,11,20,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਫੂਡ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:10**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 2,65,14,04,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਆਮ ਪ੍ਰਸ਼ਾਸ਼ਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:11**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 37,33,13,70,000 ਰੁਪਏ ਅਤੇ ਪੂੰਜੀਗਤ ਲੇਖੇ ਤੇ 44,69,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:12**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 70,50,12,51,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,45,13,59,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਗ੍ਰਹਿ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:13**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 24,59,55,00,000 ਰੁਪਏ ਅਤੇ ਪੂੰਜੀਗਤ ਲੇਖੇ ਤੇ 11,03,20,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਉਦਯੋਗ ਅਤੇ ਵਣਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:14**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 98,54,64,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:15**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 11,97,33,68,000 ਰੁਪਏ ਅਤੇ ਪੂੰਜੀਗਤ ਲੇਖੇ ਤੇ 13,12,70,83,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਜਲ ਸਰੋਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:16**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 25,80,67,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਕਿਰਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:17**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 29,73,08,10,000 ਰੁਪਏ ਅਤੇ ਪੂੰਜੀਗਤ ਲੇਖੇ ਤੇ 20,52,80,38,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਸਥਾਨਕ ਸਰਕਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:18**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 26,54,46,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,00,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਪਰਸੋਨਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:19**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 64,33,17,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,16,50,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਯੋਜਨਾਬੰਦੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:20**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 17,64,33,69,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,31,58,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਬਿਜਲੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:21**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 6,38,25,46,000 ਰੁਪਏ ਅਤੇ ਪੂੰਜੀਗਤ ਲੇਖੇ ਤੇ 16,37,65,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਲੋਕ ਕਾਰਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:22**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 17,56,47,69,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਮਾਲ ਅਤੇ ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:23**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 23,30,37,53,000 ਰੁਪਏ ਅਤੇ ਪੂੰਜੀਗਤ ਲੇਖੇ ਤੇ 14,99,57,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਪੇਂਡੂ ਵਿਕਾਸ ਅਤੇ ਪੰਚਾਇਤਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:24**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 22,09,42,000 ਰੁਪਏ ਅਤੇ ਪੂੰਜੀਗਤ ਲੇਖੇ ਤੇ 23,66,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਸਾਇੰਸ, ਤਕਨਾਲੋਜੀ ਅਤੇ ਵਾਤਾਵਰਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:25**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 34,17,32,03,000 ਰੁਪਏ ਅਤੇ ਪੂੰਜੀਗਤ ਲੇਖੇ ਤੇ 80,64,60,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:26**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 57,54,68,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਰਾਜ ਵਿਧਾਨ ਮੰਡਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:27**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 3,90,19,10,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,14,36,22,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:28**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 70,93,33,000 ਰੁਪਏ ਅਤੇ ਪੂੰਜੀਗਤ ਲੇਖੇ ਤੇ 3,75,78,43,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:29**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 4,13,69,40,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,61,90,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਟਰਾਂਸਪੋਰਟ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:30**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 56,89,54,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਚੌਕਸੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

[ਮਾਨਯੋਗ ਸਪੀਕਰ]

**ਮੰਗ ਨੰ:31**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 3,19,44,07,000 ਰੁਪਏ ਅਤੇ ਪੂੰਜੀਗਤ ਲੇਖੇ ਤੇ 5,02,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਰੋਜਗਾਰ ਉਤਪੱਤੀ ਅਤੇ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:32**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 5,90,85,61,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਜੰਗਲਾਤ ਅਤੇ ਜੰਗਲੀ ਜੀਵ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:33**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 1,96,52,36,000 ਰੁਪਏ ਅਤੇ ਪੂੰਜੀਗਤ ਲੇਖੇ ਤੇ 28,47,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਪ੍ਰਸ਼ਾਸਕੀ ਸੁਧਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:34**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 1,86,91,70,000 ਰੁਪਏ ਅਤੇ ਪੂੰਜੀਗਤ ਲੇਖੇ ਤੇ 10,50,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਬਾਗਬਾਨੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:35**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 2,40,42,05,000 ਰੁਪਏ ਅਤੇ ਪੂੰਜੀਗਤ ਲੇਖੇ ਤੇ 21,56,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਮਕਾਨ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:36**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 2,64,71,30,000 ਰੁਪਏ ਅਤੇ ਪੂੰਜੀਗਤ ਲੇਖੇ ਤੇ 45,00,03,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਜੇਲ੍ਹਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:37**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 7,48,56,73,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਕਾਨੂੰਨ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:38**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 4,11,38,71,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,85,35,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਡਾਕਟਰੀ ਸਿੱਖਿਆ ਅਤੇ ਖੋਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:39**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 35,87,41,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਛਪਾਈ ਅਤੇ ਲਿਖਣ ਸਮੱਗਰੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:40**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 2,59,64,35,000 ਰੁਪਏ ਅਤੇ ਪੂੰਜੀਗਤ ਲੇਖੇ ਤੇ 10,68,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਖੇਡਾਂ ਅਤੇ ਯੁਵਕ ਸੇਵਾਵਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:41**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 7,55,08,05,000 ਰੁਪਏ ਅਤੇ ਪੂੰਜੀਗਤ ਲੇਖੇ ਤੇ 12,74,01,01,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਜਲ ਸਪਲਾਈ ਅਤੇ ਸੈਨੀਟੇਸ਼ਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ.42**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 8,21,15,73,000 ਰੁਪਏ ਅਤੇ ਪੂੰਜੀਗਤ ਲੇਖੇ ਤੇ 79,60,05,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ :** ਜਿਹੜੇ ਮਾਨਯੋਗ ਮੈਂਬਰ ਜਿਸ ਮੰਗ ਤੇ ਬੋਲਣਾ ਚਾਹੁੰਣ, ਉਸ ਮੰਗ ਦਾ ਜ਼ਿਕਰ ਜ਼ਰੂਰ ਕਰ ਦੇਣ।

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ।)

ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਸਾਰੀਆਂ ਬਜਟ ਅਨੁਮਾਨਾਂ ਸਬੰਧੀ ਗ੍ਰਾਂਟਾਂ ਲਈ ਮੰਗਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਸਾਲ 2020-21 ਲਈ ਪੰਜਾਬ ਸਰਕਾਰ ਦੇ ਖਰਚੇ ਲਈ ਗ੍ਰਾਂਟਾਂ ਲਈ ਮੰਗ ਨੰ: 1 ਤੋਂ 42 ਜੋ ਮਾਲੀਆ ਅਤੇ ਪੂੰਜੀਗਤ ਲੇਖੇ ਤੇ ਕੁੱਲ 1 ਲੱਖ 54 ਹਜਾਰ 805 ਕਰੋੜ, 29 ਲੱਖ ਅਤੇ 22 ਹਜਾਰ ਰੁਪਏ ਤੋਂ ਵੱਧ ਨਾ ਹੋਣ। ਵੱਖ ਵੱਖ ਵਿਭਾਗਾਂ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਜੀ ਨੂੰ ਦਿੱਤੀਆਂ ਜਾਣ।

**ਮੰਗ ਨੰ:1**

ਕਿ ਇਕ ਰਾਸ਼ੀ ਜੋ ਬਜਟ ਅਨੁਮਾਨਾਂ ਦੇ ਮਾਲੀਆ ਲੇਖੇ ਤੇ 1,16,76,12,68,000 ਰੁਪਏ ਅਤੇ ਪੂੰਜੀਗਤ ਲੇਖੇ ਤੇ 33,22,28,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਖੇਤੀਬਾੜੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:2**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 5,86,37,70,000 ਰੁਪਏ ਅਤੇ ਪੂੰਜੀਗਤ ਲੇਖੇ ਤੇ 32,66,03,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:3**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 1,57,22,22,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,91,43,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਸਹਿਕਾਰਤਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 4**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 1,26,50,09,000 ਰੁਪਏ ਅਤੇ ਪੂੰਜੀਗਤ ਲੇਖੇ ਤੇ 22,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਰੱਖਿਆਂ ਸੇਵਾਵਾਂ ਦੀ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:5**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 1,23,10,47,32,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,77,38,54,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਸਿੱਖਿਆ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:6**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 1,29,06,50,000 ਰੁਪਏ ਅਤੇ ਪੂੰਜੀਗਤ ਲੇਖੇ ਤੇ 42,35,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਚੋਣਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:7**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 2,21,45,41,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਆਬਕਾਰੀ ਤੇ ਕਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:8**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 3,66,13,89,32,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,79,68,25,10,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:9**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 2,52,63,11,000 ਰੁਪਏ ਅਤੇ ਪੂੰਜੀਗਤ ਲੇਖੇ ਤੇ 6,50,11,20,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਫੂਡ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

[ਮਾਨਯੋਗ ਸਪੀਕਰ]

**ਮੰਗ ਨੰ:10**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 2,65,14,04,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਆਮ ਪ੍ਰਸ਼ਾਸ਼ਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:11**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 37,33,13,70,000 ਰੁਪਏ ਅਤੇ ਪੂੰਜੀਗਤ ਲੇਖੇ ਤੇ 44,69,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:12**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 70,50,12,51,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,45,13,59,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਗ੍ਰਹਿ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:13**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 24,59,55,00,000 ਰੁਪਏ ਅਤੇ ਪੂੰਜੀਗਤ ਲੇਖੇ ਤੇ 11,03,20,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਉਦਯੋਗ ਅਤੇ ਵਣਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:14**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 98,54,64,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:15**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 11,97,33,68,000 ਰੁਪਏ ਅਤੇ ਪੂੰਜੀਗਤ ਲੇਖੇ ਤੇ 13,12,70,83,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਜਲ ਸਰੋਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:16**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 25,80,67,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਕਿਰਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:17**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 29,73,08,10,000 ਰੁਪਏ ਅਤੇ ਪੂੰਜੀਗਤ ਲੇਖੇ ਤੇ 20,52,80,38,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਸਥਾਨਕ ਸਰਕਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:18**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 26,54,46,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,00,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਪਰਸੋਨਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:19**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 64,33,17,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,16,50,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਯੋਜਨਾਬੰਦੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:20**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 17,64,33,69,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,31,58,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਬਿਜਲੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:21**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 6,38,25,46,000 ਰੁਪਏ ਅਤੇ ਪੂੰਜੀਗਤ ਲੇਖੇ ਤੇ 16,37,65,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਲੋਕ ਕਾਰਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

[ਮਾਨਯੋਗ ਸਪੀਕਰ]

**ਮੰਗ ਨੰ:22**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 17,56,47,69,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਮਾਲ ਅਤੇ ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:23**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 23,30,37,53,000 ਰੁਪਏ ਅਤੇ ਪੂੰਜੀਗਤ ਲੇਖੇ ਤੇ 14,99,57,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਪੇਂਡੂ ਵਿਕਾਸ ਅਤੇ ਪੰਚਾਇਤਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:24**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 22,09,42,000 ਰੁਪਏ ਅਤੇ ਪੂੰਜੀਗਤ ਲੇਖੇ ਤੇ 23,66,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਸਾਇੰਸ, ਤਕਨਾਲੋਜੀ ਅਤੇ ਵਾਤਾਵਰਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:25**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 34,17,32,03,000 ਰੁਪਏ ਅਤੇ ਪੂੰਜੀਗਤ ਲੇਖੇ ਤੇ 80,64,60,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:26**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 57,54,68,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਰਾਜ ਵਿਧਾਨ ਮੰਡਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:27**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 3,90,19,10,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,14,36,22,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:28**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 70,93,33,000 ਰੁਪਏ ਅਤੇ ਪੂੰਜੀਗਤ ਲੇਖੇ ਤੇ 3,75,78,43,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:29**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 4,13,69,40,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,61,90,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਟਰਾਂਸਪੋਰਟ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:30**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 56,89,54,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਚੌਕਸੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:31**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 3,19,44,07,000 ਰੁਪਏ ਅਤੇ ਪੂੰਜੀਗਤ ਲੇਖੇ ਤੇ 5,02,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਰੋਜਗਾਰ ਉਤਪੱਤੀ ਅਤੇ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:32**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 5,90,85,61,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਜੰਗਲਾਤ ਅਤੇ ਜੰਗਲੀ ਜੀਵ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:33**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 1,96,52,36,000 ਰੁਪਏ ਅਤੇ ਪੂੰਜੀਗਤ ਲੇਖੇ ਤੇ 28,47,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਪ੍ਰਸ਼ਾਸਕੀ ਸੁਧਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:34**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 1,86,91,70,000 ਰੁਪਏ ਅਤੇ ਪੂੰਜੀਗਤ ਲੇਖੇ ਤੇ 10,50,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਬਾਗਬਾਨੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:35**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 2,40,42,05,000 ਰੁਪਏ ਅਤੇ ਪੂੰਜੀਗਤ ਲੇਖੇ ਤੇ 21,56,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਮਕਾਨ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:36**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 2,64,71,30,000 ਰੁਪਏ ਅਤੇ ਪੂੰਜੀਗਤ ਲੇਖੇ ਤੇ 45,00,03,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਜੇਲ੍ਹਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:37**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 7,48,56,73,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਕਾਨੂੰਨ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:38**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 4,11,38,71,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,85,35,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਡਾਕਟਰੀ ਸਿੱਖਿਆ ਅਤੇ ਖੋਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:39**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 35,87,41,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਛਪਾਈ ਅਤੇ ਲਿਖਣ ਸਮੱਗਰੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:40**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 2,59,64,35,000 ਰੁਪਏ ਅਤੇ ਪੂੰਜੀਗਤ ਲੇਖੇ ਤੇ 10,68,00,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਖੇਡਾਂ ਅਤੇ ਯੁਵਕ ਸੇਵਾਵਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:41**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 7,55,08,05,000 ਰੁਪਏ ਅਤੇ ਪੂੰਜੀਗਤ ਲੇਖੇ ਤੇ 12,74,01,01,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਜਲ ਸਪਲਾਈ ਅਤੇ ਸੈਨੀਟੇਸ਼ਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ:42**

ਕਿ ਇਕ ਰਾਸ਼ੀ ਜੋ ਮਾਲੀਆ ਲੇਖੇ ਤੇ 8,21,15,73,000 ਰੁਪਏ ਅਤੇ ਪੂੰਜੀਗਤ ਲੇਖੇ ਤੇ 79,60,05,000 ਰੁਪਏ ਤੋਂ ਵੱਧ ਨਾ ਹੋਵੇ, ਸਾਲ 2020-21 ਲਈ ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

------------

## THE PUNJAB APPROPRIATION (No.2) BILL, 2020

**ਮਾਨਯੋਗ ਸਪੀਕਰ :** ਵਿੱਤ ਮੰਤਰੀ ਜੀ, ਹੁਣ ਪੰਜਾਬ ਨਮਿੱਤਣ (ਨੰ:2) ਬਿਲ, 2020 ਪੇਸ਼ ਕਰਨ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ) :** ਸ਼੍ਰੀਮਾਨ ਜੀ, ਮੈਂ ਪੰਜਾਬ ਨਮਿੱਤਣ (ਨੰ: 2) ਬਿਲ, 2020 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਨਮਿੱਤਣ (ਨੰ: 2) ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਨਮਿੱਤਣ (ਨੰ: 2) ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਨਮਿੱਤਣ (ਨੰ: 2) ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ਾਂ 2 ਤੋਂ 4**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 4 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(**ਆਵਾਜ਼ਾਂ** : ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਤੋਂ 4 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸ਼ਡਿਊਲ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸ਼ਡਿਊਲ ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਵਿੱਤ ਮੰਤਰੀ ਜੀ, ਬਿਲ ਪਾਸ ਕਰਨ ਲਈ ਪ੍ਰਸਤਾਵ ਕਰਨਗੇ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਨਮਿੱਤਣ (ਨੰ: 2) ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਨਮਿੱਤਣ (ਨੰ: 2) ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਪੰਜਾਬ ਨਮਿੱਤਣ (ਨੰ: 2) ਬਿਲ, 2020 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

------------

## MOTION REGARDING CONSTITUTION OF ELECTED COMMITTEES FOR THE YEAR 2020-21

**ਮਾਨਯੋਗ ਸਪੀਕਰ :** ਹੁਣ ਸੰਸਦੀ ਮਾਮਲੇ ਮੰਤਰੀ ਸਾਲ 2020-21 ਲਈ ਚੁਣੀਆਂ ਜਾਣ ਵਾਲੀਆਂ ਕਮੇਟੀਆਂ ਦੇ ਗਠਨ ਸਬੰਧੀ ਪ੍ਰਸਤਾਵ ਕਰਨਗੇ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

"ਕਿ ਕਿਉਂਜੋ ਸਾਲ 2020-21 ਲਈ -

1. ਲੋਕ ਲੇਖਾ ਕਮੇਟੀ;

2. ਅਨੁਮਾਨ ਕਮੇਟੀ;

3. ਸਰਕਾਰੀ ਕਾਰੋਬਾਰ ਕਮੇਟੀ; ਅਤੇ

4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਸਬੰਧੀ ਕਮੇਟੀ

ਲਈ ਚੋਣਾਂ 31 ਮਾਰਚ, 2020 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਾਧਾਰਨ ਰੂਪ ਵਿਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ;

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿਚ ਵੱਖ-ਵੱਖ ਪਾਰਟੀਆਂ /ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2020-21 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸ ਦੇ ਉਲਟ ਹੋਣ, ਮੁਅੱਤਲ ਰਹਿਣਗੇ।"

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

"ਕਿ ਕਿਉਂਜੋ ਸਾਲ 2020-21 ਲਈ -

1. ਲੋਕ ਲੇਖਾ ਕਮੇਟੀ;

2. ਅਨੁਮਾਨ ਕਮੇਟੀ;

3. ਸਰਕਾਰੀ ਕਾਰੋਬਾਰ ਕਮੇਟੀ; ਅਤੇ

4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਸਬੰਧੀ ਕਮੇਟੀ

ਲਈ ਚੋਣਾਂ 31 ਮਾਰਚ, 2020 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਾਧਾਰਨ ਰੂਪ ਵਿਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ;

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿਚ ਵੱਖ-ਵੱਖ ਪਾਰਟੀਆਂ /ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2020-21 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸਦੇ ਉਲਟ ਹੋਣ, ਮੁਅੱਤਲ ਰਹਿਣਗੇ।"

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

"ਕਿ ਕਿਉਂਜੋ ਸਾਲ 2020-21 ਲਈ -

1. ਲੋਕ ਲੇਖਾ ਕਮੇਟੀ;

2. ਅਨੁਮਾਨ ਕਮੇਟੀ;

3. ਸਰਕਾਰੀ ਕਾਰੋਬਾਰ ਕਮੇਟੀ; ਅਤੇ

4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਸਬੰਧੀ ਕਮੇਟੀ

ਲਈ ਚੋਣਾਂ 31 ਮਾਰਚ, 2020 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਾਧਾਰਨ ਰੂਪ ਵਿਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ;

[ਮਾਨਯੋਗ ਸਪੀਕਰ]

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿਚ ਵੱਖ-ਵੱਖ ਪਾਰਟੀਆਂ /ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2020-21 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸਦੇ ਉਲਟ ਹੋਣ, ਮੁਅੱਤਲ ਰਹਿਣਗੇ"

***ਪ੍ਰਸਤਾਵ ਪ੍ਰਵਾਨ ਹੋਇਆ।***

------------

**LEGISLATIVE BUSINESS**

**1. THE PUNJAB PRIVATE HEALTH SCIENCES EDUCATIONAL INSTITUTIONS (REGULATION OF ADMISSION, FIXATION OF FEE AND MAKING OF RESERVATION) AMENDMENT BILL, 2020**

**ਮਾਨਯੋਗ ਸਪੀਕਰ:** ਮੈਡੀਕਲ ਸਿੱਖਿਆਂ ਅਤੇ ਖੋਜ ਮੰਤਰੀ ਬਿਲ, ਪੇਸ਼ ਕਰਨ।

**ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ (ਸ਼੍ਰੀ ਓਮ ਪ੍ਰਕਾਸ਼ ਸੋਨੀ):** ਸ਼੍ਰੀਮਾਨ ਜੀ, ਮੈਂ ਦਿ ਪੰਜਾਬ ਪ੍ਰਾਈਵੇਟ ਹੈਲਥ ਸਾਇੰਸਜ਼ ਐਜੂਕੇਸ਼ਨਲ ਇੰਸਟੀਚਿਊਸ਼ਨਜ਼ (ਰੈਗੂਲੇਸ਼ਨ ਆਫ ਐਡਮਿਸ਼ਨ, ਫਿਕਸੇਸ਼ਨ ਆਫ ਫੀ ਐਂਡ ਮੇਕਿੰਗ ਆਫ ਰਿਜ਼ਰਵੇਸ਼ਨ) ਸੋਧ ਬਿਲ, 2020 ਪੇਸ਼ ਕਰਦਾ ਹਾਂ ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਦਿ ਪੰਜਾਬ ਪ੍ਰਾਈਵੇਟ ਹੈਲਥ ਸਾਇੰਸਜ਼ ਐਜੂਕੇਸ਼ਨਲ ਇੰਸਟੀਚਿਊਸ਼ਨਜ਼ (ਰੈਗੂਲੇਸ਼ਨ ਆਫ ਐਡਮਿਸ਼ਨ, ਫਿਕਸੇਸ਼ਨ ਆਫ ਫੀ ਐਂਡ ਮੇਕਿੰਗ ਆਫ ਰਿਜ਼ਰਵੇਸ਼ਨ) ਸੋਧ ਬਿਲ, 2020 ਉੱਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਦਿ ਪੰਜਾਬ ਪ੍ਰਾਈਵੇਟ ਹੈਲਥ ਸਾਇੰਸਜ਼ ਐਜੂਕੇਸ਼ਨਲ ਇੰਸਟੀਚਿਊਸ਼ਨਜ਼ (ਰੈਗੂਲੇਸ਼ਨ ਆਫ ਐਡਮਿਸ਼ਨ, ਫਿਕਸੇਸ਼ਨ ਆਫ ਫੀ ਐਂਡ ਮੇਕਿੰਗ ਆਫ ਰਿਜ਼ਰਵੇਸ਼ਨ) ਸੋਧ ਬਿਲ, 2020 ਉੱਤੇ ਤੁਰੰਤ ਵਿਚਾਰ ਕੀਤਾ ਜਾਵੇ।

ਹਾਂ ਜੀ, ਬੈਂਸ ਸਾਹਿਬ, ਤੁਸੀਂ ਕੁਝ ਬੋਲਣਾ ਹੈ? ਹਾਂ ਜੀ, ਬੋਲੋ ਜੀ।

**ਸਰਦਾਰ ਸਿਮਰਜੀਤ ਸਿੰਘ ਬੈਂਸ (ਆਤਮ ਨਗਰ) :** ਸ਼ੁਕਰੀਆ ਸਪੀਕਰ ਸਾਹਿਬ, ਤੁਸੀਂ ਅੱਜ ਸਵੇਰ ਦੀ ਅੱਖ ਹੀ ਨਹੀਂ ਮਿਲਾਈ। ਜਿਹੜੇ ਬੰਦਿਆਂ ਨਾਲ ਅੱਖ ਜ਼ਿਆਦਾ ਮਿਲਾਉਂਦੇ ਹੋ ਉਹ ਜ਼ਿਆਦਾ ਆਪਣੇ ਆਪ ਨੂੰ ਭਾਰੇ ਸਮਝਣ ਲੱਗ ਪਏ। ਸਾਨੂੰ ਕਈ ਵਾਰੀ ਇਹ ਮਹਿਸੂਸ ਹੁੰਦਾ ਹੈ ਕਿ ਇਨ੍ਹਾਂ ਨੂੰ ਤੁਸੀਂ ਬੜਾ ਸੱਜੇ ਹੱਥ ਰੱਖ ਕੇ ਟਾਈਮ ਜ਼ਿਆਦਾ ਦੇ ਦਿੰਦੇ ਹੋ।

**ਮਾਨਯੋਗ ਸਪੀਕਰ :** ਨਹੀਂ ਜੀ, ਅਜਿਹੀ ਕੋਈ ਗੱਲ ਨਹੀਂ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸ਼ੁਕਰੀਆ ਜੀ। ਮਿਹਰਬਾਨੀ। ਸੋ, ਸਪੀਕਰ ਸਾਹਿਬ, ਇਹ ਜਿਹੜਾ ਅਮੈਂਡਮੈਂਟ ਬਿਲ ਆਇਆ ਹੈ, ਇਸ ਦੇ ਉੱਤੇ ਥੋੜ੍ਹਾ ਜਿਹਾ, ਦੋ ਕੁ ਮਿੰਟ ਮੈਂ ਲੈਣੇ ਹਨ। ਪੰਜਾਬ ਦੇ ਅੰਦਰ ਜਿਹੜਾ ਮੈਡੀਕਲ, ਸਾਇੰਸ, ਐਮ.ਬੀ.ਬੀ.ਐਸ., ਐਮ.ਡੀ., ਬੀ.ਡੀ.ਐਸ. ਜਾਂ ਦੂਸਰੀਆਂ ਜਿਹੜੀਆਂ ਸਾਇੰਸਾਂ ਦੀ ਪੜ੍ਹਾਈ ਹੈ, ਉਸ ਵਿੱਚ ਸਰਕਾਰ ਨੇ ਫੀਸਾਂ ਨਿਰਧਾਰਤ ਕਰ ਦਿੱਤੀਆਂ ਹਨ, ਤਕਰੀਬਨ ਪੰਜਾਬ ਅੰਦਰ ਜਿੰਨੇ ਪ੍ਰਾਈਵੇਟ ਕਾਲਜ ਹਨ, ਯੂਨੀਵਰਸਿਟੀਆਂ ਹਨ, ਉਹ ਸਰਕਾਰ ਵੱਲੋਂ ਨਿਰਧਾਰਤ ਕੀਤੀਆਂ ਫੀਸਾਂ ਅਨੁਸਾਰ ਹੀ ਸਟੂਡੈਂਟਾਂ ਦੇ ਕੋਲੋਂ ਫੀਸਾਂ ਦੇ ਰੂਪ ਵਿੱਚ ਉਗਰਾਹੀ ਕਰਦੇ ਹਨ ਪਰ ਸਰ, ਸਿਰਫ ਤੇ ਸਿਰਫ ਗੁਰੂ ਰਾਮਦਾਸ ਮੈਡੀਕਲ ਕਾਲਜ, ਹੁਣ ਤਾਂ ਉਹ ਅਟਾਨਮਸ ਬਾਡੀ ਹੋ ਗਿਆ ਹੈ। ਸਰ, ਤੁਸੀਂ ਹੈਰਾਨ ਰਹਿ ਜਾਉਗੇ, ਹੁਣ ਇਸ ਬਿਲ ਦੇ ਵਿਚ ਇਕਸਾਰਤਾ ਤਾਂ ਆ ਜਾਵੇਗੀ ਪਰ ਜਿਹੜੇ ਸਟੂਡੈਂਟ ਪਹਿਲਾਂ ਵੱਧ ਫੀਸ ਭਰ ਚੁੱਕੇ ਹਨ, ਗੁਰੂ ਰਾਮਦਾਸ ਮੈਡੀਕਲ ਕਾਲਜ ਜਿਹੜਾ ਹੁਣ ਅਟਾਨਮਸ ਬਾਡੀ ਹੈ, ਜਿਸ ਦਾ ਸਾਰਾ ਪ੍ਰਬੰਧ ਸੰਗਤ ਦੇ ਦਿੱਤੇ ਹੋਏ ਇੱਕ-ਇੱਕ ਰੁਪਏ ਮਤਲਬ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਲ ਹੈ। ਇੱਕ-ਇੱਕ ਰੁਪਏ ਦੇ ਨਾਲ, ਸੰਗਤ ਦੇ ਪੈਸਿਆਂ ਨਾਲ ਇਹ ਕਾਲਜ ਚਲਦਾ ਹੈ। ਸਰ, ਤੁਸੀਂ ਹੈਰਾਨ ਰਹਿ ਜਾਉਗੇ ਕਿ ਐਮ.ਡੀ. ਵਾਸਤੇ ਜਿਹੜੀ ਪੂਰੇ ਕੋਰਸ ਦੀ ਫੀਸ ਹੈ, ਉਹ ਲੁਧਿਆਣੇ ਦੇ ਅੰਦਰ ਦਇਆ ਨੰਦ ਮੈਡੀਕਲ ਕਾਲਜ ਵਿੱਚ 25 ਲੱਖ 11 ਹਜ਼ਾਰ 500, ਲੁਧਿਆਣੇ ਦੇ ਅੰਦਰ ਕ੍ਰਿਸ਼ਚੀਅਨ ਮੈਡੀਕਲ ਕਾਲਜ ਵਿੱਚ 24 ਲੱਖ 21 ਹਜ਼ਾਰ 500

[ਸਰਦਾਰ ਸਿਮਰਜੀਤ ਸਿੰਘ ਬੈਂਸ]
ਰੁਪਏ ਹੈ ਪਰ ਗੁਰੂ ਰਾਮਦਾਸ ਮੈਡੀਕਲ ਕਾਲਜ ਵਿੱਚ 42 ਲੱਖ 89 ਹਜ਼ਾਰ 675 ਰੁਪਏ ਹੈ। ਸਪੀਕਰ ਸਾਹਿਬ, ਇਸੇ ਤਰ੍ਹਾਂ ਹੀ ਜਿਹੜੀ ਐਮ.ਬੀ.ਬੀ.ਐਸ. ਦੀ ਪੜ੍ਹਾਈ ਦਾ ਖਰਚਾ ਹੈ, ਉਸ ਵਿੱਚ ਜੇ ਦਇਆ ਨੰਦ ਮੈਡੀਕਲ ਕਾਲਜ ਦੀ ਗੱਲ ਕਰਦਾ ਹਾਂ ਤਾਂ 47 ਲੱਖ 19 ਹਜ਼ਾਰ 366, ਜੇ ਗੁਰੂ ਰਾਮਦਾਸ ਮੈਡੀਕਲ ਇੰਸਟੀਚਿਊਟ ਦੀ ਗੱਲ ਕਰਦਾ ਹਾਂ ਤਾਂ 57 ਲੱਖ 18 ਹਜ਼ਾਰ 66 ਰੁਪਏ ਹੈ। ਸਪੀਕਰ ਸਾਹਿਬ, ਹੁਣ ਇਸ ਅਮੈਂਡਮੈਂਟ ਬਿਲ ਨਾਲ ਇਕਸਾਰਤਾ ਆ ਜਾਵੇਗੀ ਪਰ ਜਿਹੜੇ ਸਾਡੇ ਪੰਜਾਬ ਦੇ ਮਾੜ੍ਹੜ ਲੋਕਾਂ ਦੇ ਬੱਚਿਆਂ ਨੇ ਗੁਰੂ ਰਾਮਦਾਸ ਮੈਡੀਕਲ ਕਾਲਜ ਤੋਂ, ਇਸ ਬਿਲ ਦੇ ਆਉਣ ਤੋਂ ਪਹਿਲਾਂ ਫੀਸਾਂ ਭਰੀਆਂ ਹਨ, ਉਨ੍ਹਾਂ ਲਈ ਵੀ ਪ੍ਰਾਵਧਾਨ ਹੋਣਾ ਚਾਹੀਦਾ ਹੈ ਅਤੇ ਉਹ ਵਾਧੂ ਪੈਸਾ ਰਿਫੰਡ ਹੋਣਾ ਚਾਹੀਦਾ ਹੈ। ਸਰ, ਦੂਸਰੀ ਸਨਿਮਰ ਬੇਨਤੀ ਹੈ, ਅੱਜ ਇੱਥੇ ਸਪੋਰਟਸ ਮਨਿਸਟਰ ਸਾਹਿਬ ਨਹੀਂ ਹਨ। ਜਦੋਂ ਵੀ ਕਿਸੇ ਮੈਡੀਕਲ ਜਾਂ ਮੈਡੀਕਲ ਤੋਂ ਇਲਾਵਾ ਹੋਰ ਕਾਲਜ ਵਿੱਚ ਵਿਦਿਆਰਥੀਆਂ ਨੇ ਦਾਖਲਾ ਲੈਣਾ ਹੈ ਤਾਂ ਸਰ, ਉਥੇ ਸਪੋਰਟਸ ਕੋਟਾ ਹੈ ਅਤੇ ਸਪੋਰਟਸ ਮਨਿਸਟਰ ਸਾਹਿਬ ਖੁਦ ਖਿਡਾਰੀ ਰਹੇ ਹਨ, ਬੜਾ ਵਧੀਆ ਉਨ੍ਹਾਂ ਨੇ ਐਤਕੀਂ ਸਾਰਾ ਕੁਝ ਦੱਸਿਆ ਵੀ ਹੈ। ਐਮ.ਬੀ.ਬੀ.ਐਸ. ਤੇ ਐਮ.ਡੀ. ਦੇ ਦਾਖਲੇ ਵਿੱਚ ਕਿਸੇ ਸਪੋਰਟਸ ਵਿੱਚ ਜਿਨ੍ਹਾਂ ਨੇ ਨੈਸ਼ਨਲ ਪੱਧਰ ਉਤੇ ਗੋਲਡ, ਬਰੋਨਜ਼, ਸਿਲਵਰ ਮੈਡਲ ਪ੍ਰਾਪਤ ਕੀਤੇ ਹਨ, ਉਨ੍ਹਾਂ ਨੂੰ ਸਪੋਰਟਸ ਕੋਟੇ ਤੋਂ ਵਾਂਝਾ ਕਰ ਦਿੱਤਾ। ਹਾਈਕੋਰਟ ਵਿੱਚ ਕੇਸ ਚੱਲਿਆ ਜਿੱਥੇ ਮਿਸਟਰ ਡੀ.ਕੇ. ਤਿਵਾੜੀ ਹਾਈਕੋਰਟ ਨੂੰ ਰਿਟਨ ਵਿੱਚ ਗੁੰਮਰਾਹਕੁਨ ਸਟੇਟਮੈਂਟ ਦੇ ਕੇ ਆਏ ਹਨ ਜਿਸ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਕੋਲ ਕੋਈ ਸਪੋਰਟਸ ਪਾਲਿਸੀ ਨਹੀਂ ਹੈ। ਮੇਰੇ ਕੋਲ ਮਾਨਯੋਗ ਹਾਈਕੋਰਟ ਦਾ ਉਹ ਆਰਡਰ ਹੈ ਜਿਹੜਾ ਮਿਸਟਰ ਡੀ.ਕੇ. ਤਿਵਾੜੀ, ਸਕੱਤਰ ਸਾਹਿਬ ਦੀ ਸਟੇਟਮੈਂਟ ਤੋਂ ਬਾਅਦ ਹਾਈਕੋਰਟ ਨੇ ਦਿੱਤਾ ਹੈ ਅਤੇ ਜਿਹੜੇ ਸਪੋਰਟਸ ਕੋਟੇ ਵਾਲੇ deserving ਬੱਚੇ ਸਨ, ਉਨ੍ਹਾਂ ਦੇ ਪੇਰੈਂਟਸ ਤਿਵਾੜੀ ਸਾਹਿਬ ਕੋਲ ਗਏ ਤਾਂ ਸਤਿਕਾਰਯੋਗ ਸਕੱਤਰ ਸਾਹਿਬ ਕਹਿਣ ਲੱਗੇ ਕਿ ਮੈਂ ਡਾਕਟਰ ਬਣਾਉਣੇ ਹਨ, ਕੋਚ ਨਹੀਂ ਬਣਾਉਣੇ। ਸਪੀਕਰ ਸਾਹਿਬ, players, sportsman ਜਿਨ੍ਹਾਂ ਲਈ ਆਪਣੀ ਖੇਡ ਦੇ ਬਲਬੂਤੇ ਤੇ ਇੰਡੀਆ ਵਿੱਚ ਹਰੇਕ ਦਾਖਲੇ ਵਿੱਚ ਕੋਟਾ ਫਿਕਸ ਹੈ ਪਰ ਸਿਰਫ ਤੇ ਸਿਰਫ MBBS, MD ਦੇ ਦਾਖਲੇ ਵਿੱਚ ਇਨ੍ਹਾਂ ਦੇ ਸਕੱਤਰ ਸਾਹਿਬ ਦੀ ਸਟੇਟਮੈਂਟ ਅਨੁਸਾਰ sports quota ਨਹੀਂ ਹੈ। ਜਦੋਂ ਬੱਚਿਆਂ ਦੇ ਪੇਰੈਂਟਸ ਦੁਬਾਰਾ ਹਾਈਕੋਰਟ ਗਏ ਤਾਂ ਹਾਈਕੋਰਟ ਨੇ ਇਹ ਗੱਲ ਆਪਣੇ ਹੁਕਮ ਵਿੱਚ ਮੰਨੀ ਹੈ ਕਿ ਸਰਕਾਰ ਨੇ ਹਾਈਕੋਰਟ ਨੂੰ ਗੁੰਮਰਾਹ ਕੀਤਾ ਹੈ। ਹੁਣ ਪੇਰੈਂਟਸ ਬੱਚਿਆਂ ਦੇ ਦਾਖਲੇ ਵਾਸਤੇ ਸੁਪਰੀਮ ਕੋਰਟ ਵਿੱਚ ਹਨ। ਮੇਰੀ ਤੁਹਾਡੇ ਜ਼ਰੀਏ ਸਤਿਕਾਰਯੋਗ ਮੰਤਰੀ ਸਾਹਿਬ ਨੂੰ ਅਤੇ ਸਤਿਕਾਰਯੋਗ ਸਪੋਰਟਸ ਮਨਿਸਟਰ ਸਾਹਿਬ, ਦੋਹਾਂ ਮੰਤਰੀ ਸਾਹਿਬਾਨ ਨੂੰ ਬੇਨਤੀ ਹੈ ਕਿ ਸਪੋਰਟਸਮੈਨ ਦਾ

ਆਪਣਾ ਕੋਟਾ ਹੈ, ਇਹ ਦੋਵੇਂ ਗੱਲਾਂ ਬਹੁਤ ਜ਼ਰੂਰੀ ਹਨ। ਗੁਰੂ ਰਾਮਦਾਸ ਮੈਡੀਕਲ ਇੰਸਟੀਚਿਊਟ ਨੇ ਪਿਛੋਕੜ ਵਿੱਚ ਜਿਹੜੇ ਵੱਧ ਚਾਰਜ ਕੀਤੇ ਹਨ, ਉਨ੍ਹਾਂ ਦਾ ਕੀ ਹੋਵੇਗਾ? ਦੂਜਾ, MBBS, MD ਦੀ ਪੜ੍ਹਾਈ ਵਾਸਤੇ ਸਪੋਰਟਸ ਕੋਟਾ ਦਿੱਤਾ ਜਾਂਦਾ ਹੈ, ਉਹ ਕਿਰਪਾ ਕਰਕੇ ਜ਼ਰੂਰ ਨਿਸ਼ਚਿਤ ਕੀਤਾ ਜਾਵੇ।

**ਮਾਨਯੋਗ ਸਪੀਕਰ :** ਤੁਹਾਡੇ ਦੋਵੇਂ ਇਸ਼ੂ ਆ ਗਏ ਹਨ।

**ਸ਼੍ਰੀ ਬੁੱਧ ਰਾਮ (ਬੁੱਢਲਾਡਾ,ਐਸ.ਸੀ.) :** ਧੰਨਵਾਦ, ਸਪੀਕਰ ਸਾਹਿਬ। The Punjab Private Health Sciences Educational Institutions ਬਿਲ ਦੇ ਸਬੰਧ ਵਿੱਚ ਆਪਾਂ ਗੱਲ ਕਰ ਰਹੇ ਹਾਂ। ਸਰ, ਇਸ ਦੇ ਮੂਲ ਸੈਕਸ਼ਨ 6 ਵਿੱਚ ਲਿਖਿਆ ਗਿਆ ਹੈ ਕਿ, The Management Category for Advancement and Socially Educational Backward Classes ਦੇ ਵਿੱਚ ਜਿਹੜੀ Reservation ਹੈ, ਉਸ ਸਬੰਧੀ ਮੈਂ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਨੂੰ ensure ਕਰੋ ਕਿ ਕੀ ਇਨ੍ਹਾਂ ਪ੍ਰਾਈਵੇਟ ਅਦਾਰਿਆਂ ਵਿੱਚ ਐਸ.ਸੀ./ਬੀ.ਸੀ. ਲਈ ਰਿਜ਼ਰਵੇਸ਼ਨ ਲਾਗੂ ਹੋਵੇ ਗੀ? ਮੈਂ ਇਹ ਖਦਸ਼ਾ ਤਾਂ ਜ਼ਾਹਿਰ ਕਰ ਰਿਹਾ ਹਾਂ ਕਿ ਸਾਡੇ ਬੁਢਲਾਡਾ ਵਿੱਚ ਗੁਰੂ ਰਾਮਦਾਸ ਕਾਲਜ ਹੈ, ਉਨ੍ਹਾਂ ਨੇ ਪੋਸਟਾਂ ਕੱਢੀਆਂ ਹਨ, ਆਪਾਂ ਪ੍ਰਾਈਵੇਟ ਮੈਨੇਜਮੈਂਟ ਦੀ ਗੱਲ ਕਰ ਰਹੇ ਹਾਂ, ਉਨ੍ਹਾਂ ਪੋਸਟਾਂ ਦੀ ਐਡਵਰਟਾਈਜ਼ਮੈਂਟ ਵਿੱਚ ਜ਼ਰੂਰ ਲਿਖਿਆ ਗਿਆ ਹੈ ਕਿ ਰਿਜ਼ਰਵੇਸ਼ਨ ਦੇਵਾਂਗੇ ਪਰੰਤੂ ਪਰਸੋਂ ਉਨ੍ਹਾਂ ਦਾ ਰਿਜ਼ਲਟ ਆਇਆ ਹੈ ਅਤੇ ਉਸ ਵਿੱਚ ਐਸ.ਸੀ./ਬੀ.ਸੀ. ਨੂੰ ਕਿਸੇ ਵੀ ਪ੍ਰਕਾਰ ਦੀ ਪ੍ਰਤੀਨਿਧਤਾ ਨਹੀਂ ਦਿੱਤੀ ਗਈ। ਸਰ, ਪਿਛਲੀ ਵਾਰੀ ਗੱਲ ਇਹ ਹੋਈ ਕਿ NEET ਦੇ ਪੇਪਰਾਂ ਵਿੱਚ ਜਿੱਥੇ ਜਨਰਲ ਕੈਟਾਗਰੀ ਵਾਲੇ ਦੀ 398 ਦੇ ਕਰੀਬ ਮੈਰਿਟ ਆਈ ਹੈ, ਐਸ.ਸੀ. ਕੈਟਾਗਰੀ ਵਾਲੇ ਦੀ 352 ਆਈ ਹੈ ਪਰੰਤੂ ਮੈਨੇਜਮੈਂਟ ਕੋਟਾ ਜਿਹੜਾ ਕਿ 20 ਲੱਖ ਜਾਂ 30 ਲੱਖ ਰੁਪਿਆ ਲੈ ਕੇ ਸੀਟ ਦਿੱਤੀ ਜਾਂਦੀ ਹੈ, ਉਸ ਦੀ 211 ਮੈਰਿਟ ਆਈ ਹੈ। ਮੈਂ ਸਮਝਦਾ ਹਾਂ ਕਿ 211 ਦੀ ਮੈਰਿਟ ਨਾਲ ਜਨਰਲ ਕੈਟਾਗਰੀ ਵਾਲੇ ਪੈਸੇ ਦੇ ਕੇ ਸੀਟਾਂ ਲੈ ਜਾਂਦੇ ਹਨ। ਜਦੋਂ ਕਿਤੇ ਐਸ.ਸੀ. ਕੈਟਾਗਰੀ ਤੇ ਦਬਾਅ ਪਾਉਣਾ ਹੁੰਦਾ ਹੈ ਤਾਂ ਕਿਹਾ ਜਾਂਦਾ ਹੈ ਕਿ ਐਸ.ਸੀ. ਕੈਟਾਗਰੀ ਵਾਲੇ ਘੱਟ ਮੈਰਿਟ ਵਾਲੇ ਆਉਂਦੇ ਹਨ, ਇਸ ਕਰਕੇ ਸਿਸਟਮ ਖਰਾਬ ਹੁੰਦਾ ਹੈ। ਜਦੋਂ ਕਿ ਐਸ.ਸੀ. ਕੈਟਾਗਰੀ ਦੀ ਮੈਰਿਟ ਮੈਨੇਜਮੈਂਟ ਕੋਟੇ ਤੋਂ ਕਿਤੇ ਜ਼ਿਆਦਾ up ਹੁੰਦੀ ਹੈ। ਮੈਂ ਸਮਝਦਾ ਹਾਂ ਕਿ ਵੱਧ ਪੈਸੇ ਲੈ ਕੇ ਜਿਹੜਾ ਇਹ ਕੋਟਾ ਦਿੱਤਾ ਜਾਂਦਾ ਹੈ, ਉਨ੍ਹਾਂ ਦਾ ਵੀ ਖਿਆਲ ਰੱਖਿਆ ਜਾਵੇ, ਮੈਰਿਟ ਦਾ ਖਿਆਲ ਰੱਖਿਆ ਜਾਵੇ ਤਾਂ ਜੋ ਮੈਡੀਕਲ ਇੰਸਟੀਚਿਊਸ਼ਨਜ਼ ਵਿੱਚ ਡਾਕਟਰੀ ਦੀ ਪੜ੍ਹਾਈ ਦਾ ਕੰਮ ਠੀਕ ਤਰੀਕੇ ਨਾਲ ਚੱਲੇ ਅਤੇ ਤੁਸੀਂ ensure ਕਰੋ ਕਿ ਸੀਟਾਂ socially backward classes ਵਾਸਤੇ ਪੱਕੀਆਂ ਮਿਲਣਗੀਆਂ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

*ਕਿ ਦਿ ਪੰਜਾਬ ਪ੍ਰਾਈਵੇਟ ਹੈਲਥ ਸਾਇੰਸਜ਼ ਐਜੂਕੇਸ਼ਨਲ ਇੰਸਟੀਚਿਊਸ਼ਨਜ਼ (ਰੈਗੂਲੇਸ਼ਨ ਆਫ ਐਡਮਿਸ਼ਨ, ਫਿਕਸੇਸ਼ਨ ਆਫ ਫੀ ਐਂਡ ਮੇਕਿੰਗ ਆਫ ਰਿਜ਼ਰਵੇਸ਼ਨ) ਸੋਧ ਬਿਲ, 2020 ਉੱਤੇ ਤੁਰੰਤ ਵਿਚਾਰ ਕੀਤਾ ਜਾਵੇ।*

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼–ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ–ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ–ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 5**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 5 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਤੋਂ 5 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ–ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ–ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ (ਸ਼੍ਰੀ ਓਮ ਪ੍ਰਕਾਸ਼ ਸੋਨੀ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

ਕਿ ਦਿ ਪੰਜਾਬ ਪ੍ਰਾਈਵੇਟ ਹੈਲਥ ਸਾਇੰਸਜ਼ ਐਜੂਕੇਸ਼ਨਲ ਇੰਸਟੀਚਿਊਸ਼ਨਜ਼ (ਰੈਗੂਲੇਸ਼ਨ ਆਫ ਐਡਮਿਸ਼ਨ, ਫਿਕਸੇਸ਼ਨ ਆਫ ਫੀ ਐਂਡ ਮੇਕਿੰਗ ਆਫ ਰਿਜ਼ਰਵੇਸ਼ਨ) ਸੋਧ ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ–

ਕਿ ਦਿ ਪੰਜਾਬ ਪ੍ਰਾਈਵੇਟ ਹੈਲਥ ਸਾਇੰਸਜ਼ ਐਜੂਕੇਸ਼ਨਲ ਇੰਸਟੀਚਿਊਸ਼ਨਜ਼ (ਰੈਗੂਲੇਸ਼ਨ ਆਫ ਐਡਮਿਸ਼ਨ, ਫਿਕਸੇਸ਼ਨ ਆਫ ਫੀ ਐਂਡ ਮੇਕਿੰਗ ਆਫ ਰਿਜ਼ਰਵੇਸ਼ਨ) ਸੋਧ ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ–

ਕਿ ਦਿ ਪੰਜਾਬ ਪ੍ਰਾਈਵੇਟ ਹੈਲਥ ਸਾਇੰਸਜ਼ ਐਜੂਕੇਸ਼ਨਲ ਇੰਸਟੀਚਿਊਸ਼ਨਜ਼ (ਰੈਗੂਲੇਸ਼ਨ ਆਫ ਐਡਮਿਸ਼ਨ, ਫਿਕਸੇਸ਼ਨ ਆਫ ਫੀ ਐਂਡ ਮੇਕਿੰਗ ਆਫ ਰਿਜ਼ਰਵੇਸ਼ਨ) ਸੋਧ ਬਿਲ, 2020 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

------------

## 2. THE PUNJAB PRISONS DEVELOPMENT BOARD BILL, 2020

**ਮਾਨਯੋਗ ਸਪੀਕਰ:** ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਜੇਲ੍ਹਾਂ ਮੰਤਰੀ ਬਿਲ ਪੇਸ਼ ਕਰਨ।

**ਜੇਲ੍ਹਾਂ ਮੰਤਰੀ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ):** ਸ਼੍ਰੀਮਾਨ ਜੀ, ਮੈਂ ਪੰਜਾਬ ਜੇਲ੍ਹਾਂ ਵਿਕਾਸ ਬੋਰਡ ਬਿਲ, 2020 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਜੇਲ੍ਹਾਂ ਵਿਕਾਸ ਬੋਰਡ ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਜੇਲ੍ਹਾਂ ਵਿਕਾਸ ਬੋਰਡ ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੈ?

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ (ਜਗਰਾਉਂ, ਐਸ.ਸੀ.):** ਸਪੀਕਰ ਸਾਹਿਬ, ਪੰਜਾਬ ਦੀਆਂ ਜੇਲ੍ਹਾਂ ਵਿਚ ਕੈਦੀਆਂ ਦੀ ਗਿਣਤੀ ਤੈਅਸ਼ੁਦਾ ਗਿਣਤੀ ਤੋਂ ਕਿਤੇ ਜ਼ਿਆਦਾ ਹੈ, ਜਿਸ ਕਰਕੇ ਸਾਨੂੰ ਬਹੁਤ ਸਮੱਸਿਆ ਆਉਂਦੀ ਹੈ ਕਿਉਂਕਿ ਇੱਕ ਤਾਂ ਪਹਿਲਾਂ ਹੀ ਉੱਥੇ ਕ੍ਰਿਮੀਨਲ ਮਾਈਂਡ ਬੰਦੇ ਜਾਂਦੇ ਹਨ।ਪਿੱਛੇ ਜਿਹੇ ਕਰਾਈਮ ਵਧਣ ਨਾਲ ਵੀ ਸਾਨੂੰ ਪ੍ਰਾਬਲਮ ਆ ਰਹੀ ਹੈ। ਕਈ ਜੇਲ੍ਹਾਂ ਵਿਚ ਤਾਂ 95% ਵੀ ਹਨ, ਹਿਊਮਨ ਰਾਈਟਸ ਕਮਿਸ਼ਨ ਕੋਲ ਵੀ ਸ਼ਿਕਾਇਤਾਂ ਜਾਂਦੀਆਂ ਹਨ। ਤਕਰੀਬਨ ਡੇਢ ਸਾਲ ਹੋ ਗਿਆ, ਪਿਛਲੇ ਸਾਲ ਕਿਸੇ ਨੇ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਸ਼ਿਕਾਇਤ ਦਰਜ ਕੀਤੀ ਕਿ ਫਿਰੋਜ਼ਪੁਰ ਵਿਚ 1100 ਕੈਦੀ ਰੱਖਣ ਦੀ ਸਮਰੱਥਾ ਹੈ ਪਰ ਉੱਥੇ 1100 ਦੀ ਬਜਾਏ 1214 ਕੈਦੀ ਰੱਖੇ ਗਏ ਹਨ। ਸਾਡੀ ਹਰ ਇੱਕ ਜੇਲ੍ਹ ਵਿਚ ਕੈਦੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਸਪੀਕਰ ਸਾਹਿਬ, ਉਥੇ ਜਾਂ ਤਾਂ ਕੋਈ ਅਰੇਂਜਮੈਂਟ ਕਰੀਏ ਜਿਸ ਨਾਲ ਇਸ ਪ੍ਰਾਬਲਮ ਦਾ ਹੱਲ ਹੋਵੇ। ਉਥੇ ਕੋਈ ਨਵੀਂ ਕੰਸਟ੍ਰਕਸ਼ਨ ਵਗੈਰਾ ਹੋਵੇ। ਸਾਡੀ ਸਭ ਤੋਂ ਵੱਡੀ ਪ੍ਰਾਬਲਮ ਇਹ ਹੈ ਕਿ ਜੇਲ੍ਹ ਵਿਚ ਕ੍ਰਿਮੀਨਲ ਮਾਈਂਡ ਵਿਅਕਤੀ ਜਾਂਦੇ ਹਨ।ਇਸ ਲਈ ਉੱਥੇ ਸਰਕਾਰ ਵੱਲੋਂ ਕੋਈ ਸਮਾਜਿਕ ਸੁਧਾਰਕ ਜਾਂ ਕਾਊਂਸਲਰ ਭੇਜੇ ਜਾਣ, ਜਿਹੜੇ ਉਨ੍ਹਾਂ ਦੀ ਕਾਊਂਸਲਿੰਗ ਕਰਨ ਤਾਂ ਕਿ ਉਹ

ਕੈਦੀ ਕੈਦ ਕੱਟਣ ਤੋਂ ਬਾਅਦ ਸਹੀ ਤਰੀਕੇ ਨਾਲ ਵਾਪਸ ਸਮਾਜ ਵਿਚ ਆ ਸਕਣ ਜਾਂ ਕੋਈ ਧਾਰਮਿਕ ਆਗੂ ਅਜਿਹੇ ਭੇਜੇ ਜਾਣ ਜਿਹੜੇ ਉਨ੍ਹਾਂ ਨੂੰ ਸਹੀ ਗਿਆਨ ਦੇ ਸਕਣ ਪਰ ਸਾਡੀਆਂ ਜੇਲ੍ਹਾਂ ਕੋਲ ਅਜਿਹੀ ਸੁਵਿਧਾ ਬਹੁਤ ਘੱਟ ਹੈ, ਅਸੀਂ ਕੋਸ਼ਿਸ਼ ਕਰੀਏ ਕਿ ਇਸ ਚੀਜ਼ ਵੱਲ ਵੀ ਵਧੀਏ ਤਾਂ ਕਿ ਜਦੋਂ ਸਾਡੀ ਨਵੀਂ ਪੀੜ੍ਹੀ ਉੱਥੋਂ ਵਾਪਸ ਆਵੇ ਤਾਂ ਉਹ ਸਮਾਜ ਸੁਧਾਰ ਦੇ ਕੰਮਾਂ ਵੱਲ ਜਾਵੇ।

**ਸਰਦਾਰ ਸਿਮਰਜੀਤ ਸਿੰਘ ਬੈਂਸ (ਆਤਮ ਨਗਰ):** ਸਪੀਕਰ ਸਾਹਿਬ, ਧੰਨਵਾਦ ਜੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਜੇਲ੍ਹਾਂ ਵਾਸਤੇ ਬੋਰਡ ਬਣਨ ਸਬੰਧੀ ਅਮੈਂਡਮੈਂਟ ਬਿਲ ਲੈ ਕੇ ਆਏ ਹਨ, ਮੇਰਾ ਖੁਦ ਦਾ ਜੇਲ੍ਹ ਸਬੰਧੀ ਬੜਾ ਤਜਰਬਾ ਹੈ ਜੀ। ਸਾਲ, ਛੇ ਮਹੀਨੇ, ਤਿੰਨ ਮਹੀਨੇ ਅਤੇ ਫਿਰ ਦੋ ਮਹੀਨੇ ਲਈ ਮੈਨੂੰ ਜਾਣਾ ਪਿਆ, ਮੇਰੇ ਸਤਿਕਾਰਯੋਗ ਦੋਸਤ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) ਚਲੇ ਗਏ ਹਨ। ਜਦੋਂ ਵੀ ਕੋਈ ਮਾੜੀ ਜਿਹੀ ਗੱਲ ਹੋਣੀ ਤਾਂ ਬੈਂਸ ਤੇ ਐਫ.ਆਈ.ਆਰ. ਦਰਜ ਕਰਵਾ ਦੇਣੀ। ਪਹਿਲਾਂ ਥਾਣੇ ਦੀ ਹਵਾਲਾਤ ਵਿਚ ਦੋ-ਤਿੰਨ ਦਿਨ ਲਈ ਬੰਦ ਕਰ ਦੇਣਾ ਅਤੇ ਉਸ ਤੋਂ ਬਾਅਦ ਫਿਰ ਜੇਲ੍ਹ ਭੇਜ ਦੇਣਾ। ਜੇ ਅਸੀਂ ਰੇਤਾ ਚੋਰੀ ਦੇ ਵਿਰੁੱਧ ਗਏ ਤਾਂ ਸਾਡੇ ਖਿਲਾਫ ਧਾਰਾ 307 ਦਾ ਕੇਸ ਬਣਾ ਦਿੱਤਾ ਗਿਆ, ਹੁਣ ਦੱਸੋ ਕਿ ਕੀ ਰੇਤੇ ਦਾ ਵੀ ਕੋਈ ਇਰਾਦਾ ਕਤਲ ਹੁੰਦਾ ਹੈ ਜੀ? ਸਪੀਕਰ ਸਾਹਿਬ, ਸੋ, ਮੇਰੇ ਕੋਲ ਜੇਲ੍ਹ ਦਾ ਅਜਿਹਾ ਤਜਰਬਾ ਹੈ। ਮੈਂ ਆਪਣੇ ਤਜਰਬੇ ਦੇ ਅਧਾਰ ਤੇ ਦੱਸਦਾ ਹਾਂ ਕਿ ਜੇਲ੍ਹ ਅੰਦਰ ਇੱਕ ਸਾਮਰਾਜ ਬਣਿਆ ਪਿਆ ਹੈ। ਸੁੱਖੀ ਰੰਧਾਵਾ ਜੀ ਸਾਡੇ ਬੜੇ ਸਤਿਕਾਰਯੋਗ ਹਨ, ਸਾਡੇ ਵੱਡੇ ਭਰਾ ਹਨ, ਇਹ ਵਧੀਆ ਕੰਮ ਕਰਦੇ ਹਨ ਅਤੇ ਮੈਂ ਇਸ ਗੱਲ ਲਈ ਵੀ ਇਨ੍ਹਾਂ ਦੀ ਤਾਰੀਫ਼ ਕਰਦਾ ਹਾਂ ਪਰ ਅੰਦਰ ਇੱਕ ਸਾਮਰਾਜ ਬਣਿਆ ਹੋਇਆ ਹੈ। ਉਹ ਸਾਮਰਾਜ ਬਹੁਤ ਪਾਵਰਫੁੱਲ ਹੈ ਜੀ। ਉਹ ਇੰਨਾ ਕੁ ਪਾਵਰਫੁੱਲ ਹੈ ਕਿ ਸਤਿਕਾਰਯੋਗ ਮਨਿਸਟਰ ਸਾਹਿਬ ਅਤੇ ਸਤਿਕਾਰਯੋਗ ਜੱਜ ਸਾਹਿਬਾਨ ਜਦੋਂ ਅੰਦਰ ਜਾਂਦੇ ਹਨ ਤਾਂ ਉਨ੍ਹਾਂ ਨੇ ਮੂਹਰੇ 10-15-20 ਬੰਦੇ ਲਿਸ਼ਕਾ ਕੇ ਪਹਿਲਾਂ ਬਿਠਾਏ ਹੁੰਦੇ ਹਨ, ਜਿਹੜੇ ਬਿਲਕੁਲ ਉਸ ਸਾਮਰਾਜ ਦੇ ਵੱਡੇ ਅਧਿਕਾਰੀਆਂ ਬਾਰੇ ਬੜੇ ਪਾਲਿਸ਼ ਤਰੀਕੇ ਨਾਲ ਗੱਲ ਕਰਦੇ ਹਨ। ਜੇਲ੍ਹ ਅੰਦਰ ਜਿਹੜੀ ਕੋਈ ਦਿੱਕਤ ਜਾਂ ਸਮੱਸਿਆ ਹੁੰਦੀ ਹੈ, ਉਹ ਮੰਤਰੀ ਸਾਹਿਬਾਨ ਅਤੇ ਜੱਜ ਸਾਹਿਬਾਨਾਂ ਦੇ ਧਿਆਨ ਵਿਚ ਲਿਆਉਣ ਨਹੀਂ ਦਿੰਦੇ ਹਨ। ਸਪੀਕਰ ਸਾਹਿਬ, ਸੋ, ਇਹ ਜਿਹੜਾ ਅੰਦਰ ਦਾ ਸਾਮਰਾਜ ਹੈ, ਤੁਹਾਨੂੰ ਹੈਰਾਨੀ ਹੋਵੇਗੀ ਕਿ ਨਸ਼ੇ ਦੀ ਆਦਤ ਕਾਰਨ ਅੰਦਰ ਐਚ.ਆਈ.ਵੀ. ਦਾ ਅੰਕੜਾ ਬਹੁਤ ਜ਼ਿਆਦਾ ਹੈ, ਜਿਹੜੇ ਲੋਕ ਜੇਲ੍ਹ ਕੱਟ ਕੇ ਆਉਂਦੇ ਹਨ, ਕੋਈ ਐਡਿਕਟ ਹੁੰਦੇ ਹਨ, ਨਸ਼ੇ ਦੇ ਆਦੀ ਹੁੰਦੇ ਹਨ, ਉਨ੍ਹਾਂ ਨੂੰ ਜੇਲ੍ਹ ਅੰਦਰ ਇੱਕ ਸਰਿੰਜ 500 ਰੁਪਏ ਦੀ ਪੈਂਦੀ ਹੈ, ਉਹ ਫਿਰ ਇੱਕੋ ਸਰਿੰਜ ਨੂੰ ਵਾਰ-ਵਾਰ ਵਰਤਦੇ ਹਨ। ਜਿਹੜੇ ਹਵਾਲਾਤੀ ਬਾਹਰ

ਆਉਂਦੇ ਹਨ ਜਾਂ ਕਿਸੇ ਦੀ ਸਜ਼ਾ ਪੂਰੀ ਹੋ ਜਾਂਦੀ ਹੈ ਤਾਂ ਉਨ੍ਹਾਂ ਵਿਚੋਂ ਮੈਜਾਰਿਟੀ ਵਿਚ ਐਚ.ਆਈ.ਵੀ. ਪੀੜਤ ਲੋਕ ਆ ਜਾਂਦੇ ਹਨ। ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਦੇ ਧਿਆਨ ਵਿਚ ਇਹ ਗੱਲ ਲਿਆਉਣੀ ਚਾਹਾਂਗਾ ਕਿ ਜਿਹੜੀ ਅੰਦਰ ਕੰਟੀਨ ਹੈ, ਸਪੋਜ਼ ਕਿਸੇ ਆਈਟਮ ਤੇ 10/- ਰੁਪਏ ਪ੍ਰਿੰਟ ਰੇਟ ਲਿਖਿਆ ਹੋਇਆ ਹੈ, ਜੇ ਉਹ ਬਾਹਰੋਂ ਲੈਣੀ ਹੋਵੇ ਤਾਂ ਉਸ ਤੇ ਕੋਈ ਨਾ ਕੋਈ ਡਿਸਕਾਉਂਟ ਵੀ ਮਿਲ ਜਾਂਦਾ ਹੈ। ਬਾਹਰੋਂ ਚੀਜ਼ ਲੈਣ ਲੱਗਿਆਂ ਗਰੌਸਰੀ ਸ਼ਾਪ ਵਾਲੇ 10/-15/- ਜਾਂ 20/- ਰੁਪਏ ਰੇਟ ਘੱਟ ਵੀ ਲਗਾ ਦਿੰਦੇ ਹਨ ਪਰ ਅੰਦਰ ਉਹ 10/- ਰੁਪਏ ਵਾਲੀ ਚੀਜ਼ ਵੀ 15/- ਜਾਂ 16/- ਰੁਪਏ ਦੀ ਮਿਲਦੀ ਹੈ। ਮਨਿਸਟਰ ਸਾਹਿਬ, ਜੇ ਮੈਨੂੰ ਥੋੜ੍ਹਾ ਜਿਹਾ ਸਮਾਂ ਦਿਉਗੇ ਤਾਂ ਮੈਂ ਤੁਹਾਨੂੰ ਬੋਗਸ ਬਿਲਿੰਗ ਵੀ ਦਿਖਾ ਦੇਵਾਂਗਾ। ਭਾਵੇਂ ਸਮਾਨ ਅੰਦਰ ਹੀ ਨਹੀਂ ਗਿਆ ਪਰ ਬੋਗਸ ਬਿਲਿੰਗ ਹੋ ਜਾਂਦੀ ਹੈ। ਜਿਹੜੇ ਬੰਦੇ ਜੇਲ੍ਹ ਅੰਦਰ ਸਮਾਨ ਭੇਜਣ ਸਬੰਧੀ ਬੋਗਸ ਬਿਲਿੰਗ ਦਿੰਦੇ ਹਨ।

ਮੇਰੀ ਸਨਿਮਰ ਬੇਨਤੀ ਹੈ ਕਿ ਜੇ ਤੁਸੀਂ ਬੋਰਡ ਦਾ ਗਠਨ ਕਰਨ ਲੱਗੇ ਹੋ ਤਾਂ ਕੰਟੀਨ ਦੇ ਅੰਦਰ ਸਮਾਨ ਸਸਤਾ ਹੋਣਾ ਚਾਹੀਦਾ ਹੈ। ਜੇਕਰ ਚੰਗੀ ਡਾਈਟ ਹੋਵੇਗੀ ਤਾਂ ਬੰਦਾ ਤੰਦਰੁਸਤੀ ਨਾਲ, ਚੰਗੇ ਵਿਚਾਰ ਨਾਲ, ਚੰਗੀ ਕਸਰਤ ਕਰ ਸਕਦਾ ਹੈ। ਸਪੀਕਰ ਸਾਹਿਬ, ਜੇਲ੍ਹਾਂ ਅੰਦਰ ਬਹੁਤ ਮਾੜੀ ਡਾਈਟ ਹੈ। ਜੇ ਤੁਸੀਂ ਇਕ ਕੈਦੀ, ਇਕ ਹਵਾਲਾਤੀ ਦੀ ਡਾਈਟ ਦਾ ਅੰਕੜਾ ਦੇਖੋਗੇ ਤਾਂ ਹੈਰਾਨ ਹੋ ਜਾਵੋਗੇ। ਮੇਰਾ ਖਿਆਲ ਹੈ ਕਿ ਉਸ ਰੁਪਏ ਨਾਲ ਕੋਈ ਬੰਦਾ ਚੰਗੇ ਢਾਬੇ ਤੋਂ ਤਿੰਨ ਟਾਈਮ ਦੀ ਰੋਟੀ ਖਾ ਸਕਦਾ ਹੈ। ਇਹ ਜੇਲ੍ਹਾਂ ਅੰਦਰਲਾ ਸਾਮਰਾਜ ਹੈ। ਜੇਕਰ ਰਾਤ ਨੂੰ ਕਿਸੇ ਕੈਦੀ ਨੂੰ ਬੈਰਕ ਵਿਚ ਕੋਈ ਦਿੱਕਤ ਆ ਜਾਵੇ ਤਾਂ ਕੋਈ ਸੁਣਵਾਈ ਨਹੀਂ। ਪਿੱਛੇ ਜਿਹੇ ਦੀਪਕ ਸ਼ੁਕਲਾ ਨਾਮ ਦੇ ਮੁੰਡੇ ਦੀ ਮੌਤ ਹੋਈ। ਪਹਿਲਾਂ ਤਾਂ ਉਸ ਦਾ ਦੋ ਦਿਨ ਦਾ ਜੁਡੀਸ਼ੀਅਲ ਰਿਮਾਂਡ ਹੋਇਆ, ਪੁਲਿਸ ਨੇ ਕਾਨੂੰਨ ਛਿੱਕੇ ਟੰਗਦੇ ਹੋਏ ਉਸ ਨੂੰ ਦੋ ਦਿਨ ਥਾਣੇ ਵਿਚ ਹੀ ਰੱਖਿਆ।

**ਮਾਨਯੋਗ ਸਪੀਕਰ:** ਪੁਲਿਸ ਵਾਲੀ ਗੱਲ ਤੁਸੀਂ ਪਹਿਲਾਂ ਕਰ ਲਈ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਰ, ਮੈਂ ਜੇਲ੍ਹ ਸੁਧਾਰਾਂ ਤੇ ਹੀ ਆ ਰਿਹਾ ਹਾਂ।

**ਮਾਨਯੋਗ ਸਪੀਕਰ:** ਪੁਲਿਸ ਵਾਲੀ ਗੱਲ ਤੁਸੀਂ ਪਹਿਲਾਂ ਕਰ ਲਈ ਸੀ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਰ, ਥੋੜ੍ਹਾ ਜਿਹਾ ਟਾਈਮ ਦੇ ਦਿਓ, ਹੁਣ ਕੋਈ ਬੋਲਣ ਵਾਲਾ ਤਾਂ ਹੈ ਨਹੀਂ ਜੀ। ਜਦੋਂ ਉਸ ਮੁੰਡੇ ਨੂੰ ਜੇਲ੍ਹ ਅੰਦਰ ਲੈ ਕੇ ਗਏ ਤਾਂ ਤਿੰਨ ਘੰਟਿਆਂ ਬਾਅਦ ਉਹ ਮੌਤ ਦੇ ਮੂੰਹ ਵਿਚ ਚਲਿਆ ਗਿਆ। ਜਿਹੜੇ ਲੋਕ ਜੇਲ੍ਹ ਵਿਚ ਜਾਂਦੇ ਹਨ, ਉਹ ਕਾਮਨਾ ਕਰਦੇ ਹਨ ਕਿ ਅਸੀਂ ਤੰਦਰੁਸਤ ਰਹੀਏ। ਜੇ ਉਥੇ ਕੋਈ

ਬਿਮਾਰ ਹੋ ਗਿਆ ਤਾਂ ਸਮਝ ਲਓ ਬੰਦਾ 99.9 ਫੀਸਦੀ ਗਿਆ। ਰਾਤ ਨੂੰ ਬੰਦੀ ਹੋ ਜਾਂਦੀ ਹੈ, ਬੰਦੀ ਤੋਂ ਬਾਅਦ ਬੈਰਕਾਂ ਦੀਆਂ ਚਾਬੀਆਂ ਸੁਪਰਡੰਟਾਂ ਕੋਲ ਚਲੀਆਂ ਜਾਂਦੀਆਂ ਹਨ। ਕਿਸੇ ਨੂੰ ਕੋਈ ਦਿੱਕਤ ਆ ਜਾਵੇ ਤਾਂ ਜੇਲ੍ਹ ਵਿਚੋਂ ਜਿਹੜੀ ਸਭ ਤੋਂ ਪਹਿਲੀ ਅਵਾਜ਼ 5-7 ਮਿੰਟ ਗੂੰਜਦੀ ਹੈ, ਉਹ ਹੈ 'ਹਵਲਦਾਰ ਸਾਹਿਬ'। ਪੰਜ-ਸੱਤ ਮਿੰਟ ਇਹ ਅਵਾਜ਼ ਗੂੰਜਣ ਤੋਂ ਬਾਅਦ ਜਦੋਂ ਕੋਈ ਨਹੀਂ ਆਉਂਦਾ ਫਿਰ ਗੁੱਸੇ ਵਿਚ 'ਓਏ ਹਵਲਦਾਰਾ', ਕਿਉਂਕਿ ਬੰਦਾ ਮਰ ਰਿਹਾ ਹੁੰਦਾ ਹੈ। ਫਿਰ ਜਦੋਂ 'ਓਏ ਹਵਲਦਾਰਾ' ਦੀ ਅਵਾਜ਼ ਵੀ 10-15 ਮਿੰਟ ਗੂੰਜਣ ਤੇ ਕੋਈ ਨਹੀਂ ਆਉਂਦਾ, ਫਿਰ ਗਾਲ੍ਹਾਂ ਦੇ ਰੂਪ ਵਿਚ ਸਾਰੀ ਬੈਰਕ ਰੌਲਾ ਪਾਉਂਦੀ ਹੈ। ਜਦੋਂ ਉੱਚੀ-ਉੱਚੀ ਚੀਕਾਂ ਵੱਜਦੀਆਂ ਹਨ, ਫਿਰ ਕੋਈ ਆਉਂਦਾ ਹੈ ਤੇ ਕਹਿੰਦਾ ਹੈ ਕਿ ਹੁਣ ਅਸੀਂ ਸੁਪਰਡੰਟ ਕੋਲ ਜਾ ਕੇ ਚਾਬੀ ਲੈ ਕੇ ਆਉਂਦੇ ਹਾਂ। ਸੋ, ਮੇਰਾ ਕਹਿਣਾ ਹੈ ਕਿ ਕੋਈ ਪੁਖਤਾ ਇੰਤਜ਼ਾਮ ਕਰ ਦਿਓ, ਕੈਦੀ ਸੁਧਾਰ ਘਰਾਂ ਵਿਚ ਆਉਂਦੇ ਹਨ ਤਾਂ ਆਪਾਂ ਉਨ੍ਹਾਂ ਨੂੰ ਸੁਧਾਰਨਾ ਹੈ, ਉਨ੍ਹਾਂ ਦੀ ਜਾਨ ਨਹੀਂ ਲੈਣੀ ਹੈ। ਸਪੀਕਰ ਸਾਹਿਬ, ਰੋਜ਼ ਹੀ ਅਖਬਾਰਾਂ ਵਿਚ ਸੁਰਖੀਆਂ ਬਣਦੀਆਂ ਹਨ ਕਿ ਫਲਾਣੀ ਜੇਲ੍ਹ ਵਿਚ 10 ਮੋਬਾਇਲ ਰਿਕਵਰ ਹੋਏ, ਕਿਤੇ 20 ਮੋਬਾਇਲ ਰਿਕਵਰ ਹੋਏ। ਜੇਲ੍ਹਾਂ ਅੰਦਰ ਪੀ.ਸੀ.ਓ. ਹਨ ਪਰ ਜੇਕਰ ਇਕ ਜੇਲ੍ਹ ਵਿਚ 2 ਹਜ਼ਾਰ ਕੈਦੀ ਹੈ ਤੇ ਪੀ.ਸੀ.ਓ. ਕੇਵਲ 2 ਹਨ। ਮੇਰਾ ਖਿਆਲ ਹੈ ਕਿ ਜੇਕਰ ਪੀ.ਸੀ.ਓ. ਦੀ ਗਿਣਤੀ ਵਧਾ ਦਿੱਤੀ ਜਾਵੇ ਤਾਂ ਜੇਲ੍ਹ ਅੰਦਰ ਮੋਬਾਇਲ ਵਾਲੀ ਸਮੱਸਿਆ ਖਤਮ ਹੋ ਸਕਦੀ ਹੈ। ਸਾਡੀ ਲੁਧਿਆਣਾ ਜੇਲ੍ਹ ਹੈ, ਜਿੱਥੇ ਮੰਤਰੀ ਜੀ ਅਕਸਰ ਆਉਂਦੇ ਹਨ। ਉੱਥੇ ਜੇਲ੍ਹ ਦੇ ਅੰਦਰ ਜੇਲ੍ਹ ਹੈ। ਮਤਲਬ ਕਿ ਉਸ ਜੇਲ੍ਹ ਦਾ ਕੈਦੀ ਦੋ ਸਜ਼ਾਵਾਂ ਕੱਟਦਾ ਹੈ।

**ਮਾਨਯੋਗ ਸਪੀਕਰ :** ਮੰਤਰੀ ਜੀ ਦਾ ਜਵਾਬ ਲੈ ਲਈਏ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਹਾਂ ਜੀ, ਸਰ। ਉੱਥੇ ਕੈਦੀ ਇਕ ਤਾਂ ਜਿਹੜੀ ਸਜ਼ਾ ਆਦਲਤ ਨੇ ਦਿੱਤੀ ਹੁੰਦੀ ਹੈ, ਉਹ ਕੱਟਦਾ ਹੈ। ਦੂਜੀ ਸਜ਼ਾ ਕੱਟਦਾ ਹੈ ਕਿ ਉੱਥੇ ਜੇਲ੍ਹ ਦੇ ਆਲੇ-ਦੁਆਲੇ ਡਾਇੰਗ ਮਿੱਲਾਂ ਹਨ। ਜੇਕਰ ਕੋਈ ਕੈਦੀ ਆਪਣਾ ਕੱਛਾ, ਬੁਨੈਣ ਜਾਂ ਤੌਲੀਆ ਤਾਰ ਤੇ ਸੁੱਕਣਾ ਪਾਉਂਦਾ ਹੈ ਤਾਂ ਦੋ ਘੰਟਿਆਂ ਬਾਅਦ ਉਹ ਬਿਲਕੁਲ ਕਾਲਾ ਹੋ ਜਾਂਦਾ ਹੈ।

**ਮਾਨਯੋਗ ਸਪੀਕਰ:** ਬੈਠੋ ਜੀ। ਮੰਤਰੀ ਜੀ ਦਾ ਜਵਾਬ ਆ ਲੈਣ ਦਿਓ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਮੇਰੀ ਬੇਨਤੀ ਹੈ ਕਿ ਲਾਡੋਵਾਲ ਦੇ ਕੋਲ ਜਗ੍ਹਾ ਖਾਲੀ ਹੈ, ਉੱਥੇ ਜੇਲ੍ਹ ਤਬਦੀਲ ਕਰ ਦਿਓ। ਜੇਲ੍ਹਾਂ ਅੰਦਰ ਸੁਧਾਰ ਵਾਸਤੇ ਜਿਹੜਾ ਇਹ ਬਿਲ ਆਇਆ ਹੈ, ਮੇਰੀ ਤੁਹਾਡੀ ਜ਼ਰੀਏ ਬੇਨਤੀ ਹੈ ਕਿ ਇਨ੍ਹਾਂ ਗੱਲਾਂ ਦਾ ਵੀ ਧਿਆਨ ਰੱਖਿਆ ਜਾਵੇ।

**ਮਾਨਯੋਗ ਸਪੀਕਰ:** ਮੰਤਰੀ ਜੀ, ਜਵਾਬ ਦੇਣਾ ਚਾਹੋਗੇ?

**ਜੇਲ੍ਹਾਂ ਮੰਤਰੀ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ):** ਸਪੀਕਰ ਸਾਹਿਬ, ਮੇਰੀ ਭੈਣ (ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ ਵੱਲ ਇਸ਼ਾਰਾ) ਨੇ ਜਿਹੜੇ ਡਾਟੇ ਦਿੱਤੇ ਹਨ, ਉਹ ਥੋੜ੍ਹਾ ਵਧਾ ਕੇ ਦੱਸ ਦਿੱਤੇ ਹਨ, ਅਸਲ ਵਿਚ ਉਹ ਘੱਟ ਹਨ। ਉਹ ਮੈਂ ਇਨ੍ਹਾਂ ਨੂੰ ਬਾਅਦ ਵਿਚ ਭੇਜ ਦਿਆਂਗਾ ਕਿਉਂਕਿ ਅੰਮ੍ਰਿਤਸਰ ਦਾ ਜਿਹੜਾ ਡਾਟਾ ਤੁਸੀਂ ਦੱਸਿਆ ਹੈ, ਉਹ 700-800 ਕੈਦੀਆਂ ਦਾ ਡਿਫਰੈਂਸ ਹੈ, ਉਹ ਵੀ ਮੈਂ ਤੁਹਾਨੂੰ ਬਾਅਦ ਵਿਚ ਭੇਜ ਦਿਆਂਗਾ। ਜਿਹੜੀ ਗੱਲ ਬੈਂਸ ਸਾਹਿਬ ਨੇ ਕੀਤੀ ਹੈ।

**ਮਾਨਯੋਗ ਸਪੀਕਰ:** ਇਨ੍ਹਾਂ ਦੇ ਦੋ ਇਸ਼ੂ ਹਨ।

**ਜੇਲ੍ਹਾਂ ਮੰਤਰੀ:** ਹਾਂ ਜੀ, ਮੈਂ ਉੱਥੇ ਹੀ ਆਉਣ ਲੱਗਿਆ ਹਾਂ।

**ਮਾਨਯੋਗ ਸਪੀਕਰ:** ਇਨ੍ਹਾਂ (ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ ਵੱਲ ਇਸ਼ਾਰਾ) ਦਾ ਇਸ਼ੂ ਹੋਰ ਹੈ, ਬੈਂਸ ਸਾਹਿਬ ਦੇ ਦੋ ਇਸ਼ੂ ਹਨ।

**ਜੇਲ੍ਹਾਂ ਮੰਤਰੀ:** ਹਾਂ ਜੀ, ਸਰ, ਬੈਂਸ ਸਾਹਿਬ ਦਾ ਜ਼ਿਆਦਾ ਜ਼ਰੂਰੀ ਹੈ ਕਿਉਂਕਿ ਉਨ੍ਹਾਂ ਨੇ ਬਾਦਲ ਸਾਹਿਬ ਵਾਂਗ ਜੇਲ੍ਹ ਯਾਤਰਾ ਬਹੁਤ ਲੰਬੀ ਕੀਤੀ ਹੈ। (ਹਾਸਾ) ਉਹ ਵੀ ਬਹੁਤ ਜੇਲ੍ਹ ਯਾਤਰਾ ਦੀਆਂ ਗੱਲਾਂ ਸੁਣਾਉਂਦੇ ਹਨ।ਬੈਂਸ ਸਾਹਿਬ ਨੇ ਜਿਹੜੀਆਂ ਵੀ ਗੱਲਾਂ ਕੀਤੀਆਂ ਹਨ, ਮੈਂ ਇਨ੍ਹਾਂ ਨਾਲ ਬਿਲਕੁਲ ਐਗਰੀ ਕਰਦਾ ਹਾਂ। ਜੇਲ੍ਹਾਂ ਦੇ ਬਾਹਰ ਸੁਧਾਰ ਘਰ ਲਿਖਿਆ ਹੁੰਦਾ ਹੈ ਪਰ ਉਹ ਸੁਧਾਰ ਘਰ ਨਹੀਂ ਹਨ, ਉਨ੍ਹਾਂ ਵਿਚ ਬਹੁਤ ਜ਼ਿਆਦਾ ਗੜਬੜ ਹੈ। ਮੈਂ ਜਿਸ ਦਿਨ ਦਾ ਮੰਤਰੀ ਬਣਿਆ ਹਾਂ, ਮੈਂ ਕੋਸ਼ਿਸ਼ ਕੀਤੀ ਹੈ ਕਿ ਇਹ ਨੈਕਸਿਸ ਤੋੜਿਆ ਜਾਵੇ। ਮੈਂ ਜੇਲ੍ਹਾਂ ਅੰਦਰ ਬਹੁਤ ਰੈਵੋਲਿਊਸ਼ਨਜ਼ ਲਿਆਂਦੇ ਹਨ। ਜਿਹੜੀ ਤੁਸੀਂ ਟੈਲੀਫੋਨਜ਼ ਪੀ.ਸੀ.ਓ. ਦੀ ਗੱਲ ਕੀਤੀ ਹੈ, ਪਹਿਲਾਂ ਪੀ.ਸੀ.ਓ. ਤੇ ਗੱਲ ਕਰਨ ਲਈ ਦੋ ਮਿੰਟ ਦਾ ਸਮਾਂ ਹੁੰਦਾ ਸੀ ਪਰ ਮੈਂ ਹੁਣ ਇਹ ਸਮਾਂ ਵਧਾ ਕੇ 10 ਤੋਂ 15 ਮਿੰਟ ਕਰ ਦਿੱਤਾ ਹੈ। ਹਰ ਦਿਨ ਇਕ ਕੈਦੀ 15 ਮਿੰਟ ਆਪਣੇ ਪਰਿਵਾਰ ਨਾਲ ਗੱਲ ਕਰ ਸਕਦਾ ਹੈ। ਅਸੀਂ ਕੈਦੀ ਤੋਂ 10 ਟੈਲੀਫੋਨ ਨੰਬਰ ਲੈ ਲੈਂਦੇ ਹਾਂ, ਚਾਹੇ ਦਸਾਂ ਨੰਬਰਾਂ ਤੇ ਇਕ-ਦੋ ਮਿੰਟ ਗੱਲ ਕਰ ਲਓ ਚਾਹੇ ਇਕੋ ਨੰਬਰ ਤੇ 15 ਮਿੰਟ ਗੱਲ ਕਰ ਲਓ। ਇਹ ਕੰਮ ਕਰ ਦਿੱਤਾ ਹੈ। ਪੀ.ਸੀ.ਓਜ਼ ਦੀ ਹਰ ਜੇਲ੍ਹ ਵਿੱਚ ਗਿਣਤੀ ਵਧਾ ਦਿੱਤੀ ਹੈ। ਮੇਰੀ ਇੱਛਾ ਹੈ ਕਿ ਹਾਂ ਜਿੰਨੀਆਂ ਬੈਰਕਾਂ ਹਨ, ਉਥੇ ਪੈਦਲ ਨਾ ਜਾਣਾ ਪਵੇ, ਉਥੇ ਲਾਈਨ ਲੱਗਦੀ ਹੈ ਤਾਂ ਕੁਰੱਪਸ਼ਨ ਦੀ ਗੱਲ ਬਣਦੀ ਹੈ, ਹਰ ਬੈਰਕ ਦੇ ਬਾਹਰ ਦੋ-ਦੋ ਪੀ.ਸੀ.ਓਜ਼ ਲਗਾ ਦਿੱਤੇ ਜਾਣ। ਮੈਂ ਨਹੀਂ ਕਹਿੰਦਾ ਕਿ ਬੜੇ ਹਾਰਡਕੋਰ ਕਰੀਮੀਨਲਜ਼ ਹਨ, ਕਈ ਉਸ ਦੇ ਵਿੱਚੋਂ ਇਸ ਤਰ੍ਹਾਂ ਦੇ ਵੀ ਹਨ ਜਿਨ੍ਹਾਂ

ਨੇ ਕਰਾਈਮ ਨਹੀਂ ਕੀਤਾ ਹੁੰਦਾ ਪਰ ਉਹ ਸਜ਼ਾ ਕੱਟ ਰਹੇ ਹੁੰਦੇ ਹਨ। ਜਦੋਂ ਉਨ੍ਹਾਂ ਦੀਆਂ ਗੱਲਾਂ ਜਾ ਕੇ ਜੇਲ੍ਹ ਵਿੱਚ ਸੁਣਦੇ ਹਾਂ, ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਐਮ.ਐਲ.ਏ ਸਾਹਿਬ ਨੇ ਕਿਹਾ ਹੈ ਕਿ polish ਹੋਏ ਬਿਠਾਏ ਹੁੰਦੇ ਹਨ, ਮੈਂ ਉਨ੍ਹਾਂ polish ਵਾਲਿਆਂ ਕੋਲ ਨਹੀਂ ਜਾਂਦਾ, ਮੈਂ ਜਿਹੜੇ ਸਭ ਤੋਂ ਦੂਰ ਬੈਠੇ ਹੁੰਦੇ ਹਨ, ਮੈਂ ਉਨ੍ਹਾਂ ਦੀ ਗੱਲ ਜਾ ਕੇ ਸੁਣਦਾ ਹਾਂ ਕਿ ਤੂੰ ਦੱਸ ਤੈਨੂੰ ਕੀ ਪ੍ਰਾਬਲਮ ਹੈ। ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਪਿੱਛੇ ਜਿਹੜਾ Advisory Board ਬਣਿਆ ਹੈ, ਉਸ ਵਿੱਚ ਸੰਧਵਾਂ ਸਾਹਿਬ ਨੂੰ ਵੀ ਮੈਂਬਰ ਬਣਾਇਆ ਹੈ, ਕਾਂਗਰਸ ਦੇ ਵੀ ਮੈਂਬਰ ਬਣਾਏ ਹਨ, ਐਮ.ਪੀ. ਵੀ ਇਸ ਬੋਰਡ ਵਿੱਚ ਪਾਏ ਗਏ ਹਨ ਪਰ ਇੱਕ ਵੀ ਐਮ.ਐਲ.ਏ ਉਨ੍ਹਾਂ ਕੈਦੀਆਂ ਨੂੰ ਜੇਲ੍ਹ ਦੇ ਵਿੱਚ ਦੇਖਣ ਲਈ ਨਹੀਂ ਗਿਆ। ਆਪਾਂ ਗੱਲਾਂ ਬਹੁਤ ਕਰਦੇ ਹਾਂ ਕਿ ਇਹ ਕੁਝ ਹੋਣਾ ਚਾਹੀਦਾ ਹੈ। ਕੋਈ ਵੀ ਐਮ.ਐਲ.ਏ ਕਿਸੇ ਵੀ ਟਾਈਮ ਕਿਸੇ ਜੇਲ੍ਹ ਵਿੱਚ ਜਾ ਕੇ ਵਿਜ਼ਿਟ ਕਰ ਸਕਦਾ ਹੈ। ਉਸ ਨੂੰ ਅਲਾਊਡ ਹੈ। ਬੈਰਕ ਤੱਕ ਪਹੁੰਚ ਸਕਦਾ ਹੈ, ਕੈਦੀਆਂ ਨਾਲ ਗੱਲ ਕਰ ਸਕਦਾ ਹੈ। ਜਿੱਥੇ ਅਸੀਂ ਨੁਕਤਾਚੀਨੀ ਕਰਦੇ ਹਾਂ, ਉਥੇ ਆਪਣੇ ਅੰਦਰ ਝਾਤੀ ਮਾਰੀਏ ਕਿ ਸਾਡੇ ਵਿੱਚੋਂ ਕਿਸੇ ਨੇ ਕਦੇ ਜਾ ਕੇ ਉਨ੍ਹਾਂ ਕੈਦੀਆਂ ਨਾਲ ਗੱਲ ਕੀਤੀ ਹੈ। ਜਿਹੜੀ ਤੁਸੀਂ ਰੋਟੀ ਦੀ ਗੱਲ ਕੀਤੀ ਹੈ, ਮੈਂ ਜਿਸ ਦਿਨ ਮਨਿਸਟਰ ਬਣਿਆ....

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਸਰ, ਕੀ ਕੋਈ ਵੀ ਐਮ.ਐਲ.ਏ ਕਿਸੇ ਵੀ ਜੇਲ੍ਹ ਵਿੱਚ ਵਿਜ਼ਿਟ ਕਰ ਸਕਦਾ ਹੈ?

**ਮਾਨਯੋਗ ਸਪੀਕਰ :** ਬਿਲ ਵਿੱਚ ਸਵਾਲ ਨਹੀਂ ਪੁੱਛਿਆ ਜਾਂਦਾ ਹੈ। ਹਾਂ ਜੀ, ਕੀ ਕੋਈ ਵੀ ਐਮ.ਐਲ.ਏ ਕਿਸੀ ਵੀ ਟਾਈਮ ਜਾ ਕੇ ਜੇਲ੍ਹ ਦੇਖ ਸਕਦਾ ਹੈ?

**ਜੇਲ੍ਹਾਂ ਮੰਤਰੀ:** ਤੁਸੀਂ ਜੇਲ੍ਹ ਸੁਪਰਡੰਟ ਨੂੰ ਜਾ ਕੇ ਦੱਸੋ ਕਿ ਮੈਂ ਪਹੁੰਚ ਗਿਆ ਹਾਂ। ਛੋਟਾ ਦਰਵਾਜ਼ਾ ਨਹੀਂ, ਤੁਹਾਡੇ ਲਈ ਪੂਰਾ ਵੱਡਾ ਦਰਵਾਜ਼ਾ ਖੁੱਲ੍ਹੇਗਾ। ਸਪੀਕਰ ਸਾਹਿਬ, ਵਾਕਿਆ ਹੀ ਪਹਿਲੇ ਦਿਨ ਮੈਂ ਜਦੋਂ ਜੇਲ੍ਹ ਵਿੱਚ ਗਿਆ, ਉੱਥੇ ਮੈਂ ਦੇਖਿਆ ਕਿ ਜਿਹੜੇ ਰੋਟੀ ਲੈ ਕੇ ਤੁਰੇ ਜਾਂਦੇ ਸੀ, 7 ਵਜੇ ਮੈਂ ਪਹੁੰਚ ਗਿਆ ਸੀ, ਮੈਂ ਉਹ ਰੋਟੀ ਆਪ ਖਾਧੀ, ਵਾਕਿਆ ਹੀ ਉਹ ਰੋਟੀ ਖਾਣ ਵਾਲੀ ਨਹੀਂ ਸੀ। ਮੈਂ ਸੁਪਰਡੰਟ ਨੂੰ ਵੀ ਉਹੀ ਰੋਟੀ ਖਾਣ ਲਈ ਆਖਿਆ। Development Board ਬਣਾਉਣ ਦਾ ਮੇਨ ਮਕਸਦ ਇਹ ਹੈ ਕਿ ਟੋਟਲ 90 ਲੱਖ ਰੁਪਿਆ ਇੱਕ ਸਾਲ ਦਾ ਮਿਲਦਾ ਹੈ, ਪਿਛਲੀ ਸਰਕਾਰ ਨੇ ਟੋਟਲ ਜੇਲ੍ਹਾਂ ਵਿੱਚ ਇੰਡਸਟਰੀ ਬੰਦ ਕਰ ਦਿੱਤੀ ਸੀ। ਸਾਰੇ ਹੀ ਕੈਦੀ ਵਿਹਲੇ ਬੈਠੇ ਹਨ। ਉਨ੍ਹਾਂ ਕੋਲ ਕੋਈ ਕੰਮ ਨਹੀਂ ਹੈ। 24 ਹਜ਼ਾਰ ਕੈਦੀ ਜੇਲ੍ਹਾਂ ਵਿੱਚ ਬੰਦ ਹੈ। ਉਸ ਦੇ ਵਿੱਚ 8 ਹਜ਼ਾਰ ਕੈਦੀ convict ਹਨ, ਜਿਨ੍ਹਾਂ ਨੂੰ ਸਜ਼ਾ ਹੈ। ਜਿਹੜੇ under trial ਹਨ, ਸਾਰੀ ਖਰਾਬੀ ਉਹ ਕਰ ਰਹੇ ਹਨ। ਉਨ੍ਹਾਂ ਨੂੰ ਕੰਟਰੋਲ ਕਰਨ ਦੀ ਜ਼ਰੂਰਤ ਹੈ। ਜਿਹੜੀ

[ਜੇਲ੍ਹਾਂ ਮੰਤਰੀ]

ਤੁਸੀਂ ਗੱਲ ਕੀਤੀ ਹੈ ਡਿਵੈਲਪਮੈਂਟ ਬੋਰਡ ਬਣੇਗਾ, ਪ੍ਰਿੰਸੀਪਲ ਸੈਕਟਰੀ (Prisons) and ADGP, Mr. Sinha, ਇਨ੍ਹਾਂ ਦੋਨਾਂ ਨੇ 2-3 ਸਟੇਟਾਂ ਵਿਜ਼ਿਟ ਕੀਤੀਆਂ ਹਨ, ਉਸ ਤੋਂ ਬਾਅਦ ਸੀ.ਐਮ. ਸਾਹਿਬ ਨਾਲ ਮੀਟਿੰਗ ਕੀਤੀ ਹੈ। ਉਨ੍ਹਾਂ ਨੇ ਦੱਸਿਆ ਹੈ ਕਿ ਬਾਹਰ ਸਟੇਟਾਂ ਵਿੱਚ ਜਿੱਥੇ ਜੇਲ੍ਹਾਂ ਦੇ ਬੋਰਡ ਬਣੇ ਹਨ, ਉੱਥੇ ਕੰਮ ਹੋਏ ਹਨ। ਉਸ ਦੇ ਵਿੱਚ ਦੱਸਿਆ ਗਿਆ ਕਿ ਜੇਲ੍ਹਾਂ ਦੇ ਵਿੱਚ ਜਿਹੜੀ ਇਨਕਮ ਜਨਰੇਟ ਹੋਏਗੀ, ਉਹ ਸਰਕਾਰੀ ਖਜ਼ਾਨੇ ਵਿੱਚ ਨਹੀਂ ਜਾਏਗੀ। ਜਦੋਂ ਸਰਕਾਰੀ ਖਜ਼ਾਨੇ ਵਿੱਚ ਜਾਂਦੀ ਹੈ ਤਾਂ ਅਸੀਂ ਫਿਰ ਮੰਗਦੇ ਹਾਂ ਕਿ ਸਾਨੂੰ ਦਿਓ। ਉਸ ਦੇ ਵਿੱਚ ਸਾਨੂੰ ਪ੍ਰਾਬਲਮ ਆਉਂਦੀ ਹੈ। ਜਿਸ ਤਰ੍ਹਾਂ ਤੁਸੀਂ HIV ਦੀ ਗੱਲ ਕੀਤੀ ਹੈ, ਵਾਕਿਆ ਹੀ ਸਾਡੇ ਲਈ ਬੜੀ ਵੱਡੀ ਪ੍ਰਾਬਲਮ ਹੈ। ਮੈਂ ਪਿੱਛੇ ਜਿਹੇ ਵੱਖ ਵੱਖ ਸੰਤ ਸਾਹਿਬਾਨਾਂ ਨੂੰ ਵੀ ਬੇਨਤੀ ਕੀਤੀ ਹੈ। ਮੇਰੀ ਉਨ੍ਹਾਂ ਨੇ ਬੇਨਤੀ ਮੰਨ ਕੇ ਵੱਖ ਵੱਖ ਜੇਲ੍ਹਾਂ ਵਿੱਚ ਜਾ ਕੇ ਕੈਂਪ ਲਗਾਏ ਹਨ, ਮੈਡੀਸਨਜ਼ ਵੀ ਉਹ ਭੇਜ ਰਹੇ ਹਨ। ਸਾਰੀਆਂ ਜੇਲ੍ਹਾਂ ਵਿੱਚ ਹਸਪਤਾਲਾਂ ਦੀ ਵੀ ਬੜੀ ਮਾੜੀ ਹਾਲਤ ਹੈ। ਸੈਨੀਟੇਸ਼ਨ ਦਾ ਬਹੁਤ ਬੁਰਾ ਹਾਲ ਹੈ। ਇਹ ਸਾਰੀਆਂ ਚੀਜ਼ਾਂ ਇਸ ਕਰਕੇ ਕੀਤੀਆਂ ਹਨ ਤਾਂ ਕਿ ਜਿਹੜੀ ਫੈਕਟਰੀ ਤੋਂ ਜੇਲ੍ਹਾਂ ਵਿੱਚ ਇਨਕਮ ਹੋਵੇਗੀ, ਉਨ੍ਹਾਂ ਕੈਦੀਆਂ ਦੀ ਵੈੱਲਫੇਅਰ ਲਈ ਕੰਮ ਕੀਤਾ ਜਾਵੇਗਾ। ਕੈਦੀਆਂ ਦੀ ਵੈਲਫੇਅਰ ਦੇ ਵਿੱਚ ਕੈਦੀਆਂ ਨੂੰ skill development, rehablitation, counselling ਅਤੇ ਹੋਰ ਜਿਹੜੇ ਵੈਲਫੇਅਰ ਦੇ ਕੰਮ ਹਨ, ਉਹ ਉਥੇ ਚਲਾਏ ਜਾਣਗੇ। ਬਾਹਰੋਂ Counsellors ਜੇਲ੍ਹਾਂ ਵਿੱਚ ਕੈਦੀਆਂ ਦੀ ਕੌਂਸਲਿੰਗ ਲਈ ਭੇਜੇ ਜਾਣਗੇ ਤਾਂ ਕਿ ਕੈਦੀ ਚੰਗੇ ਰਸਤੇ ਤੇ ਚੱਲ ਸਕਣ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਪੰਜਾਬ ਜੇਲ੍ਹਾਂ ਵਿਕਾਸ ਬੋਰਡ ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 25**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 25 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਤੋਂ 25 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਜੇਲ੍ਹਾਂ ਮੰਤਰੀ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਜੇਲ੍ਹਾਂ ਵਿਕਾਸ ਬੋਰਡ ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਜੇਲ੍ਹਾਂ ਵਿਕਾਸ ਬੋਰਡ ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਜੇਲ੍ਹਾਂ ਵਿਕਾਸ ਬੋਰਡ ਬਿਲ, 2020 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

------------

## 3. THE PUNJAB MANAGEMENT AND TRANSFER OF MUNICIPAL PROPERTIES BILL, 2020

**ਮਾਨਯੋਗ ਸਪੀਕਰ :** ਸ਼੍ਰੀ ਬ੍ਰਹਮ ਮਹਿੰਦਰਾ, ਸਥਾਨਕ ਸਰਕਾਰ ਮੰਤਰੀ ਬਿਲ ਪੇਸ਼ ਕਰਨ।

**ਸਥਾਨਕ ਸਰਕਾਰ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸ਼੍ਰੀਮਾਨ ਜੀ, ਮੈਂ ਦਿ ਪੰਜਾਬ ਮੈਨੇਜਮੈਂਟ ਐਂਡ ਟਰਾਂਸਫਰ ਆਫ ਮਿਊਂਸਿਪਲ ਪ੍ਰਾਪਰਟੀਜ਼ ਬਿਲ, 2020 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਦਿ ਪੰਜਾਬ ਮੈਨੇਜਮੈਂਟ ਐਂਡ ਟਰਾਂਸਫਰ ਆਫ ਮਿਊਂਸਿਪਲ ਪ੍ਰਾਪਰਟੀਜ਼ ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਦਿ ਪੰਜਾਬ ਮੈਨੇਜਮੈਂਟ ਐਂਡ ਟਰਾਂਸਫਰ ਆਫ ਮਿਊਂਸਿਪਲ ਪ੍ਰਾਪਰਟੀਜ਼ ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ ਜੇਕਰ ਕੋਈ ਹੋਵੇ?

**ਸਥਾਨਕ ਸਰਕਾਰ ਮੰਤਰੀ :** ਸਪੀਕਰ ਸਾਹਿਬ, ਮੈਂ ਇਸ ਤੇ ਬੋਲਣਾ ਵੀ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ......

**ਮਾਨਯੋਗ ਸਪੀਕਰ :** ਠੀਕ ਹੈ ਜੀ। ਤੁਸੀਂ ਤਾਂ ਲਾਈਨ ਹੀ ਲਗਾ ਦਿੱਤੀ। ਪਹਿਲਾਂ ਬੈਂਸ ਸਾਹਿਬ ਨੂੰ ਬੋਲ ਲੈਣ ਦਿਉ। ਮੰਤਰੀ ਜੀ, ਤੁਸੀਂ ਬਾਅਦ ਵਿੱਚ ਬੋਲ ਲੈਣਾ।

**ਸਰਦਾਰ ਸਿਮਰਜੀਤ ਸਿੰਘ ਬੈਂਸ (ਆਤਮ ਨਗਰ):** ਸਪੀਕਰ ਸਾਹਿਬ, ਅੱਜ ਮੇਰੀ ਲਾਟਰੀ ਲੱਗੀ ਹੋਈ ਹੈ। ਸ਼ੁਕਰੀਆ, ਬਹੁਤ ਮਿਹਰਬਾਨੀ ਜੀ। ਸਰ, ਮੈਂ ਇਸ ਬਿਲ ਤੇ ਗੱਲ ਕਰਨੀ ਚਾਹੁੰਦਾ ਹਾਂ। ਇਸ ਨਾਲ ਸਬੰਧਿਤ ਐਕਟ ਪੰਜਾਬ ਅੰਦਰ 1961 ਵਿੱਚ ਆਇਆ ਸੀ, ਪੰਜਾਬ ਵਿਲੇਜ ਕਾਮਨ ਲੈਂਡ ਐਕਟ, ਜਿਹੜਾ ਕਿ ਇਹ ਹੁਕਮ ਕਰਦਾ ਹੈ ਕਿ ਮੁਸਤਰਕਾ, ਮਾਲਕਾਨ, ਜੁਮਲਾ ਅਤੇ ਦੇਹ ਸ਼ਾਮਲਾਤ ਕਿਸੇ ਵੀ ਹਾਲਤ ਵਿੱਚ ਟਰਾਂਸਫਰ ਨਹੀਂ ਹੋ ਸਕਦੀ, ਵੇਚੀ ਨਹੀਂ ਜਾ ਸਕਦੀ। ਸਰਕਾਰ ਅਤੇ ਪੰਚਾਇਤ ਨੂੰ ਇਸ ਜ਼ਰੀਏ ਹਦਾਇਤ ਹੈ। ਸੋ, ਪੰਜਾਬ ਅੰਦਰ ਕੁੱਲ 1 ਲੱਖ 35 ਹਜ਼ਾਰ ਏਕੜ ਪੰਚਾਇਤੀ ਜ਼ਮੀਨ ਹੈ ਅਤੇ ਇਸ ਵਿੱਚ 33% ਰਾਖਵਾਂਕਰਨ ਦਲਿਤ ਪਰਿਵਾਰਾਂ ਅਤੇ ਛੋਟੇ ਕਿਸਾਨਾਂ ਲਈ ਹੈ, ਜਿਸ ਨਾਲ ਉਹ ਆਪਣੀ ਰੋਜ਼ੀ-ਰੋਟੀ ਚਲਾਉਂਦੇ ਹਨ ਜਿੱਥੋਂ ਉਹ ਆਪਣੇ ਬਾਲ ਬੱਚਿਆਂ ਦੀ ਪੜ੍ਹਾਈ ਦਾ ਇੰਤਜ਼ਾਮ ਕਰਦੇ ਹਨ। ਇਸ 1 ਲੱਖ 35 ਹਜ਼ਾਰ ਏਕੜ ਪ੍ਰਰਪਰਟੀ ਤੋਂ ਤਕਰੀਬਨ ਸਾਲਾਨਾ 500 ਕਰੋੜ ਰੁਪਏ ਦੀ ਆਮਦਨ ਹੁੰਦੀ ਹੈ। ਪਿੱਛੇ ਜਿਹੇ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਇੱਕ ਆਰਡੀਨੈਂਸ ਦੇ ਰੂਪ ਵਿੱਚ ਲੈਂਡ ਬੈਂਕ ਐਕਟ ਬਣਾਉਣ ਦੀਆਂ ਕਨਸੋਆਂ ਮਿਲੀਆਂ ਹਨ। ਅਸੀਂ ਇਹ ਨਹੀਂ ਕਹਿੰਦੇ ਕਿ ਤੁਸੀਂ ਪੰਜਾਬ ਵਿੱਚ ਇੰਡਸਟਰੀ ਨਾ ਲੈ ਕੇ ਆਉ। ਇੰਡਸਟਰੀ ਲਈ ਤੁਸੀਂ ਜਗ੍ਹਾ ਐਕੁਆਇਰ ਕਰੋ।ਲੈਂਡ ਦਾ ਐਕੁਜ਼ੀਸ਼ਨ ਐਕਟ 2013, ਤਹਿਤ ਐਕੁਆਇਰ ਕਰੋ। ਪੰਚਾਇਤੀ ਲੈਂਡ ਦੇ ਸਬੰਧ ਵਿੱਚ ਮਾਨਯੋਗ ਹਾਈ ਕੋਰਟ ਨੇ 2012 ਵਿੱਚ ਇੱਕ ਆਰਡਰ ਦਿੱਤਾ ਸੀ ਜਿਸ ਵਿੱਚ ਪ੍ਰਮੁੱਖ ਰਾਜਨੀਤਿਕ, ਸ਼ਕਤੀਸ਼ਾਲੀ ਵੀ.ਵੀ.ਆਈ.ਪੀ. ਲੋਕਾਂ ਦੇ ਨਾਮ ਹਨ, ਆਈ.ਏ.ਐਸ. ਅਤੇ ਆਈ.ਪੀ.ਐਸ. ਲੋਕਾਂ ਦੇ ਨਾਂ ਹਨ ਜਿਨ੍ਹਾਂ ਨੇ ਚੰਡੀਗੜ੍ਹ ਦੀ ਪੈਰੀਫੇਰੀ ਤੇ ਪੰਚਾਇਤੀ ਜ਼ਮੀਨ ਕੌਡੀਆਂ ਦੇ ਭਾਅ ਖਰੀਦ ਕੇ 7 ਸਟਾਰ ਹੋਟਲ ਅਤੇ ਮਹਿਲ ਵਗੈਰਾ ਬਣਾ ਲਏ। ਸਰ, ਪੰਚਾਇਤੀ ਜ਼ਮੀਨ ਲਈ ਪੰਜਾਬ ਵਿਲੇਜ ਕਾਮਨ ਲੈਂਡ ਐਕਟ, 1961 ਦੀ ਹਦਾਇਤ ਹੈ, ਹੁਕਮ ਹੈ ਕਿ ਇਹ ਜ਼ਮੀਨ ਟਰਾਂਸਫਰ ਨਹੀਂ ਹੋਣੀ। ਮਾਨਯੋਗ ਹਾਈ ਕੋਰਟ ਨੇ ਇਹ ਆਰਡਰ ਕੀਤਾ ਹੈ ਕਿ ਜਿਹੜੇ ਇੰਤਕਾਲ ਇੰਡਵਿਜ਼ੂਅਲ ਦੇ ਤੌਰ ਤੇ ਹਨ, ਉਹ ਰੀਵਿਊ ਕਰੋ ਅਤੇ ਉਨ੍ਹਾਂ ਨੂੰ ਖਤਮ ਕਰੋ। ਉਹ ਖਤਮ ਨਹੀਂ ਹੋਏ, ਅੱਜ ਤੱਕ ਕਿਸੇ ਇੰਡਵਿਜ਼ੂਅਲ ਦੇ ਨਾਂ ਤੋਂ ਇੰਤਕਾਲ ਤੋੜ ਕੇ ਕਿਸੇ ਪੰਚਾਇਤ ਦੇ ਨਾਂ ਤੇ ਨਹੀਂ ਹੋਇਆ। ਉਲਟਾ ਹੁਣ ਲੈਂਡ ਬੈਂਕ ਐਕਟ ਆ ਰਿਹਾ ਹੈ। ਇਹ ਜਿਹੜੇ ਪਾਵਰਫੁੱਲ ਲੋਕ ਹਨ, ਉਨ੍ਹਾਂ ਨੇ ਕੌਡੀਆਂ ਦੇ ਭਾਅ ਤੇ ਖਰੀਦੀਆਂ ਜ਼ਮੀਨਾਂ ਤੇ ਖਰਬਾਂ ਰੁਪਿਆ ਖਰਚ ਕਰਕੇ ਆਪਣਾ ਭਵਿੱਖ ਸੁਰੱਖਿਅਤ ਕਰਨ ਵਾਸਤੇ ਅਤੇ 1 ਲੱਖ 35 ਹਜ਼ਾਰ ਏਕੜ ਨੂੰ ਵਾਢਾ ਲਗਾਉਣ ਵਾਸਤੇ ਮਹਿਲ ਅਤੇ 7 ਸਟਾਰ ਹੋਟਲ ਬਣਾਏ ਹਨ। ਇਹ ਪੰਜਾਬ ਅੰਦਰ ਅਨਿਆਂ ਹੋ ਰਿਹਾ ਹੈ। ਤੁਸੀਂ ਕਹਿੰਦੇ ਹੋ ਕਿ ਜਾਪਾਨ ਦੀ ਕੰਪਨੀ ਪਟਿਆਲਾ

[ਸਰਦਾਰ ਸਿਮਰਜੀਤ ਸਿੰਘ ਬੈਂਸ]

ਵਿੱਚ ਆ ਰਹੀ ਹੈ। ਸਿਹਰਾ-ਸਿਹਰੀ, ਆਕੜ-ਆਕੜੀ ਪਿੰਡ ਵਿੱਚ ਤੁਸੀਂ ਜਾਪਾਨੀ ਕੰਪਨੀ ਲੈ ਕੇ ਆਏ ਹੋ, ਜੰਮ-ਜੰਮ ਕੇ ਵਧੀਆ ਇੰਡਸਟਰੀ ਚਲਾਉ ਪਰ ਜਿਹੜੀ ਆਲਰੇਡੀ ਇੰਡਸਟਰੀ ਬੰਦ ਪਈ ਹੈ, ਉਸ ਨੂੰ ਚਲਾਉਣ ਦਾ ਕੋਈ ਬੰਦੋਬਸਤ ਨਹੀਂ ਹੈ। ਸੋ, ਮੈਂ ਇਹ ਕਹਾਂਗਾ ਕਿ ਜੇ ਤੁਸੀਂ ਜਪਾਨੀ ਕੰਪਨੀ ਲੈ ਕੇ ਆਉਣੀ ਹੈ ਤਾਂ ਕਿਰਪਾ ਕਰਕੇ ਸਾਲ 2013 ਦੇ ਲੈਂਡ ਐਕੁਜ਼ੀਸ਼ਨ ਐਕਟ ਦੇ ਅਨੁਸਾਰ ਲਿਆਓ। ਪੰਜਾਬ ਵਿੱਚ ਜਗ੍ਹਾ ਤਾਂ ਬਹੁਤ ਹੈ। ਐਨ.ਆਰ.ਆਈ ਕਹਿੰਦੇ ਹਨ ਕਿ ਸਾਡੀ ਜਿੰਨੀ ਮਰਜ਼ੀ ਜਗ੍ਹਾ ਲੈ ਲਓ। ਕਿਸੇ ਦੀ 50 ਏਕੜ ਜ਼ਮੀਨ ਪਈ ਹੈ, ਕਿਸੇ ਦੀ 100 ਏਕੜ ਜ਼ਮੀਨ ਪਈ ਹੈ, ਜਿੰਨੀ ਮਰਜ਼ੀ ਜ਼ਮੀਨ ਐਕੁਆਇਰ ਕਰ ਲਓ ਪਰ ਇਹ ਜਿਹੜਾ ਇਸ ਨਾਲ ਰਲਦਾ ਲੈਂਡ ਬੈਂਕ ਐਕਟ ਹੈ, ਸਰ, ਉਹ ਪੰਜਾਬ ਵਾਸਤੇ ਅਤਿਅੰਤ ਖਤਰਨਾਕ ਤੇ ਗੰਭੀਰ ਹੈ। ਸੋ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ।

**ਮਾਨਯੋਗ ਸਪੀਕਰ:** ਹਾਂ ਜੀ, ਬੁੱਧ ਰਾਮ ਜੀ, ਬੋਲੋ।

**ਸ਼੍ਰੀ ਬੁੱਧ ਰਾਮ (ਬੁੱਢਲਾਡਾ, ਐਸ.ਸੀ.):** ਥੈਂਕਿਊ, ਸਰ। ਜਿਹੜੀਆਂ ਮਿਊਂਸਿਪੈਲਟੀ ਏਰੀਏ ਵਿੱਚ ਪ੍ਰਾਪਰਟੀਜ਼ ਹਨ, ਬ੍ਰਹਮ ਮਹਿੰਦਰਾ ਜੀ, ਇੱਕ ਗੱਲ ਸੁਣਨ ਵਾਲੀ ਹੈ, ਬੈਨੀਫਿਟ ਦੀ ਹੈ।

**ਮਾਨਯੋਗ ਸਪੀਕਰ :** ਤੁਸੀਂ ਬੋਲੋ।

**ਸ਼੍ਰੀ ਬੁੱਧ ਰਾਮ :** ਸਰ, ਜਿਵੇਂ ਕਿਸੇ ਦੇ ਮਾਤਾ-ਪਿਤਾ 20-30 ਸਾਲ ਇੱਕ ਮਕਾਨ ਵਿੱਚ ਰਹਿੰਦੇ ਹਨ ਤੇ ਫਿਰ ਉਸ ਤੋਂ ਬਾਅਦ ਐਕਸਪਾਇਰ ਹੋ ਜਾਂਦੇ ਹਨ ਤਾਂ ਉਹ ਪ੍ਰਾਪਰਟੀ ਉਨ੍ਹਾਂ ਦੇ ਬੱਚਿਆਂ ਨੂੰ ਚਲੀ ਜਾਂਦੀ ਹੈ। ਪ੍ਰਧਾਨ ਮੰਤਰੀ ਆਵਾਸ ਯੋਜਨਾ ਦੇ ਅਧੀਨ ਮਿਊਂਸਿਪਲ ਕਮੇਟੀਆਂ ਵਾਲੇ ਮਕਾਨ ਬਣਾਉਣ ਵਾਸਤੇ ਡੇਢ ਲੱਖ ਰੁਪਏ ਦਿੰਦੇ ਹਨ ਪਰ ਉਹ ਡੇਢ ਲੱਖ ਰੁਪਏ ਲੈਣ ਵਾਸਤੇ ਇਹ ਸ਼ਰਤ ਹੈ ਕਿ ਜਿਹੜੀ ਉਹ ਪ੍ਰਾਪਰਟੀ ਹੈ, ਉਹ ਉਸ ਬੰਦੇ ਦੇ ਨਾਂ ਤੇ ਹੋਣੀ ਚਾਹੀਦੀ ਹੈ। ਪਿਛਲੇ ਸਾਲ ਸਰਦਾਰ ਨਵਜੋਤ ਸਿੰਘ ਸਿੱਧੂ ਜੀ ਜਦੋਂ ਮੰਤਰੀ ਸੀ ਤਾਂ ਉਨ੍ਹਾਂ ਨੇ ਵਧੀਆ-ਵਧੀਆ ਕੰਮ ਕੀਤੇ ਸੀ ਕਿ ਜਿਹੜੇ ਲਾਲ ਲਕੀਰ ਦੇ ਵਿੱਚ ਆਉਂਦੇ ਹਨ, ਉਨ੍ਹਾਂ ਦਾ ਬਿਜਲੀ ਦਾ ਬਿਲ ਜਾਂ ਕੋਈ ਹੋਰ ਸ਼ਨਾਖਤੀ ਕਾਰਡ ਦੇਖ ਕੇ ਉਹ ਪੈਸੇ ਪਾ ਦਿੱਤੇ ਗਏ ਸੀ ਪਰੰਤੂ ਅਜਿਹੇ ਕੁਝ ਗਰੀਬ ਲੋਕ ਹਨ ਜੋ ਸਲੱਮ ਏਰੀਏ ਵਿੱਚ ਰਹਿੰਦੇ ਹਨ ਜਿਨ੍ਹਾਂ ਦੇ ਨਾਂ ਤੇ ਪ੍ਰਾਪਰਟੀ ਨਹੀਂ ਹੈ ਪਰ ਉਹ ਲਾਲ ਲਕੀਰ ਤੋਂ ਬਾਹਰ ਹਨ। ਮੈਂ ਸਰ, ਤੁਹਾਡੇ ਜ਼ਰੀਏ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਕੋਈ ਇਹੋ ਜਿਹਾ ਪ੍ਰਬੰਧ ਕਰੋ ਕਿ ਲਾਲ ਲਕੀਰ ਤੋਂ ਬਾਹਰ ਰਹਿਣ ਵਾਲੇ ਜਿਹੜੇ ਗਰੀਬ ਨਿਵਾਸੀ ਹਨ, ਉਨ੍ਹਾਂ ਨੂੰ ਪ੍ਰਧਾਨ ਮੰਤਰੀ ਆਵਾਸ ਯੋਜਨਾ ਅਧੀਨ ਜਿਹੜਾ ਡੇਢ ਲੱਖ ਰੁਪਏ ਮਿਲਦਾ ਹੈ, ਉਹ ਦੇਣ ਦਾ ਪ੍ਰਬੰਧ

ਕੀਤਾ ਜਾਵੇ। ਮੈਂ ਇੱਕ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਇਸ ਸਬੰਧੀ ਅਖਬਾਰ ਵਿੱਚ ਕੱਢ ਦਿਓ ਕਿ ਇਹ ਬੰਦੇ ਲਾਲ ਲਕੀਰ ਤੋਂ ਬਾਹਰ ਹਨ ਤੇ ਜੇ ਕਿਸੇ ਨੂੰ ਇਨ੍ਹਾਂ ਦੇ ਪਲਾਟ ਦੇ ਉਤੇ ਕੋਈ ਇਤਰਾਜ਼ ਹੈ ਤਾਂ ਦੱਸਿਆ ਜਾਵੇ, ਜੇਕਰ 15-20 ਦਿਨਾਂ ਵਿੱਚ ਕੋਈ ਇਤਰਾਜ਼ ਨਹੀਂ ਮਿਲਦਾ ਤਾਂ ਮੇਰਾ ਖਿਆਲ ਹੈ ਕਿ ਉਨ੍ਹਾਂ ਨੂੰ ਮਾਲਕ ਮੰਨ ਕੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਦਾ ਲਾਭ ਦਿੱਤਾ ਜਾਵੇ।

**ਠੇਕੇਦਾਰ ਮਦਨ ਲਾਲ ਜਲਾਲਪੁਰ (ਘਨੌਰ):** ਸਰ, ਸਾਡੇ ਪੰਜ ਪਿੰਡ ਹਨ ਤੇ ਸਾਡੇ ਕੋਲ ਚੌਦਾਂ-ਪੰਦਰਾਂ ਸੌ ਏਕੜ ਪੰਚਾਇਤ ਦੀ ਜ਼ਮੀਨ ਹੈ। ਸਾਡੇ ਭਰਾ ਪਿੱਛੇ ਜਿਹੇ ਉੱਥੇ ਗਏ ਸੀ, ਇਹ ਚਾਹੁੰਦੇ ਹਨ ਕਿ ਉਹ ਇਲਾਕਾ ਤਰੱਕੀ ਨਾ ਕਰੇ। ਜੇ ਉੱਥੇ ਇੰਡਸਟਰੀ ਆਉਂਦੀ ਹੈ, ਉਸ ਵਾਸਤੇ ਜੇ ਅਸੀਂ ਹਜ਼ਾਰ ਏਕੜ ਵੇਚਾਂਗੇ ਤਾਂ ਹਜ਼ਾਰ ਏਕੜ ਪੰਚਾਇਤ ਦੀ ਜ਼ਮੀਨ ਖਰੀਦਾਂਗੇ ਵੀ। ਇਹ ਨਹੀਂ ਹੈ ਕਿ ਅਸੀਂ ਪੈਸੇ ਕਿਤੇ ਹੋਰ ਲਗਾਵਾਂਗੇ। ਜੇ ਅੱਜ ਉਸ ਜ਼ਮੀਨ ਦੀ ਮਾਰਕੀਟ ਕੀਮਤ ਪੰਦਰਾਂ ਤੋਂ ਵੀਹ ਲੱਖ ਰੁਪਏ ਹੈ ਅਤੇ ਸਰਕਾਰ ਸਾਨੂੰ ਤੀਹ ਲੱਖ ਰੁਪਏ ਦੇ ਰਹੀ ਹੈ ਤਾਂ ਅਸੀਂ ਹਜ਼ਾਰ ਏਕੜ ਜ਼ਮੀਨ ਵੇਚ ਕੇ ਬਾਰ੍ਹਾਂ-ਤੇਰਾਂ ਸੌ ਏਕੜ ਜ਼ਮੀਨ ਖਰੀਦ ਵੀ ਸਕਦੇ ਹਾਂ। ਅੱਜ ਉੱਥੇ ਲੋਕਲ ਜ਼ਮੀਨ ਦਾ ਪੰਦਰਾਂ ਲੱਖ ਰੁਪਏ ਰੇਟ ਹੈ, ਜਿਸ ਦਿਨ ਉੱਥੇ ਇੰਡਸਟਰੀ ਆ ਗਈ ਤਾਂ ਕਰੋੜ ਰੁਪਏ ਦਾ ਕਿੱਲਾ ਹੋ ਜਾਵੇਗਾ। ਸਾਰਾ ਇਲਾਕਾ ਤਿਆਰ ਹੈ ਪਰ ਪਤਾ ਨਹੀਂ ਦੂਜੇ ਬੰਦੇ ਸਾਡੇ ਇਲਾਕੇ ਦੀ ਤਰੱਕੀ ਵਿੱਚ ਵਿਘਨ ਕਿਉਂ ਪਾ ਰਹੇ ਹਨ? ਮੇਰਾ ਖਿਆਲ ਹੈ ਕਿ ਜੇ ਅੱਜ ਕਮੇਟੀ ਬਣਾ ਕੇ ਫੈਸਲਾ ਕਰ ਲੈਣ ਤਾਂ ਅੱਜ 90% ਲੋਕ ਬਿਲਕੁਲ ਤਿਆਰ ਹਨ।

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ ਸਰਦਾਰ ਸਿਮਰਜੀਤ ਸਿੰਘ ਬੈਂਸ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਨਯੋਗ ਸਪੀਕਰ:** ਬੈਂਸ ਸਾਹਿਬ, ਬੈਠ ਜਾਓ ਹੁਣ, ਇਸ ਝਗੜੇ ਵਿੱਚ ਨਾ ਪਓ। ਹਾਂ ਜੀ, ਬ੍ਰਹਮ ਮਹਿੰਦਰਾ ਜੀ।

**ਸਥਾਨਕ ਸਰਕਾਰ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸਪੀਕਰ ਸਰ, ਮੈਂ ਤੁਹਾਡੀ ਇਜਾਜ਼ਤ ਨਾਲ ਇੱਕ ਬੜਾ ਅਹਿਮ ਬਿਲ ਲੈ ਕੇ ਆ ਰਿਹਾ ਹਾਂ। ਸਪੀਕਰ ਸਾਹਿਬ, ਸਾਡੀਆਂ ਸ਼ਹਿਰੀ ਸਥਾਨਕ ਸੰਸਥਾਵਾਂ, ਜਿਨ੍ਹਾਂ ਵਿੱਚ ਮਿਊਂਸਿਪਲ ਕਾਰਪੋਰੇਸ਼ਨਜ਼, ਮਿਊਂਸੀਪੈਲੀਟਿਜ਼, ਨੋਟੀਫਾਈਡ ਏਰੀਆ ਕਮੇਟੀ ਅਤੇ ਇੰਪਰੂਵਮੈਂਟ

[ਸਥਾਨਕ ਸਰਕਾਰ ਮੰਤਰੀ]

ਟਰੱਸਟ ਸ਼ਾਮਲ ਹਨ, ਉਨ੍ਹਾਂ ਦੀਆਂ ਕਾਫੀ ਸਾਰੀਆਂ ਜਾਇਦਾਦਾਂ ਦੀ ਸਹੀ ਸੰਭਾਲ ਦੀ ਲੋੜ ਹੈ। ਸਪੀਕਰ ਸਾਹਿਬ, ਇਹ ਜਿਹੜਾ ਬਿਲ ਹੈ, ਅੱਜ ਜਿਸ ਵਾਸਤੇ ਸਦਨ ਇਸ ਦੀ ਮਨਜ਼ੂਰੀ ਦੇਵੇਗਾ ਇਸ ਨਾਲ ਪੰਜਾਬ ਦੀਆਂ ਸ਼ਹਿਰੀ ਸੰਸਥਾਵਾਂ ਨਵੇਂ ਸਿਰੇ ਤੋਂ ਪਾਰਦਰਸ਼ੀ ਤਰੀਕੇ ਨਾਲ ਆਪਣੀਆਂ ਸਾਰੀਆਂ ਜਾਇਦਾਦਾਂ ਨੂੰ ਸਾਂਭ ਸਕਣਗੀਆਂ। ਕਈ ULBs ਵਿੱਚੋਂ ਸਾਡੀਆਂ ਕੁਝ ਕਮੇਟੀਆਂ ਕੋਲ ਪੈਸਾ ਨਹੀਂ ਹੈ ਤੇ ਸਾਡੀਆਂ ਕੁਝ ਐਸੀਆਂ ਕਮੇਟੀਆਂ ਕੋਲ ਰੈਵੇਨਿਊ ਘੱਟ ਹੈ ਔਰ ਬਹੁਤ ਥੋੜੀਆਂ ਕਮੇਟੀਆਂ ਹਨ ਜਿਨ੍ਹਾਂ ਕੋਲ ਜ਼ਿਆਦਾ ਰੈਵੇਨਿਊ ਹੈ। ਇਸ ਕਰਕੇ ਜਿਹੜੀਆਂ ਕਮੇਟੀਆਂ ਕੋਲ ਪ੍ਰਾਪਰਟੀ ਬਹੁਤ ਹੈ ਪਰ ਉਨ੍ਹਾਂ ਨੂੰ ਰੈਵੇਨਿਊ ਨਹੀਂ ਆਉਂਦਾ, ਇਹ ਬਿਲ ਐਕਟ ਬਣਨ ਤੋਂ ਬਾਅਦ ਇਨ੍ਹਾਂ ਨੂੰ enable ਕਰੇਗਾ ਕਿ ਉਹ ਆਪਣੀਆਂ ਪ੍ਰਾਪਰਟੀਜ਼ ਨੂੰ ਸੰਭਾਲ ਸਕਦੇ ਹਨ, ਵੇਚ ਸਕਦੇ ਹਨ ਤਾਂ ਕਿ ਉਨ੍ਹਾਂ ਦੇ ਰੈਵੇਨਿਊ ਵਿੱਚ ਵਾਧਾ ਹੋ ਸਕੇ। ਦੂਸਰੀ ਗੱਲ, ਸਪੀਕਰ ਸਾਹਿਬ, ਸਭ ਤੋਂ ਵੱਡੀ ਗੱਲ ਇਹ ਹੋਵੇਗੀ ਕਿ ਐਮ.ਐਲ.ਏਜ਼ ਵੀ ਮਹਿਸੂਸ ਕਰਦੇ ਹਨ ਕਿ ਸਾਡੇ ਇਲਾਕਿਆਂ ਵਿੱਚ ਬਹੁਤ ਪ੍ਰਾਪਰਟੀਜ਼ ਪਈਆਂ ਹਨ, ਉਸ ਦਾ ਇਸ ਬਿਲ ਤੋਂ ਬਾਅਦ ਇੱਕ ਮੈਕੇਨਿਜ਼ਮ ਬਣ ਜਾਵੇਗਾ ਕਿ ਉਨ੍ਹਾਂ ਨੂੰ ULBs ਕਿਵੇਂ ਡਿਸਪੋਜ਼ ਆਫ ਕਰ ਸਕਦੀਆਂ ਹਨ। ਇਸ ਦੇ ਨਾਲ ਸਭ ਤੋਂ ਵੱਡੀ ਗੱਲ ਇਹ ਹੋਵੇਗੀ ਕਿ ਫਾਈਨਾਂਸ਼ੀਅਲ ਸਟੇਬਿਲਿਟੀ ਆਵੇਗੀ। ਜਿਹੜੀਆਂ ਸਾਡੀਆਂ ਕਮੇਟੀਆਂ ਹਨ, ਉਨ੍ਹਾਂ ਵਿੱਚ ਇਨਕਮ ਹੋਣ ਤੋਂ ਬਾਅਦ ਸਟੇਬਿਲਿਟੀ ਆਵੇਗੀ ਤੇ ਉਹ ਆਪਣੇ ਆਪ ਵਿੱਚ self sustaining ਹੋ ਜਾਣਗੀਆਂ ਜਿਸ ਨਾਲ ਸਰਕਾਰ ਤੇ ਵੀ ਬੋਝ ਘਟੇਗਾ ਔਰ ਬੜੀ ਡਿਵੈਲਪਮੈਂਟ ਹੋ ਸਕੇਗੀ। ਮੈਂ ਕੈਪਟਨ ਅਮਰਿੰਦਰ ਸਿੰਘ ਜੀ ਦਾ ਅਤੇ ਆਪਣੇ ਕੈਬਨਿਟ ਕੁਲੀਗਜ਼ ਦਾ ਬਹੁਤ ਧੰਨਵਾਦ ਕਰਦਾ ਹਾਂ ਜਿਨ੍ਹਾਂ ਦੇ ਪੂਰੇ ਸਹਿਯੋਗ ਨਾਲ ਅੱਜ ਇਹ ਬਿਲ ਪਾਸ ਹੋਵੇਗਾ।

**Mr. Speaker :** Thank you.

**ਮੰਤਰੀ :** ਸਰ, ਮੈਂ ਇਸ ਦੇ salient features ਦੱਸਣਾ ਚਾਹਾਂਗਾ। ਇਸ ਬਿਲ ਦੇ ਕੁਝ salient features ਹਨ।

**Mr. Speaker :** You want to explain?

**ਮੰਤਰੀ :** ਮੈਂ ਥੋੜ੍ਹਾ ਜਿਹਾ ਹਾਈਲਾਈਟ ਕਰ ਦਿੰਦਾ ਹਾਂ, ਜੇ ਤੁਹਾਡੀ ਥੋੜ੍ਹੀ ਇਜਾਜ਼ਤ ਹੋਵੇ, ਨਹੀਂ ਤਾਂ ਮੈਂਬਰਜ਼ ਪੜ੍ਹ ਹੀ ਲੈਣਗੇ।

**ਮਾਨਯੋਗ ਸਪੀਕਰ:** ਮੈਂਬਰਜ਼ ਪੜ੍ਹ ਲੈਣਗੇ, ਪੜ੍ਹ ਲੈਣਗੇ।

**ਸਰਦਾਰ ਬਲਵਿੰਦਰ ਸਿੰਘ ਬੈਂਸ:** ਸਪੀਕਰ ਸਾਹਿਬ, ਇੱਕ ਮਿੰਟ ਜੀ।

**ਮਾਨਯੋਗ ਸਪੀਕਰ:** ਬੈਂਸ ਸਾਹਿਬ, ਮੈਨੂੰ ਅੱਗੇ ਚੱਲਣ ਦਿਉ।

**ਸਰਦਾਰ ਬਲਵਿੰਦਰ ਸਿੰਘ ਬੈਂਸ:** ਸਪੀਕਰ ਸਾਹਿਬ, ਇੱਕ ਮਿੰਟ ਬਸ।

**ਮਾਨਯੋਗ ਸਪੀਕਰ:** ਹਾਂ ਜੀ, ਬੈਂਸ ਸਾਹਿਬ ਦੱਸੋ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬਹੁਤ ਅਹਿਮ ਇਸ਼ੂ ਤੇ ਬੋਲਣ ਲਈ ਸਮਾਂ ਦਿੱਤਾ ਹੈ। ਸਪੀਕਰ ਸਾਹਿਬ, ਮੈਨੂੰ ਇਸ ਗੱਲ ਦਾ ਡਰ ਹੈ ਕਿ ਜਿਹੜੀ ਸ਼ਹਿਰ ਵਾਲੀ ਪ੍ਰਾਪਰਟੀ ਹੈ, ਬਹੁਤ ਸਾਰੀਆਂ ਪੰਚਾਇਤਾਂ ਨੇ ਬਹੁਤ ਸਾਲ ਪਹਿਲਾਂ ਗਰੀਬ ਲੋਕਾਂ ਨੂੰ ਘਰ ਬਣਾਉਣ ਲਈ ਉਹ ਦੇ ਦਿੱਤੀਆਂ ਸਨ। ਉੱਥੇ ਲੋਕਾਂ ਦੇ ਘਰ ਬਣੇ ਹੋਏ ਹਨ। ਕਿਤੇ ਇਸ ਆੜ ਵਿੱਚ ਉਨ੍ਹਾਂ ਗਰੀਬ ਲੋਕਾਂ ਦੇ ਘਰ ਤਾਂ ਨਹੀਂ ਢਾਹੇ ਜਾਣਗੇ?

**ਮਾਨਯੋਗ ਸਪੀਕਰ:** ਤੁਸੀਂ ਬੈਠੋ।

**ਸਰਦਾਰ ਬਲਵਿੰਦਰ ਸਿੰਘ ਬੈਂਸ:** ਕੀ ਮੰਤਰੀ ਸਾਹਿਬ ਇਨਸ਼ਿਓਰ ਕਰਨਗੇ ਕਿ ਘਰ ਨਹੀਂ ਢਾਹੇ ਜਾਣਗੇ?

**ਮਾਨਯੋਗ ਸਪੀਕਰ:** ਬੈਠੋ, ਹਾਂ ਜੀ ਅਵਤਾਰ ਜੀ।

**ਸ਼੍ਰੀ ਅਵਤਾਰ ਸਿੰਘ ਜੂਨੀਅਰ (ਜਲੰਧਰ ਉੱਤਰੀ):** ਥੈਂਕ ਯੂ, ਸਪੀਕਰ ਸਾਹਿਬ। ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਤੋਂ ਇੱਕ ਕਲੈਰੀਫਿਕੇਸ਼ਨ ਸੈਕਸ਼ਨ 3 ਤਹਿਤ ਲੈਣਾ ਚਾਹੁੰਦਾ ਹਾਂ, ਜਿਸ ਵਿਚ ਲਿਖਿਆ ਗਿਆ ਹੈ ਕਿ shall not be transferrable by lease, sale, gift or any other manner whatsoever. Sir, in the case of death ਕੀ ਉਨ੍ਹਾਂ ਦੀ ਅਗਲੇ ਪਰਿਵਾਰਕ ਮੈਂਬਰ ਦੇ ਨਾਮ ਤੇ ਚੜ੍ਹ ਜਾਵੇਗੀ? ਦੂਜੀ ਗੱਲ, ਇਸ ਦੇ ਸੈਕਸ਼ਨ 6 ਵਿੱਚ ਸਬ-ਸੈਕਸ਼ਨ 2, ਇਹ ਜਿਹੜੀ ਡਿਸਟ੍ਰਿਕਟ ਕਮੇਟੀ ਹੋਵੇਗੀ, that is to be headed by the Collector. ਸਰ, ਮੇਰੀ humble reqest ਹੈ ਕਿ ਇਸ ਵਿੱਚ ਸੰਸ਼ੋਧਨ ਕਰਕੇ ਗਰੀਵੈਂਸ ਕਮੇਟੀ ਦੇ ਜਿਹੜੇ ਵੀ ਵਜ਼ੀਰ ਸਾਹਿਬ ਉਸ ਡਿਸਟ੍ਰਿਕਟ ਦੇ ਹੋਣਗੇ, ਉਨ੍ਹਾਂ ਨੂੰ ਲਗਾਇਆ ਜਾਵੇ ਤੇ ਉਸ ਡਿਸਟ੍ਰਿਕਟ ਵਿੱਚ ਜਿੰਨੇ ਵੀ ਐਮ.ਐਲ.ਏ. ਸਾਹਿਬ ਹੋਣ, ਉਨ੍ਹਾਂ ਸਾਰਿਆਂ ਨੂੰ ਇਸ ਦਾ ਮੈਂਬਰ ਬਣਾਇਆ ਜਾਵੇ। ਥੈਂਕ ਯੂ, ਸਰ।

**ਮਾਨਯੋਗ ਸਪੀਕਰ :** ਬ੍ਰਹਮ ਮਹਿੰਦਰਾ ਜੀ ਤੁਸੀਂ ਕੁਝ ਕਹਿਣਾ ਹੈ?

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸ਼੍ਰੀ ਅਵਤਾਰ ਸਿੰਘ ਜੂਨੀਅਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਚੇਅਰ ਨੂੰ ਮੰਤਰੀ ਜੀ ਤੋਂ ਜਵਾਬ ਦਿਵਾਉਣ ਲਈ ਬੇਨਤੀ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਅਵਤਾਰ ਜੀ, ਮੈਂ ਪੁੱਛ ਲਿਆ ਹੈ। ਜੇ ਉਨ੍ਹਾਂ ਨੇ ਜਵਾਬ ਦੇਣਾ ਹੁੰਦਾ ਤਾਂ ਦੇ ਦਿੰਦੇ, I can't force.

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਦਿ ਪੰਜਾਬ ਮੈਨੇਜਮੈਂਟ ਐਂਡ ਟਰਾਂਸਫਰ ਆਫ ਮਿਊਂਸਿਪਲ ਪ੍ਰਾਪਰਟੀਜ਼ ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2 ਤੇ 3)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2 ਤੇ 3) ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 25**

**ਮਾਨਯੋਗ ਸਪੀਕਰ :** ਕਿਉਂਕਿ ਕਲਾਜ਼ਾਂ 2 ਤੋਂ 25 ਤੱਕ ਕੋਈ ਸੋਧਨਾ ਨਹੀਂ ਹੈ, ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਤੋਂ 25 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ 1 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਮੰਤਰੀ ਜੀ, ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

**ਸਥਾਨਕ ਸਰਕਾਰ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਦਿ ਪੰਜਾਬ ਮੈਨੇਜਮੈਂਟ ਐਂਡ ਟਰਾਂਸਫਰ ਆਫ ਮਿਊਂਸਿਪਲ ਪ੍ਰਾਪਰਟੀਜ਼ ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਦਿ ਪੰਜਾਬ ਮੈਨੇਜਮੈਂਟ ਐਂਡ ਟਰਾਂਸਫਰ ਆਫ ਮਿਊਂਸਿਪਲ ਪ੍ਰਾਪਰਟੀਜ਼ ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਦਿ ਪੰਜਾਬ ਮੈਨੇਜਮੈਂਟ ਐਂਡ ਟਰਾਂਸਫਰ ਆਫ ਮਿਊਂਸਿਪਲ ਪ੍ਰਾਪਰਟੀਜ਼ ਬਿਲ, 2020 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

-----------

## 4. THE PUNJAB FISCAL RESPONSIBILITY AND BUDGET MANAGEMENT (AMENDMENT) BILL, 2020

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ):** ਸ਼੍ਰੀਮਾਨ ਜੀ, ਮੈਂ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਸੋਧ) ਬਿਲ, 2020 ਪੇਸ਼ ਕਰਦਾ ਹਾਂ ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਸੋਧ) ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਸੋਧ) ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ ।

ਬਹਿਸ, ਜੇਕਰ ਕੋਈ ਹੋਵੇ? ਹਾਂ ਜੀ, ਸ਼੍ਰੀ ਬੁੱਧ ਰਾਮ ਜੀ।

**ਸ਼੍ਰੀ ਬੁੱਧ ਰਾਮ (ਬੁੱਢਲਾਡਾ, ਐਸ.ਸੀ.):** ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਜੀ। ਸਪੀਕਰ ਸਾਹਿਬ, ਜਿਹੜਾ ਇਹ ਬਿਲ ਹੈ, ਇਸ ਬਿਲ ਦੇ ਵਿੱਚ ਵਿੱਤ ਮੰਤਰੀ ਜੀ ਨੇ ਕਿਹਾ ਹੈ ਕਿ ਜਿਹੜਾ ਸਾਡਾ ਫਿਸਕਲ ਡੈਫੀਸਿਟ ਹੈ, ਉਹ 3 ਪਰਸੈਂਟ ਤੋਂ ਕਦੇ ਵੀ ਨਹੀਂ ਵਧਣਾ ਚਾਹੀਦਾ ਅਤੇ ਇਸ ਵਾਰੀ ਮੇਜ਼ ਬੜੇ ਥਪ-ਥਪਾਏ ਗਏ ਸਨ ਕਿ ਜਿਹੜਾ ਸਾਡਾ ਫਿਸਕਲ ਡੈਫੀਸਿਟ ਹੈ, ਇਹ 3 ਪਰਸੈਂਟ ਤੋਂ ਘੱਟ ਹੈ, ਇਹ ਫਿਸਕਲ ਡੈਫੀਸਿਟ 2.2 ਹੈ। ਇਨ੍ਹਾਂ ਦੇ ਅੰਕੜਿਆਂ ਵਿੱਚ ਹੀ ਰਹਿ ਕੇ ਵਿੱਤ ਮੰਤਰੀ ਨੂੰ ਅਗਲੇ ਦੋ ਸਾਲ ਦਾ ਹੋਰ ਦੱਸਣਾ ਪੈਂਦਾ ਹੈ ਕਿ ਸਾਡਾ ਫਿਸਕਲ ਡੈਫੀਸਿਟ ਕਿੰਨਾ ਹੋਵੇਗਾ? ਤੁਹਾਡੇ ਆਪਣੇ ਅੰਕੜੇ ਹੀ ਦੱਸਦੇ ਹਨ, ਤੁਸੀਂ ਇਸ ਬਜਟ ਵਿੱਚ ਆਪ ਹੀ ਦੱਸਿਆ ਹੈ ਕਿ ਜਿਹੜਾ ਫਿਸਕਲ ਡੈਫੀਸਿਟ ਹੈ, ਉਹ ਅਗਲੀ ਵਾਰੀ 3.67 ਹੋ ਜਾਣਾ ਹੈ ਅਤੇ ਉਸ ਤੋਂ ਅਗਲੇ ਸਾਲ ਜਿਹੜਾ ਫਿਸਕਲ ਡੈਫੀਸਿਟ ਹੈ, ਉਹ 5.1 ਤੱਕ ਚਲੇ ਜਾਣਾ ਹੈ। ਇਸ ਦਾ ਮਤਲਬ ਇਹ ਹੈ ਕਿ ਵੱਡੀ ਪੱਧਰ ਉੱਤੇ ਜਿਵੇਂ ਪਿਛਲੀ ਸਰਕਾਰ 2016-17 ਵਿੱਚ ਲੈ ਕੇ ਆਈ ਸੀ, ਇੱਕ ਸਾਲ ਦੇ ਵਿੱਚ ਹੀ 54 ਹਜ਼ਾਰ ਕਰੋੜ ਦਾ ਜੋ ਸਾਡਾ ਘਾਟਾ ਸੀ, ਇਸ ਵਿੱਚ ਹੋਰ ਚਲਿਆ ਗਿਆ ਹੈ। ਉਧਾਰ ਰਹਿ ਗਿਆ ਸੀ, ਜਿਸ ਕਾਰਨ ਸਾਡਾ ਕਰਜ਼ਾ ਇੰਨਾ ਵੱਧ ਗਿਆ ਕਿ ਸਾਨੂੰ ਅੱਜ ਤੱਕ ਉਸ ਕਰਜ਼ੇ ਦਾ 19075 ਕਰੋੜ ਰੁਪਿਆ, ਇਕੱਲਾ ਵਿਆਜ ਦਾ ਦੇਣਾ ਪੈਂਦਾ ਹੈ, ਜਿਸ ਵਿੱਚ ਕਿੰਨੇ ਹੀ ਕਾਲਜ ਖੋਲ੍ਹੇ ਜਾ ਸਕਦੇ ਹਨ, ਕਿੰਨੀਆਂ ਹੀ ਸੜਕਾਂ ਬਣਾਈਆਂ ਜਾ ਸਕਦੀਆਂ ਹਨ, ਕਿੰਨੇ ਹੀ ਸਕੂਲਾਂ ਨੂੰ ਪੱਕਾ ਕੀਤਾ ਜਾ ਸਕਦਾ ਸੀ ਪਰੰਤੂ ਜੇਕਰ ਇਹ 3 ਪਰਸੈਂਟ ਤੋਂ ਵੱਧ ਅਸੀਂ borrowing ਹੋਰ ਕਰ ਲਈ ਹੈ, ਜਿਹੜੀ ਕਿ ਇਸ ਸਾਲ 64 ਹਜ਼ਾਰ ਕਰੋੜ ਦੀ ਹੈ ਤਾਂ ਸਾਡੇ ਵਾਸਤੇ, ਸਾਡੇ ਪੰਜਾਬ ਵਾਸਤੇ, ਜਿਹੜਾ debt ਹੈ, ਉਹ ਇੰਨਾ ਵੱਧ ਜਾਣਾ ਹੈ ਕਿ ਸਾਨੂੰ ਉਸ ਦੀਆਂ ਕਿਸ਼ਤਾਂ ਉਤਾਰਨੀਆਂ ਬਹੁਤ ਔਖੀਆਂ ਹੋ ਜਾਣਗੀਆਂ। ਮੈਂ ਸਮਝਦਾ ਹਾਂ ਕਿ ਸਾਲ 2015 ਤੋਂ ਲੈ ਕੇ 2020 ਤੱਕ ਇੱਕ ਵੀ ਯੂਨਿਟ ਬਿਜਲੀ ਨਾ ਖਰੀਦਣ ਕਰਕੇ ਸਾਨੂੰ 12 ਹਜ਼ਾਰ 967 ਕਰੋੜ ਰੁਪਏ ਦੇਣੇ ਪੈ ਰਹੇ ਹਨ, ਜਿਸ ਵਿੱਚੋਂ ਪਿਛਲੀ ਸਰਕਾਰ ਨੇ 6553 ਕਰੋੜ ਰੁਪਏ ਦਿੱਤੇ ਸਨ ਅਤੇ ਸਾਡੀ ਇਸ ਸਰਕਾਰ ਨੇ ਤਿੰਨ ਸਾਲ ਦੇ ਵਿੱਚ 6414 ਕਰੋੜ ਰੁਪਏ ਦਿੱਤੇ ਹਨ। ਇੱਕ ਵੀ ਯੂਨਿਟ ਬਿਜਲੀ ਨਾ ਖਰੀਦਣ ਕਰਕੇ ਅਸੀਂ ਇੰਨੇ ਪੈਸੇ ਦੇ ਚੁੱਕੇ ਹਾਂ। ਜੇਕਰ ਅਸੀਂ ਬਿਜਲੀ ਦੇ ਸਮਝੌਤੇ ਰੱਦ

ਕੀਤੇ ਹੁੰਦੇ ਤਾਂ ਸਾਰਾ 12967 ਕਰੋੜ ਰੁਪਿਆ ਸਾਡੇ ਕੋਲ ਬਚ ਜਾਂਦਾ ਅਤੇ ਸਾਡਾ ਫਿਸਕਲ ਡੈਫੀਸਿਟ ਬਹੁਤ ਘੱਟ ਹੋ ਜਾਣਾ ਸੀ। ਲੋੜ ਇਸ ਗੱਲ ਦੀ ਹੈ ਕਿ ਇੱਕ ਤਾਂ ਇਹ ਸਮਝੌਤੇ ਰੱਦ ਕਰਕੇ ਪੈਸਾ ਬਚਾਇਆ ਜਾਵੇ। ਦੂਜਾ, ਜਿਹੜਾ ਟਰਾਂਸਪੋਰਟ ਹੈ, ਸ਼ਰਾਬ ਹੈ ਅਤੇ ਰੇਤਾ-ਬਜਰੀ ਤੋਂ ਸਾਨੂੰ ਘੱਟੋ-ਘੱਟ 20-30 ਕਰੋੜ ਰੁਪਏ ਦਾ ਹੋਰ ਫਾਇਦਾ ਹੋ ਸਕਦਾ ਹੈ। Borrowing ਹੋਰ ਲੈਣ ਦੇ ਨਾਲੋਂ ਸਾਨੂੰ ਜਿਹੜਾ ਟਰਾਂਸਪੋਰਟ ਮਾਫੀਆ ਨੇ ਕਬਜ਼ਾ ਕੀਤਾ ਹੋਇਆ ਹੈ, ਇਹ ਛੁਡਵਾ ਕੇ ਸਾਡੀ ਆਮਦਨ ਵਧਾਉਣੀ ਚਾਹੀਦੀ ਹੈ ਨਾ ਕਿ ਸਾਨੂੰ borrowing ਹੋਰ ਲੈਣੀ ਚਾਹੀਦੀ ਹੈ।

**ਸ਼੍ਰੀ ਸੁਨੀਲ ਦੱਤੀ :** ਸਪੀਕਰ ਸਾਹਿਬ, ਮੈਂ ਕੱਲ੍ਹ ਬਜਟ ਉੱਤੇ ਬੋਲ ਨਹੀਂ ਸਕਿਆ। ਮੈਂ ਕੋਈ ਬੜਾ ਵੱਡਾ ਅਰਥ-ਸ਼ਾਸਤਰੀ ਵੀ ਨਹੀਂ ਹਾਂ। ਮੈਂ ਕੱਲ੍ਹ ਪੇਜ ਨੰ. 17 ਤੇ ਐਫ.ਐਮ. ਸਾਹਿਬ ਦੀ ਸਪੀਚ....

**ਮਾਨਯੋਗ ਸਪੀਕਰ :** ਨਹੀਂ ਜੀ, ਬਜਟ ਪੇਸ਼ ਹੋ ਚੁੱਕਿਆ ਹੈ। ਪਾਸ ਹੋ ਚੁੱਕਿਆ ਹੈ।

**ਸ਼੍ਰੀ ਸੁਨੀਲ ਦੱਤੀ :** ਸਰ, ਮੈਂ ਇੱਕ ਸੁਝਾਅ ਦੇਣਾ ਹੈ। ਅਗਲੇ ਬਜਟ ਲਈ ਮੈਂ ਇੱਕ ਸੁਝਾਅ ਦੇਣਾ ਹੈ।

**ਮਾਨਯੋਗ ਸਪੀਕਰ:** ਨਹੀਂ ਜੀ, ਬਜਟ ਪੇਸ਼ ਹੋ ਚੁੱਕਿਆ ਹੈ। ਪਾਸ ਹੋ ਚੁੱਕਿਆ ਹੈ।ਬਜਟ ਪਾਸ ਹੋ ਚੁੱਕਿਆ ਹੈ।ਅਗਲੇ ਬਜਟ ਤੇ ਜਦੋਂ ਵਾਰੀ ਆਵੇਗੀ ਉਦੋਂ ਗੱਲ ਕਰਿਓ। ਹਾਂ ਜੀ, ਸ਼ਰਨਜੀਤ ਸਿੰਘ ਢਿੱਲੋਂ ਜੀ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ (ਸਾਹਨੇਵਾਲ) :** ਸਪੀਕਰ ਸਾਹਿਬ, ਇੱਕ ਪਾਸੇ ਤਾਂ ਆਪਾਂ ਇਸ ਸਦਨ ਨੂੰ ਬੜਾ ਪਵਿੱਤਰ ਸਦਨ ਦੱਸਦੇ ਹਾਂ। ਸਾਰੇ ਹੀ ਮੈਂਬਰ ਲੋਕਾਂ ਦੀਆਂ ਵੋਟਾਂ ਨਾਲ ਜਿੱਤ ਕੇ ਆਏ ਹਨ। ਆਮ ਤੌਰ ਤੇ ਇਹ ਵੀ ਕਿਹਾ ਜਾਂਦਾ ਹੈ ਕਿ ਸਰਕਾਰ ਚਾਹੇ ਆਪਣਾ ਪੱਖ ਘੱਟ ਰੱਖੇ ਲੇਕਿਨ ਆਪੋਜ਼ੀਸ਼ਨ ਦੀ ਗੱਲ ਨੂੰ ਸੁਣਿਆ ਜਾਵੇ। ਹੁਣ ਸਾਡੇ ਮੈਂਬਰ ਸ਼੍ਰੀ ਪਵਨ ਕੁਮਾਰ ਟੀਨੂ ਜੀ ਦਾ ਕਸੂਰ ਕੀ ਸੀ? ਇਸ ਨੂੰ ** ** ਤੱਕ ਆਖਿਆ ਗਿਆ ਹੈ। Man-handling ਵੀ ਕੀਤੀ ਗਈ। ਇਨ੍ਹਾਂ ਨੂੰ ਗਾਲ੍ਹਾਂ ਵੀ ਕੱਢੀਆਂ ਗਈਆਂ।ਕੀ ਇਹ ਕੋਈ ਪਵਿੱਤਰ ਸਦਨ ਦੀਆਂ ਗੱਲਾਂ ਹਨ?

**ਮਾਨਯੋਗ ਸਪੀਕਰ :** ਜਿਹੜੀਆਂ ਇਨ੍ਹਾਂ ਨੇ ਕੱਢੀਆਂ ਹਨ?

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਮੈਂ ਕਹਿੰਦਾ ਹਾਂ ਕਿ ਮੇਰੀ ਗੱਲ ਸੁਣੋ।ਤੁਸੀਂ ਐਵੇਂ ਕਰੋ ਕਿ ਸਾਨੂੰ ਆਪਣੇ ਚੈਂਬਰ ਵਿੱਚ ਬੁਲਾ ਲਓ। ਆਪਾਂ ਚੈਂਬਰ ਵਿੱਚ ਬੈਠ ਕੇ ਮੀਟਿੰਗ ਕਰ ਲਵਾਂਗੇ।

---

**Expunged as ordered by the Hon'ble Speaker.

**ਮਾਨਯੋਗ ਸਪੀਕਰ :** ਜਿਹੜੀਆਂ ਇਨ੍ਹਾਂ ਨੇ ਕੱਢੀਆਂ ਹਨ, ਤੁਸੀਂ ਸੁਣ ਨਹੀਂ ਸਕੋਗੇ। ਢਿੱਲੋਂ ਸਾਹਿਬ, ਢਿੱਲੋਂ ਸਾਹਿਬ, ਤੁਸੀਂ ਸੁਣ ਨਹੀਂ ਸਕੋਗੇ ਜੋ ਕੁਝ ਇਨ੍ਹਾਂ ਨੇ ਕਿਹਾ ਹੈ। ਮੈਂ ਰਿਪੀਟ ਨਹੀਂ ਕਰ ਸਕਦਾ।ਮੈਂ ਰਿਪੀਟ ਨਹੀਂ ਕਰਦਾ। ਮੈਂ ਰਿਪੀਟ ਨਹੀਂ ਕਰਦਾ।(ਵਿਘਨ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਮੈਂ ਕਹਿੰਦਾ ਹਾਂ ਕਿ ਮੇਰੀ ਗੱਲ ਸੁਣੋ। ਤੁਸੀਂ ਐਵੇਂ ਕਰੋ ਕਿ ਸਾਨੂੰ ਆਪਣੇ ਚੈਂਬਰ ਵਿੱਚ ਬੁਲਾ ਲਓ। ਆਪਾਂ ਚੈਂਬਰ ਵਿੱਚ ਬੈਠ ਕੇ ਮੀਟਿੰਗ ਕਰ ਲਵਾਂਗੇ। ਆਪਾਂ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਕਰਾਂਗੇ।(ਵਿਘਨ)

**ਮਾਨਯੋਗ ਸਪੀਕਰ :** ਮੇਰੀ ਗੱਲ ਸੁਣੋ, ਮੇਰੀ ਰਿਕੁਐਸਟ ਸੁਣੋ, ਚਾਰ ਦਿਨ ਪਹਿਲਾਂ ਇਨ੍ਹਾਂ ਨੇ ਐਸੇ ਮਾੜੇ ਸ਼ਬਦ ਚੇਅਰ ਦੇ ਬਾਰੇ ਕਹੇ, ਅੱਜ ਤੱਕ ਉਸ ਦਾ ਕਿਸੇ ਨੂੰ ਨਹੀਂ ਪਤਾ ਲੇਕਿਨ ਮੈਨੂੰ ਪਤਾ ਹੈ। ਢਿੱਲੋਂ ਸਾਹਿਬ, ਕੰਟਰੋਲ ਕਰੋ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਮੈਂ ਸਭ ਦਾ ਸਤਿਕਾਰ ਕਰਦਾ ਹਾਂ। ਮੈਂ ਸਭ ਦੀ ਇੱਜ਼ਤ ਕੀਤੀ ਹੈ ਲੇਕਿਨ ਜੇ ਆਪ ਇੱਜ਼ਤ ਲੈਣੀ ਹੈ ਤਾਂ ਦੂਜਿਆਂ ਦੀ ਇੱਜ਼ਤ ਕਰਨੀ ਪਵੇਗੀ। (ਥੰਪਿੰਗ) ਮੈਂ ਦੱਸ ਦੇਵਾਂਗਾ, ਜੋ ਕੁਝ ਇਨ੍ਹਾਂ ਨੇ ਬੋਲਿਆ ਹੈ। ਮੈਂ ਤੁਹਾਨੂੰ ਦੱਸ ਦੇਵਾਂਗਾ। ਮੈਨੂੰ ਇੱਥੇ (ਵੈੱਲ ਆਫ ਦਿ ਹਾਊਸ ਵੱਲ ਇਸ਼ਾਰਾ) ਖੜ੍ਹ ਕੇ ਕਿਹਾ ਹੈ।

**ਸ਼੍ਰੀ ਪਵਨ ਕੁਮਾਰ ਟੀਨੂ :** ਅਸੀਂ ਤਾਂ ਨਾਅਰੇ ਹੀ ਲਗਾਏ ਹਨ।

**ਮਾਨਯੋਗ ਸਪੀਕਰ :** ਤੁਸੀਂ ਨਾਅਰੇ ਨਹੀਂ ਲਗਾਏ ਹਨ, ਜੋ ਕੁਝ ਤੁਸੀਂ ਕਿਹਾ ਹੈ, ਮੈਂ ਉਹ ਰਿਪੀਟ ਨਹੀਂ ਕਰ ਸਕਦਾ। ਮੈਂ ਰਿਪੀਟ ਨਹੀਂ ਕਰ ਸਕਦਾ। ਢਿੱਲੋਂ ਸਾਹਿਬ, ਇੱਦਾਂ ਨਾ ਕਰੋ। (ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਸ਼ਰਨਜੀਤ ਸਿੰਘ ਢਿੱਲੋਂ ਦਾ ਮਾਈਕ ਬੰਦ ਹੋ ਗਿਆ ਅਤੇ ਉਹ ਚੇਅਰ ਨੂੰ ਮਾਈਕ ਆਨ ਕਰਨ ਦੀ ਬੇਨਤੀ ਕਰ ਰਹੇ ਸਨ) (ਵਿਘਨ) ਢਿੱਲੋਂ ਸਾਹਿਬ ਦਾ ਮਾਈਕ ਚਲਾ ਦਿਓ। ਢਿੱਲੋਂ ਸਾਹਿਬ, ਤੁਹਾਡਾ ਮਾਈਕ ਚੱਲ ਰਿਹਾ ਹੈ, ਚੱਲ ਰਿਹਾ ਹੈ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਸਪੀਕਰ ਸਾਹਿਬ, ਮੇਰੀ ਗੱਲ ਸੁਣੋ, ਅਸੀਂ ਇਕੱਲਾ ਰੌਲਾ ਪਾਉਣ ਵਾਸਤੇ ਨਹੀਂ ਖੜ੍ਹੇ ਹੋਏ, ਤੁਸੀਂ ਸਾਨੂੰ ਆਪਣੇ ਚੈਂਬਰ ਵਿੱਚ ਬੁਲਾ ਲਓ, ਆਪਾਂ ਬੈਠ ਕੇ ਮੀਟਿੰਗ ਕਰੀਏ, ਇਹ ਮਸਲਾ ਹੱਲ ਕਰਨਾ ਪਵੇਗਾ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੇਰੀ ਬੇਨਤੀ ਇੰਨੀ ਹੈ ਕਿ ਤੁਹਾਡੀ ਗੱਲ ਬਿਲਕੁਲ ਠੀਕ ਹੈ। ਸਰ, ਜਿਹੜਾ ਤੁਸੀਂ ਕਹਿ ਰਹੇ ਹੋ ਕਿ ਕਿਸੇ ਵੀ ਮੈਂਬਰ ਨੇ ਗਾਲ੍ਹ ਕੱਢੀ ਹੈ, ਜੇਕਰ ਆਪਾਂ ਇਵੇਂ ਕਰੀਏ ਕਿ ਜਿਹੜਾ ਸਾਰਾ ਰਿਕਾਰਡ ਹੈ। ਉਹ ਸਾਰਾ ਰਿਕਾਰਡ ਸੀਜ਼ ਕਰਕੇ ਇੱਕ independent ਤਰੀਕੇ ਨਾਲ ਵੈਰੀਫਿਕੇਸ਼ਨ ਕਰਵਾ ਲਓ। (ਵਿਘਨ,ਸ਼ੋਰ) ਇਸ ਵਿੱਚ ਗਲਤ ਕੀ ਹੈ? ਸਪੀਕਰ ਸਾਹਿਬ, ਤੁਸੀਂ ਮੈਂਬਰਜ਼ ਦੀ ਕਮੇਟੀ ਬਣਾ ਦਿਓ। ਸਾਰੇ ਮੈਂਬਰ ਆ ਜਾਣ। ਤੁਸੀਂ ਵੀ ਆ ਜਾਇਓ। (ਵਿਘਨ,ਸ਼ੋਰ) ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ ਕਿ ਤੁਹਾਨੂੰ ਇੱਧਰ ਤਾਂ ਗੱਲ ਸੁਣ ਗਈ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ) ਜਿਹੜੇ ਉੱਧਰੋਂ ਗਾਲ੍ਹਾਂ ਕੱਢੀ ਜਾਂਦੇ ਹਨ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) (ਵਿਘਨ,ਸ਼ੋਰ)

**ਮਾਨਯੋਗ ਸਪੀਕਰ :** ਮੈਨੂੰ ਸਭ ਦੀ ਸੁਣਦੀ ਹੈ, ਸਭ ਦੀ ਸੁਣਦੀ ਹੈ। (ਵਿਘਨ,ਸ਼ੋਰ) ਮੈਨੂੰ ਸਭ ਦੀ ਸੁਣਦੀ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਾਡੇ ਮੈਂਬਰ ਦਾ ਅਪਮਾਨ ਹੋ ਰਿਹਾ ਹੈ। ਸਪੀਕਰ ਸਾਹਿਬ, ਇਹ ਤੁਹਾਡਾ ਫਰਜ਼ ਹੈ ਕਿ ਤੁਸੀਂ ਉਸ ਨੂੰ ਇਨਸਾਫ ਦਿਵਾ ਦਿਓ। ਇਹ ਗੱਲ ਚੰਗੀ ਨਹੀਂ ਹੈ।

**ਮਾਨਯੋਗ ਸਪੀਕਰ :** ਇਹ ਮਾਮਲਾ ਹੁਣ privilege ਕਮੇਟੀ ਕੋਲ ਚਲਾ ਗਿਆ ਹੈ। ਕਮੇਟੀ ਨੇ ਆਪਣੇ ਆਪ ਦੇਖ ਲੈਣਾ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਪ੍ਰੀਵਲੇਜ ਕਮੇਟੀ ਦਾ ਤਾਂ ਪਤਾ ਹੀ ਹੈ ਕਿ ਉਸ ਵਿੱਚ ਕਿਸਦੇ ਮੈਂਬਰ ਹਨ। ਤੁਸੀਂ ਇਨਸਾਫ ਕਰ ਦਿਓ।

**ਮਾਨਯੋਗ ਸਪੀਕਰ:** ਉਹ ਕਮੇਟੀ ਦੇਖ ਲਵੇਗੀ। ਬਾਕੀ ਅਗਲੀ ਗੱਲ ਜਿਹੜੀ ਢਿੱਲੋਂ ਸਾਹਿਬ ਨੇ ਕਹੀ ਹੈ। ਢਿੱਲੋਂ ਸਾਹਿਬ, ਤੁਸੀਂ ਮੇਰੇ ਕੋਲ ਆ ਜਾਓ। ਮੈਂ ਤੁਹਾਡੀ ਤਸੱਲੀ ਕਰਵਾਵਾਂਗਾ। ਮੈਂ ਤੁਹਾਡੀ ਤਸੱਲੀ ਕਰਵਾਵਾਂਗਾ। (ਥੰਪਿੰਗ) (ਵਿਘਨ,ਸ਼ੋਰ) ਮੈਂ ਤੁਹਾਡੀ ਤਸੱਲੀ ਕਰਵਾਵਾਂਗਾ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਰ, ਤੁਸੀਂ ਇੱਕ ਪਾਸੇ ਦੀ ਤਸੱਲੀ ਨਾ ਕਰਵਾਈ ਜਾਓ। ਤਸੱਲੀ ਸਾਡੀ ਵੀ ਕਰਵਾ ਦਿਓ।

**ਮਾਨਯੋਗ ਸਪੀਕਰ :** ਮੈਂ ਸਭ ਦੀ ਤਸੱਲੀ ਕਰਵਾਵਾਂਗਾ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਦੋਹਾਂ ਧਿਰਾਂ ਦੀ ਤਸੱਲੀ ਕਰਵਾ ਦਿਓ।

**ਮਾਨਯੋਗ ਸਪੀਕਰ :** ਬੈਠ ਜਾਓ, ਬੈਠ ਜਾਓ, ਬੈਠ ਜਾਓ। ਹਾਂ ਜੀ, ਕਿੱਕੀ ਜੀ ਤੁਸੀਂ ਕੀ ਕਹਿਣਾ ਚਾਹੁੰਦੇ ਹੋ?

------------

## CLARIFICATION REG. THE ALLEGATIONS LEVELLED BY SHIROMANI AKALI DAL MLAs AGAINST SARDAR KUSHALDEEP SINGH KIKI DHILLON, ADVISOR/CHIEF MINISTER AND SARDAR GURPREET SINGH KANGAR, REVENUE MINISTER REGARDING THE DEATH OF WITNESS OF BEHBAL KALAN

**ਸਲਾਹਕਾਰ/ ਮੁੱਖ ਮੰਤਰੀ (ਸਰਦਾਰ ਕੁਸਲਦੀਪ ਸਿੰਘ ਕਿੱਕੀ ਢਿੱਲੋਂ):** ਸਪੀਕਰ ਸਾਹਿਬ, ਮੈਂ ਹਾਊਸ ਵਿੱਚ ਨਹੀਂ ਸੀ ਪਰ ਮੈਨੂੰ ਪਤਾ ਲੱਗਿਆ ਹੈ ਕਿ ਸਾਡੇ ਫਾਜ਼ਲ ਮੈਂਬਰ ਨੇ ਮੇਰਾ ਨਾਮ ਲੈ ਕੇ ਕੁਝ ਗੱਲਾਂ ਕਹੀਆਂ ਹਨ। ਮੈਂ ਸਮਝਦਾ ਹਾਂ ਕਿ ਸੌ ਪੁਆੜਿਆਂ ਦਾ ਇੱਕ ਕਾਰਨ ਹੈ। ਇੱਕ ਹੀ ਕਾਰਨ ਹੈ, ਜੇਕਰ ਇਹ ਇਨਸਾਨ ਯੂ.ਪੀ. ਤੋਂ ਪੰਜਾਬ ਨਾ ਆਉਂਦਾ ਤਾਂ ਪੰਜਾਬ ਬੜਾ ਸੌਖਾ ਵਸਦਾ।(ਥੰਪਿੰਗ) ਮੈਨੂੰ ਇਸ ਗੱਲ ਦੀ ਹੈਰਾਨੀ ਹੈ ਕਿ ਇਹ ਹਰੇਕ ਗੱਲ ਬਿਲਕੁਲ ਹੀ ਗਲਤ ਤੇ ਗੈਰ-ਜ਼ਿੰਮੇਵਾਰਾਨਾ ਤਰੀਕੇ ਨਾਲ ਹਿੱਕ ਠੋਕ ਕੇ ਕਹਿੰਦਾ ਹੈ, ਜਿਵੇਂ ਸਭ ਤੋਂ ਵੱਡਾ ਜੱਜ ਇਹ ਹੁੰਦਾ ਹੈ। ਇਸ ਨੇ ** ** ਚਾਹੇ ਡਰੱਗਜ਼ ਦੀ ਗੱਲ ਆ ਜਾਵੇ। ਚਾਹੇ ਕੋਈ ਹੋਰ ਗੱਲ ਆ ਜਾਵੇ, ਸਭ ਤੋਂ ਵੱਡਾ ਗੁਨਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਾਲਾ ਇਨ੍ਹਾਂ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) ਨੇ ਕੀਤਾ ਹੈ। ਅੱਜ ਇੰਨੀ ** ** ਹਿੱਕ ਠੋਕਦੇ ਹਨ ਜਿਵੇਂ ਇਹੀ ਪੰਜਾਬ ਦੇ saviour ਹੁੰਦੇ ਹਨ। ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਸਾਨੂੰ ਤਾਂ ਛੱਡੋ ਅੱਜ ਅਕਾਲੀ ਦਲ ਵੀ ਇਸ ਸੱਜਣ ਕਰਕੇ ਖੇਰੂੰ-ਖੇਰੂੰ ਹੁੰਦਾ ਫਿਰਦਾ ਹੈ। ਭਰਾਵੋ, ਗੱਲ ਇਹ ਹੈ ਕਿ ਇਸ ਇਕੱਲੇ ਤੋਂ ਹੀ ਬਚ ਜਾਇਓ ਅਤੇ ਤੁਹਾਡਾ ਅਕਾਲੀ ਦਲ ਚਲਦਾ ਰਹਿ ਜਾਵੇਗਾ।

**ਮਾਨਯੋਗ ਸਪੀਕਰ :** ਬੈਠ ਜਾਓ, ਬੈਠ ਜਾਓ, ਬੈਠ ਜਾਓ।(ਵਿਘਨ,ਸ਼ੋਰ) ਆਪਾਂ ਬਿਲ ਤੇ ਚੱਲੀਏ, ਬਿਲ ਤੇ ਚੱਲੀਏ। ਹਾਂ ਜੀ, ਕਾਂਗੜ ਸਾਹਿਬ ਕੀ ਕਹਿਣਾ ਹੈ।(ਵਿਘਨ,ਸ਼ੋਰ) ਕਾਂਗੜ ਸਾਹਿਬ, ਕਾਂਗੜ ਸਾਹਿਬ। ਕਾਂਗੜ ਸਾਹਿਬ ਨੂੰ ਜ਼ਰਾ ਬੋਲ ਲੈਣ ਦਿਓ।

**ਮਾਲ ਮੰਤਰੀ (ਸਰਦਾਰ ਗੁਰਪ੍ਰੀਤ ਸਿੰਘ ਕਾਂਗੜ) :** ਸਪੀਕਰ ਸਾਹਿਬ, ਢਿੱਲੋਂ ਸਾਹਿਬ ਨੇ ਦੱਸਿਆ ਹੈ ਕਿ ਇਹ ਕੀ ਹਨ। ਇਹ ਬੜੀ ਬਣਤਰ ਬਣਾ ਕੇ ਲੈ ਕੇ ਆਏ ਸਨ। ਪਿਛਲੇ ਦਿਨਾਂ ਵਿੱਚ ਇਹ ਸਮਝ ਰਹੇ ਸਨ ਕਿ ਅਸੀਂ ਬਹੁਤ ਵੱਡੀ ਮੱਲ੍ਹ ਮਾਰ ਲਈ ਹੈ।** ** ਜਿਸ ਦਿਨ ਵਰਦੀਧਾਰੀ ਆਪਣੀ ਲੜਕੀ ਨੂੰ ਬਚਾਉਣ ਦਾ ਮਾਰਾ ਉੱਥੇ ਮੂਹਰੇ ਹੋ ਕੇ ਆਪਣਾ ਪੱਖ ਰੱਖ ਰਿਹਾ ਸੀ ਅਤੇ ਇਸ ਦੇ ਨਾਅਰੇ ਲੱਗ ਰਹੇ ਸੀ, ** ** ਅਤੇ ਇਹ ਇੱਥੇ ਗੱਲਾਂ ਕਰੇ। ਇਸ ਨੇ ਪੰਜਾਬ ਦਾ ਛੱਡਿਆ ਕੀ ਹੈ?(ਵਿਘਨ,ਸ਼ੋਰ) ** ** ਸਪੀਕਰ ਸਾਹਿਬ, ਮੇਰੀ ਗੱਲ ਸਿਰੇ ਲੱਗ ਲੈਣ ਦਿਓ।

---

** **Expunged as ordered by the Hon'ble Speaker.

**ਮਾਨਯੋਗ ਸਪੀਕਰ:** ਬੋਲ ਲੈਣ ਦਿਓ। ਕਾਂਗੜ ਜੀ ਨੂੰ ਬੋਲ ਲੈਣ ਦਿਓ (ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਬਿਕਰਮ ਸਿੰਘ ਮਜੀਠੀਆ, ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਸ਼੍ਰੀ ਐਨ.ਕੇ.ਸ਼ਰਮਾ ਅਤੇ ਸਰਦਾਰ ਮਨਪ੍ਰੀਤ ਸਿੰਘ ਇਯਾਲੀ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ) ਤੁਸੀਂ ਠਹਿਰ ਕੇ ਬੋਲ ਲੈਣਾ।(ਵਿਘਨ,ਸ਼ੋਰ) ਤੁਸੀਂ ਵੀ ਬੋਲ ਲੈਣਾ। ਤੁਸੀਂ ਇੱਕ ਵਾਰ ਤਾਂ ਬੋਲ ਲਏ। ਤੁਸੀਂ ਇਕੱਲਿਆਂ ਨੇ ਤਾਂ ਨਹੀਂ ਬੋਲੀ ਜਾਣਾ। ਸ਼ਰਮਾ ਜੀ, ਮੈਂ ਤੁਹਾਡੇ ਤੋਂ ਕੋਈ ਡਾਇਰੈਕਸ਼ਨ ਨਹੀਂ ਲੈਣੀ। ਮੇਰੇ ਤੋਂ ਪੰਜਾਬੀ ਵਿੱਚ ਸੁਣ ਲਓ। (ਵਿਘਨ,ਸ਼ੋਰ) ਇੱਕ ਵਾਰ ਬੋਲ ਲਏ। ਪਹਿਲਾਂ ਮੇਰੀ ਗੱਲ ਸੁਣੋ। ਇੱਕ ਵਾਰ ਤੁਸੀਂ ਬੋਲ ਲਏ। ਇੱਕ ਵਾਰ ਬੋਲ ਲਏ। ਜਿਨ੍ਹਾਂ ਦਾ ਨਾਮ ਲਿਆ ਗਿਆ ਹੈ, ਉਹ ਵਜ਼ੀਰ ਹਨ। ਉਨ੍ਹਾਂ ਨੇ ਆਪਣੀ ਕਲੈਰੀਫਿਕੇਸ਼ਨ ਦੇਣੀ ਹੈ। ਬਾਅਦ ਵਿੱਚ ਉਹ ਵੀ ਬੋਲ ਲੈਣਗੇ। (ਵਿਘਨ,ਸ਼ੋਰ) ਮੈਂ ਤੁਹਾਡੀ ਗੱਲ ਨਹੀਂ ਮੰਨਦਾ। ਉਨ੍ਹਾਂ ਦਾ ਨਾਮ ਲਿਆ ਗਿਆ ਹੈ।

**ਮਾਲ ਮੰਤਰੀ:** ਸਪੀਕਰ ਸਾਹਿਬ, ਜਿਹੜੀ ਪਿਛਲੇ ਸਮੇਂ ਵਿੱਚ ਗੁਰੂ ਮਹਾਰਾਜ ਦੀ ਬੇਅਦਬੀ ਹੋਈ ਸੀ, ਉਸ ਵੇਲੇ ਬਹੁਤ ਮਾੜੀਆਂ ਘਟਨਾਵਾਂ ਵਾਪਰੀਆਂ ਸਨ। ਸਾਰਿਆਂ ਦੇ ਦਿਲ ਵਲੂੰਧਰੇ ਗਏ ਸੀ। ਇਨ੍ਹਾਂ ਨੇ ਉਸ ਗੱਲ ਤੇ ਰਾਜਨੀਤੀ ਕੀਤੀ ਸੀ, ਜਿਵੇਂ ਇਹ ਬੋਲਦੇ ਸੀ ਕਿ 25 ਸਾਲ ਰਾਜ ਕਰਾਂਗੇ। ਪ੍ਰਮਾਤਮਾ, ਵਾਹਿਗੁਰੂ ਬਹੁਤ ਬੇਅੰਤ ਹੈ। ਇਨ੍ਹਾਂ ਨੇ ਚਾਰ-ਚੁਫੇਰੇ ਆਪਣਾ ਜੰਜਾਲ ਬੁਣ ਕੇ ਆਪਣੀਆਂ ਜਿੱਤਾਂ ਦੇ ਸਾਰੇ ਢਾਂਚੇ ਬੁਣੇ ਸਨ। ਅੱਜ ਸਾਡੇ ਤੇ ਇਹ ਇਲਜ਼ਾਮ ਲਗਾਉਂਦਾ ਹੈ ਅਤੇ ਭੋਲੀ-ਭਾਲੀ ਬੀਬੀ ਨੂੰ ਇੱਥੇ ਨਾਲ ਲਿਆ ਕੇ ਆਪਣੇ ਹੱਥਾਂ ਤੇ ਚੜ੍ਹਾ ਕੇ ਕਿਤੇ ਪਿਛਲੇ ਪੰਦਰਾਂ ਦਿਨਾਂ ਵਿੱਚ 15-20 ਪ੍ਰੈਸ ਵਾਲਿਆਂ ਦੀ ਕਾਨਫਰੰਸ ਇਹ ਕਰਵਾਉਂਦਾ ਹੈ। (ਵਿਘਨ..ਸ਼ੋਰ) ਹੁਣ ਸੁਣੀ ਚੱਲੀਂ। ਮੈਂ ਦੱਸਣਾ ਚਾਹੁੰਦਾ ਹਾਂ ਕਿ ਉਹ ਇਨਸਾਨ ਚਲਿਆ ਗਿਆ, ਹਰੇਕ ਨੇ ਚਲੇ ਜਾਣਾ ਹੈ। ਅੱਜ ਅਸੀਂ ਸਾਰੇ ਦੁਹਾਈ ਦੇ ਰਹੇ ਹਾਂ, ਦੁਨੀਆ ਪਿੱਟੀ ਜਾਂਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਪਾਪੀਆਂ ਨੂੰ ਫੜ ਕੇ ਅੰਦਰ ਦਿੱਤਾ ਜਾਵੇ। (ਵਿਘਨ....ਸ਼ੋਰ) ਅਸੀਂ ਅਰਦਾਸ ਕਰਦੇ ਹਾਂ ਕਿ ਜਿਹੜਾ ਇਨਸਾਨ ਚਲਿਆ ਗਿਆ ਹੈ, ਪ੍ਰਮਾਤਮਾ ਉਸ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ। ਇਹ ਸਾਡੇ ਤੇ ਇਲਜ਼ਾਮ ਲਾਉਂਦਾ ਹੈ। ਤੁਸੀਂ ਅੱਜ ਦੀ ਗੱਲ ਯਾਦ ਰੱਖਿਓ, ਮੈਂ ਇਸ ਪਵਿੱਤਰ ਸਦਨ ਵਿੱਚ ਬੋਲਣ ਲੱਗਿਆ ਹਾਂ। ਅਸੀਂ ਜੇ ਇਨ੍ਹਾਂ ਨੂੰ ਸਜ਼ਾ ਨਾ ਦੇ ਸਕੇ ਜਿਹੜਾ ਇਨ੍ਹਾਂ ਦੋਨਾਂ ਨੇ ਕੀਤਾ ਹੈ, ** ** ਮੇਰੀ ਗੱਲ ਯਾਦ ਰੱਖਿਓ। ** ** ਯਾਦ ਰੱਖਿਓ।

**Expunged as ordered by the Hon'ble Speaker.

**ਮਾਨਯੋਗ ਸਪੀਕਰ :** ** ** ਐਕਸਪੰਜ ਕਰ ਦਿਓ। ਹਾਂ ਜੀ, ਮਜੀਠੀਆ ਜੀ ਬੋਲੋ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਜ਼ੀਰੋ ਆਵਰ ਦੇ ਵਿੱਚ ਇਹ ਮੁੱਦਾ ਇਯਾਲੀ ਸਾਹਿਬ ਨੇ ਚੁੱਕਿਆ ਸੀ। ਤੁਸੀਂ ਦੋ ਮਿੰਟ ਉਨ੍ਹਾਂ ਦੀ ਗੱਲ ਸੁਣ ਲਈ। ਮੈਂ ਤਾਂ ਇਕੱਲੀ ਆਪਣੀ ਗੱਲ ਕਰਨ ਲਈ ਉੱਠਿਆ ਹਾਂ। ਤੂੰ (ਮਾਲ ਮੰਤਰੀ ਨੂੰ ਸੰਬੋਧਨ ਕਰਦੇ ਹੋਏ) ਮੇਰਾ ਫਿਕਰ ਤਾਂ ਕਰੀ ਜਾਂਦਾ ਹੈਂ ਭਾਊ, ** ** ਦੂਜੀ ਗੱਲ, ਉਸ ਪਰਿਵਾਰ ਨੂੰ ਕੋਈ ਨਹੀਂ ਲੈ ਕੇ ਆਇਆ। (ਵਿਘਨ...ਸ਼ੋਰ) ਉਸ ਪਰਿਵਾਰ ਨੂੰ ਜਦੋਂ ਇਨਸਾਫ ਨਹੀਂ ਦਿੱਤਾ ਤਾਂ ਉਸ ਪਰਿਵਾਰ ਨੇ ਪਹਿਲਾਂ ਗਵਾਹੀ ਦਿੱਤੀ। ** ** ਜਦੋਂ ਸਾਲ 2015 ਵਿੱਚ ਪਰਚਾ ਦਰਜ ਹੋਇਆ ਤਾਂ 11 ਪੁਲਿਸ ਵਾਲਿਆਂ ਦੇ ਖਿਲਾਫ ਪਰਚਾ ਦਰਜ ਹੋਇਆ ਸੀ। ਉਹ ਘਟਾ ਕੇ 4 ਕਿਉਂ ਕਰ ਦਿੱਤੇ? ਇਹ 7 ਕਿਸ ਨੇ ਘਟਾਏ? ** ** (ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਕੁਲਜੀਤ ਸਿੰਘ ਨਾਗਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਨਯੋਗ ਸਪੀਕਰ :** ਬੈਠੋ ਹੁਣ, ਬੈਠੋ, ਬੈਠੋ। ਨਾਗਰਾ ਜੀ, ਬੈਠੋ। ਨਾਗਰਾ ਜੀ, ਬੈਠ ਜਾਓ। ਪਲੀਜ਼ ਬੈਠ ਜਾਓ। (ਵਿਘਨ...ਸ਼ੋਰ)

------------

## THE PUNJAB FISCAL RESPONSIBILITY AND BUDGET MANAGEMENT (AMENDMENT) BILL, 2020

***(Resumption)***

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਸੋਧ) ਬਿਲ, 2020 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

---

**Expunged as ordered by the Hon'ble Speaker.

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 2**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ ) :** ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਸੋਧ) ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਸੋਧ) ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਸੋਧ) ਬਿਲ, 2020 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

------------

## 5. THE PUNJAB SLUM DWELLERS (PROPRIETARY RIGHTS) BILL, 2020

**ਮਾਨਯੋਗ ਸਪੀਕਰ :** ਸ਼੍ਰੀ ਬ੍ਰਹਮ ਮਹਿੰਦਰਾ, ਸਥਾਨਕ ਸਰਕਾਰ ਮੰਤਰੀ ਬਿਲ ਪੇਸ਼ ਕਰਨ।

**ਸਥਾਨਕ ਸਰਕਾਰ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸ਼੍ਰੀਮਾਨ ਜੀ, ਮੈਂ ਦਿ ਪੰਜਾਬ ਸਲੱਮ ਡਵੈਲਰਜ਼ (ਪ੍ਰੋਪਰਾਇਟਰੀ ਰਾਈਟਸ) ਬਿਲ, 2020 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਦਿ ਪੰਜਾਬ ਸਲੱਮ ਡਵੈਲਰਜ਼ (ਪ੍ਰੋਪਰਾਇਟਰੀ ਰਾਈਟਸ) ਬਿਲ, 2020 ਉਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਦਿ ਪੰਜਾਬ ਸਲੱਮ ਡਵੈਲਰਜ਼ (ਪ੍ਰੋਪਰਾਇਟਰੀ ਰਾਈਟਸ) ਬਿਲ, 2020 ਉਤੇ ਤੁਰੰਤ ਵਿਚਾਰ ਕੀਤਾ ਜਾਵੇ।

ਹਾਂ ਜੀ, ਨਾਗਰਾ ਜੀ, ਤੁਸੀਂ ਬੋਲੋ।

**ਸਲਾਹਕਾਰ/ਮੁੱਖ ਮੰਤਰੀ (ਸਰਦਾਰ ਕੁਲਜੀਤ ਸਿੰਘ ਨਾਗਰਾ) :** ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਹੈ, ਮੈਂ ਪਹਿਲਾਂ ਵੀ ਤੁਹਾਨੂੰ ਬੇਨਤੀ ਕੀਤੀ ਸੀ, ਗੱਲ ਇਹ ਸੀ ਕਿ ਪੰਜਾਬ ਦੇ ਮਸਲੇ ਤੇ ਹਿੱਤ ਦੀ ਗੱਲ ਕਰਨੀ ਸੀ। ਇਹ ਬਹੁਤ ਵਧੀਆ ਬਿਲ ਹੈ । ਜਿਹੜੇ ਸਾਡੇ ਸਲੱਮਜ਼ ਵਿੱਚ ਬੈਠੇ ਲੋਕ ਹਨ, ਜਿਹੜੇ ਬੜੇ ਲੰਮੇ ਸਮੇਂ ਤੋਂ ਇਸ ਗੱਲ ਦੀ ਸਰਕਾਰ ਤੋਂ ਆਸ ਕਰਦੇ ਸੀ ਕਿ ਸਰਕਾਰ ਇੱਕ ਚੰਗਾ ਕਦਮ ਚੁੱਕੇ ਤੇ

ਜਿਹੜੀ ਜਿਹੜੀ ਥਾਂ ਉਤੇ ਉਹ ਬੈਠੇ ਹਨ, ਉਹ ਲੈਂਡਲੈਸ ਲੋਕ, ਉਹ ਛੱਤ ਤੋਂ ਰਹਿਤ ਲੋਕ, ਪੰਜਾਬ ਵਿੱਚ ਜਿਨ੍ਹਾਂ ਦੇ ਕੋਲ ਆਪਣੇ ਘਰ ਵਾਸਤੇ, ਝੁੱਗੀ ਵਾਸਤੇ ਜਾਂ ਆਪਣੇ ਸਿਰ ਉੱਤੇ ਛੱਤ ਵਾਸਤੇ ਕੋਈ ਜਗ੍ਹਾ ਨਹੀਂ ਸੀ। ਇਹ ਪੰਜਾਬ ਸਰਕਾਰ ਬੜਾ ਵਧੀਆ ਕਦਮ ਚੁੱਕਣ ਜਾ ਰਹੀ ਹੈ। ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਜਿਹੜੀ ਮੇਰੇ ਦਿਲ ਦੀ ਗੱਲ ਹੈ, ਉਹ ਮੈਂ ਤੁਹਾਡੀ ਮਾਰਫਤ ਸਰਕਾਰ ਤੱਕ ਪਹੁੰਚਾਉਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਸਾਡੀਆਂ ਜ਼ਿੰਮੇਵਾਰੀਆਂ ਹਨ, ਅਸੀਂ ਜਦੋਂ ਸਦਨ ਵਿਚ ਆਉਂਦੇ ਹਾਂ, ਲੋਕ ਸਾਨੂੰ ਚੁਣ ਕੇ ਭੇਜਦੇ ਹਨ ਔਰ ਲੋਕ ਸਾਡੇ ਵੱਲ ਵੇਖਦੇ ਹਨ ਕਿ ਸਾਡਾ ਕਿਰਦਾਰ ਕਿਵੇਂ ਦਾ ਹੈ ਔਰ ਅਸੀਂ ਉਸ ਤੋਂ ਬਾਅਦ ਲੋਕਾਂ ਨੂੰ ਇੱਕ ਸੁਨੇਹਾ ਦੇਣਾ ਹੁੰਦਾ ਹੈ। ਸਪੀਕਰ ਸਾਹਿਬ, ਸਾਡੇ ਸੂਬੇ ਉੱਤੇ ਜਿਹੜਾ ਇਕ ਵਿੱਤੀ ਸੰਕਟ ਹੈ, ਇਸ ਵਿੱਚ ਸਭ ਤੋਂ ਵੱਡਾ ਖਰਚਾ ਜਿਹੜਾ ਹੈ, ਸਾਡੇ ਕੋਲ ਪੰਜਾਬ ਵਿੱਚ ਜਿਹੜੀ ਸਭ ਤੋਂ ਵੱਡੀ ਸਬਸਿਡੀ ਹੈ, ਉਹ ਬਿਜਲੀ ਦੇ ਉੱਤੇ ਦਿੱਤੀ ਜਾਂਦੀ ਹੈ। ਸਪੀਕਰ ਸਾਹਿਬ, ਮੈਂ ਤੁਹਾਡਾ ਇੱਕ ਮਿੰਟ ਲੈਣਾ ਹੈ ਜੀ। ਉਹ ਜਿਹੜੀ ਸਬਸਿਡੀ ਬਿਜਲੀ ਦੇ ਉੱਤੇ ਦਿੱਤੀ ਜਾਂਦੀ ਹੈ। ਮੈਂ ਇਹ ਮਹਿਸੂਸ ਕਰਦਾ ਹਾਂ ਕਿ ਸਬਸਿਡੀ ਹਮੇਸ਼ਾ ਲੋੜਵੰਦ ਵਿਅਕਤੀ ਨੂੰ ਦਿੱਤੀ ਜਾਣੀ ਚਾਹੀਦੀ ਹੈ। ਅੱਜ ਪੰਜਾਬ ਦੇ ਵਿੱਚ, ਪੰਜਾਬ ਦੇ ਵਾਸਤੇ, ਪੰਜਾਬ ਦੇ ਹਿੱਤ ਦੇ ਵਾਸਤੇ, ਹਰ ਕੋਈ ਵਿਅਕਤੀ, ਚਾਹੇ ਪੰਜਾਬ ਵਿੱਚ, ਚਾਹੇ ਦੂਸਰੇ ਦੇਸ਼ਾਂ ਵਿੱਚ ਬੈਠਾ ਹੈ, ਹਰ ਵਿਅਕਤੀ ਚਿੰਤਤ ਹੈ ਔਰ ਗੱਲ ਵੀ ਕਰਦਾ ਹੈ ਕਿ ਪੰਜਾਬ ਨੂੰ ਇਸ ਵਿੱਤੀ ਸੰਕਟ ਵਿਚੋਂ ਕੱਢਣਾ ਚਾਹੀਦਾ ਹੈ। ਸਪੀਕਰ ਸਾਹਿਬ, ਉਸ ਦੇ ਵਾਸਤੇ ਪਹਿਲ ਕੌਣ ਕਰੇਗਾ? ਸਪੀਕਰ ਸਾਹਿਬ, ਪਹਿਲ ਉਹ ਲੋਕ ਕਰਨਗੇ ਜਿਹੜੇ ਲੋਕ ਪੰਜਾਬ ਦੀ ਪ੍ਰਤੀਨਿਧਤਾ ਕਰਦੇ ਹਨ, ਉਹ ਚਾਹੇ ਭਾਵੇਂ ਇਧਰ ਬੈਠੇ ਹਨ, ਭਾਵੇਂ ਉਧਰ ਬੈਠੇ ਹਨ। ਸੋ, ਸਪੀਕਰ ਸਾਹਿਬ, ਸਾਨੂੰ ਖੁੱਲ੍ਹੇ ਦਿਲ ਦੇ ਨਾਲ ਇੱਥੇ ਇਕ ਵਿਚਾਰ ਕਰਕੇ ਫੈਸਲਾ ਲੈਣਾ ਪਵੇਗਾ ਕਿ ਇਕੱਲਾ ਗੱਲਾਂ ਨਾਲ ਹੀ ਪੰਜਾਬ ਨੂੰ ਬਚਾਉਣਾ ਹੈ ਜਾਂ ਪੰਜਾਬ ਦੇ ਇੰਟਰਸਟ ਵਾਸਤੇ ਆਪਣੇ ਵੀ ਕੁਝ ਇੰਟਰਸਟ ਤਿਆਗ ਕਰਨੇ ਹਨ, ਆਪਣਾ ਵੀ ਕੁਝ ਤਿਆਗ ਕਰਨਾ ਹੈ। ਸਪੀਕਰ ਸਾਹਿਬ, ਮੇਰੀ ਇੱਕ ਬੇਨਤੀ ਹੈ, ਸਦਨ ਦੇ ਵਿੱਚ ਵਿੱਤ ਮੰਤਰੀ ਸਾਹਿਬ ਬੈਠੇ ਹਨ। ਮੇਰੀ ਇੱਕ ਬੇਨਤੀ ਹੈ ਕਿ ਸਬਸਿਡੀ ਉਸ ਨੂੰ ਦਿੱਤੀ ਜਾਵੇ ਜਿਹੜਾ ਸਬਸਿਡੀ ਦੇ ਵਾਸਤੇ ਵਾਕਿਆ ਹੀ ਲੋੜਵੰਦ ਹੈ, ਜਿਹੜਾ ਕੋਈ ਵੀ ਵਿਅਕਤੀ ਪੰਜਾਬ ਵਿਚ ਇਨਕਮ ਟੈਕਸ ਪੇਅ ਕਰਦਾ ਹੈ, ਉਸ ਨੂੰ ਕਿਸੇ ਤਰ੍ਹਾਂ ਦੀ ਕੋਈ ਸਬਸਿਡੀ ਨਾ ਦਿੱਤੀ ਜਾਵੇ। ਅਸੀਂ ਇਸ ਸਦਨ ਦੇ ਵਿੱਚ ਬੈਠੇ ਹਾਂ, ਮੈਂ ਇਨਕਮ ਟੈਕਸ ਪੇਅ ਕਰਦਾ ਹਾਂ, ਜੇ ਕੋਈ ਸਬਸਿਡੀ ਮੈਨੂੰ ਮਿਲਦੀ ਹੈ ਤਾਂ ਮੈਂ ਉਹ ਸਾਰੀਆਂ ਸਬਸਿਡੀਆਂ ਛੱਡਣ ਨੂੰ ਤਿਆਰ ਹਾਂ, ਉਹ ਭਾਵੇਂ ਬਿਜਲੀ ਦੀ ਹੈ, ਉਹ ਭਾਵੇਂ ਕਿਸੇ ਹੋਰ ਗੱਲ ਦੀ ਹੈ, ਪੰਜਾਬ ਨੂੰ ਬਚਾਉਣ ਵਾਸਤੇ ਮੈਂ ਚਾਹਾਂਗਾ ਕਿ ਦੋਵੇਂ ਧਿਰਾਂ ਇਸ ਗੱਲ ਵਾਸਤੇ ਆਪਣੀ ਹਾਮੀ ਭਰਨ।

**ਮਾਨਯੋਗ ਸਪੀਕਰ :** ਬੜੀ ਲੰਮੀ ਬਹਿਸ ਹਾਊਸ ਵਿੱਚ ਹੋ ਗਈ ਹੈ, ਬੜੀ ਲੰਮੀ ਬਹਿਸ ਬਜਟ ਉੱਤੇ ਹੋ ਗਈ, ਗਵਰਨਰ ਐਡਰੈਸ ਉੱਤੇ ਹੋ ਗਈ, ਇਹ ਇਸ਼ੂ ਅੱਜ ਨਹੀਂ। ਜੇ ਬੋਲਣਾ ਹੈ ਤਾਂ ਬਿਲ ਉੱਤੇ ਬੋਲੋ। ਜੇ ਬੋਲਣਾ ਹੈ ਤਾਂ ਬਿਲ ਉੱਤੇ ਬੋਲ ਸਕਦੇ ਹੋ।

**ਸਲਾਹਕਾਰ/ਮੁੱਖ ਮੰਤਰੀ :** ਮੈਂ ਬਿਲ ਉਤੇ ਹੀ ਬੋਲਣ ਲੱਗਿਆ ਹਾਂ।

**ਮਾਨਯੋਗ ਸਪੀਕਰ :** ਤੁਸੀਂ ਬਿਲ ਉੱਤੇ ਨਹੀਂ ਬੋਲ ਰਹੇ ।

**ਸਲਾਹਕਾਰ/ਮੁੱਖ ਮੰਤਰੀ :** ਸਪੀਕਰ ਸਾਹਿਬ, ਮੇਰੀ ਗੱਲ ਸੁਣ ਲਵੋ। ਇੱਕ ਮਿੰਟ ਜੀ। ਅਸੀਂ ਗੱਲਾਂ ਬਹੁਤ ਕਰਦੇ ਹਾਂ ਪਰ ਜਦੋਂ ਗੱਲ ਕੁਝ ਕਰਨ ਦੀ ਆਉਂਦੀ ਹੈ ਤਾਂ ਉਥੇ ਫਿਰ ਕਿਤੇ ਨਾ ਕਿਤੇ ਛੋਟੇ-ਛੋਟੇ ਇੰਟਰਸਟ ਕਾਰਨ ਅਸੀਂ ਉਸ ਉੱਤੇ ਪੂਰੇ ਨਹੀਂ ਉੱਤਰਦੇ। ਅੱਜ ਸਾਨੂੰ ਫੈਸਲਾ ਕਰਨਾ ਪਵੇਗਾ ਕਿ ਪੰਜਾਬ ਨੂੰ ਬਚਾਉਣਾ ਹੈ ਜਾਂ ਸਿਰਫ ਪੰਜਾਬ ਵਾਸਤੇ ਫੋਕੀਆਂ ਗੱਲਾਂ ਕਰਨੀਆਂ ਹਨ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਦਿ ਪੰਜਾਬ ਸਲੱਮ ਡਵੈਲਰਜ਼ (ਪ੍ਰੋਪਰਾਇਟਰੀ ਰਾਈਟਸ) ਬਿਲ, 2020 ਉੱਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2 ਤੇ 3)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ-ਕਲਾਜ਼ (2 ਤੇ 3) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 17**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 17 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 2 ਤੋਂ 17 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਸਥਾਨਕ ਸਰਕਾਰ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਦਿ ਪੰਜਾਬ ਸਲੱਮ ਡਵੈਲਰਜ਼ (ਪ੍ਰੋਪਰਾਇਟਰੀ ਰਾਈਟਸ) ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਦਿ ਪੰਜਾਬ ਸਲੱਮ ਡਵੈਲਰਜ਼ (ਪ੍ਰੋਪਰਾਇਟਰੀ ਰਾਈਟਸ) ਬਿਲ, 2020 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਦਿ ਪੰਜਾਬ ਸਲੱਮ ਡਵੈਲਰਜ਼ (ਪ੍ਰੋਪਰਾਇਟਰੀ ਰਾਈਟਸ) ਬਿਲ, 2020 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

----------

**ਮਾਨਯੋਗ ਸਪੀਕਰ :** ਹੁਣ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੁੰਦਾ ਹੈ।

*1.11 ਵਜੇ ਬਾਅਦ ਦੁਪਹਿਰ) (*ਇਸ ਉਪਰੰਤ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੋ ਗਿਆ।

-----------

© 2020

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਟਾਈਪਸੈਟ ਕਰਵਾ ਕੇ ਛਾਪੀ ਗਈ।

10290/3–2020/230 ਕਾਪੀਆਂ/ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ ਨਗਰ